Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ.ਐੱਸ.ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA

REALTY ONE GROUP
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।

Gurjatinder S. Randhawa
REALTOR CA DRE licence # 01490567
916-320-9444

Vol. 17, Issue- 769, 28 Sep. to 04 Oct., 2023, Ph: 916-320-9444, E-mail: punjabmailusa@yahoo.com, Web: punjabmailusa.com

## ਕੈਨੇਡਾ-ਭਾਰਤ ਵਿਵਾਦ: ਅਮਰੀਕਾ ਅਤੇ ਆਸਟ੍ਰੇਲੀਆ ਵੱਲੋਂ ਆਪਣੇ ਨਾਗਰਿਕਾਂ ਲਈ ਪੰਜਾਬੀ 'ਚ ਦਿਸ਼ਾ-ਨਿਰਦੇਸ਼ ਜਾਰੀ



■ ਭਾਈਚਾਰੇ 'ਚ ਵਿਦੇਸ਼ੀ ਦਖਲਅੰਦਾਜ਼ੀ ਨੂੰ ਲੈ ਕੇ ਵਿਸ਼ੇਸ਼ ਤੌਰ 'ਤੇ ਪੰਜਾਬੀ 'ਚ ਜਾਰੀ ਕੀਤੀਆਂ ਹਦਾਇਤਾਂ



ਵਾਸ਼ਿੰਗਟਨ, (ਪੰਜਾਬ ਮੇਲ)- ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਹਰਦੀਪ ਸਿੰਘ ਨਿੱਝਰ ਦੇ ਕਤਲ ਪਿੱਛੇ ਭਾਰਤੀ ਏਜੰਸੀਆਂ ਦਾ ਹੱਥ ਹੋਣ ਦਾ ਖ਼ਦਸ਼ਾ ਜ਼ਾਹਿਰ ਕੀਤੇ ਜਾਣ ਮਗਰੋਂ ਨਾ ਸਿਰਫ਼ ਭਾਰਤ ਅਤੇ ਕੈਨੇਡਾ ਦੇ ਰਿਸ਼ਤਿਆਂ 'ਤੇ ਡੂੰਘਾ ਪ੍ਰਭਾਅ ਪਿਆ ਹੈ, ਸਗੋਂ ਇਸ ਦਾ ਕੌਮਾਂਤਰੀ ਪੱਧਰ 'ਤੇ ਅਸਰ ਵੇਖਣ ਨੂੰ ਮਿਲ ਰਿਹਾ ਹੈ। ਇਸ ਵਿਚਾਲੇ ਹੁਣ ਆਸਟ੍ਰੇਲੀਆ ਤੇ ਅਮਰੀਕਾ ਨੇ ਭਾਈਚਾਰੇ ਵਿਚ ਵਿਦੇਸ਼ੀ ਦਖ਼ਲਅੰਦਾਜ਼ੀ ਨੂੰ ਲੈ ਕੇ ਵਿਸ਼ੇਸ਼ ਤੌਰ 'ਤੇ ਪੰਜਾਬੀ ਵਿਚ ਹਦਾਇਤਾਂ ਜਾਰੀ ਕੀਤੀਆਂ ਹਨ। ਆਸਟ੍ਰੇਲੀਅਨ ਫ਼ੈਡਰਲ ਪੁਲਿਸ ਅਤੇ ਯੂ.ਐੱਸ. ਡਿਪਾਰਟਮੈਂਟ ਆਫ਼ ਜਸਟਿਸ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਵੱਲੋਂ ਆਪਣੇ ਦੇਸ਼ ਵਿਚ ਰਹਿ ਰਹੇ ਨਾਗਰਿਕਾਂ ਲਈ ਪੰਜਾਬੀ ਵਿਚ ਵਿਸਥਾਰਤ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ।

ਯੂ.ਐੱਸ. ਡਿਪਾਰਟਮੈਂਟ ਆਫ਼ ਜਸਟਿਸ ਐੱਫ.ਬੀ.ਆਈ. ਨੇ ਆਪਣੇ ਦੇਸ਼ ਵਿਚ ਰਹਿੰਦੇ ਲੋਕਾਂ ਲਈ ਪੰਜਾਬੀ 'ਚ ਧਮਕੀ ਅਤੇ ਡਰਾਉਣ 'ਤੇ ਪ੍ਰਤੀਕਿਰਿਆ ਗਾਈਡ ਜਾਰੀ ਕੀਤੀ ਹੈ। ਇਸ ਵਿਚ ਦੱਸਿਆ ਗਿਆ ਹੈ ਕਿ ਜੇਕਰ ਤੁਹਾਨੂੰ ਧਮਕੀਆਂ ਜਾ ਡਰਾਵੇ ਮਿਲਦੇ ਹਨ, ਤਾਂ ਤੁਸੀਂ ਇਸ 'ਤੇ ਕਿਵੇਂ ਸ਼ਿਕਾਇਤ ਕਰਨੀ ਹੈ। ਇਸ ਵਿਚ ਵਿਅਕਤੀਗਤ ਧਮਕੀ, ਫ਼ੋਨ 'ਤੇ ਧਮਕੀ, ਇਲੈਕਟ੍ਰਾਨਿਕ ਮੈਸੇਜ ਰਾਹੀਂ ਧਮਕੀ ਦੇ ਨਾਲ-ਨਾਲ ਸਾਈਬਰ ਹਮਲੇ ਤੱਕ ਨੂੰ ਲੈ ਕੇ ਵਿਸਥਾਰਤ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ। ਲੋਕਾਂ ਨੂੰ ਕਿਹਾ ਗਿਆ ਹੈ ਕਿ ਉਹ ਅਜਿਹਾ ਖ਼ਤਰਾ ਮਹਿਸੂਸ ਕਰਨ 'ਤੇ ਸਿੱਧਾ ਐੱਫ.ਬੀ.ਆਈ. ਨਾਲ ਸੰਪਰਕ ਕਰਨ। ਇਸੇ ਤਰ੍ਹਾਂ ਆਸਟ੍ਰੇਲੀਅਨ ਫੈਡਰਲ ਪੁਲਿਸ (ਏ.ਐੱਫ.ਪੀ.) ਨੇ ਵੀ ਪੰਜਾਬੀ 'ਚ ਪੱਤਰ ਜਾਰੀ ਕਰ ਆਪਣੇ ਨਾਗਰਿਕਾਂ ਨੂੰ ਦੱਸਿਆ ਹੈ ਕਿ ਵਿਦੇਸ਼ੀ ਸਰਕਾਰਾਂ ਤੋਂ ਖ਼ਤਰੇ ਤੇ ਡਰ ਦੀ ਰਿਪੋਰਟ ਕਿਵੇਂ ਕਰਨੀ ਹੈ। ਏ.ਐੱਫ.ਪੀ. ਨੇ ਕਿਹਾ ਹੈ ਕਿ ਵਿਦੇਸ਼ੀ ਦਖ਼ਲ ਆਸਟ੍ਰੇਲੀਆ ਦੇ ਲੋਕਾਂ, ਸੁਤੰਤਰਤਾ ਤੇ ਸੁਰੱਖਿਆ ਅਤੇ ਰਾਸ਼ਟਰੀ ਸੰਸਥਾਵਾਂ ਦੀ ਅਖੰਡਤਾ ਲਈ ਗੰਭੀਰ ਖ਼ਤਰੇ ਨੂੰ ਦਰਸਾਉਂਦੀ ਹੈ। ਵਿਦੇਸ਼ ਦਖ਼ਲ ਦੇ ਖ਼ਤਰੇ ਆਸਟ੍ਰੇਲੀਆਈ ਭਾਈਚਾਰੇ ਦੇ ਕਿਸੇ ਇਕ ਖੇਤਰ ਤੱਕ ਸੀਮਤ ਨਹੀਂ ਹਨ ਤੇ ਨਾ ਹੀ ਕਿਸੇ ਇਕ ਰਾਸ਼ਟਰ-ਰਾਜ ਦੁਆਰਾ ਕੀਤਾ ਜਾਂਦਾ ਹੈ। ਇਸ ਪੱਤਰ ਵਿਚ ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵਿਭਿੰਨ ਭਾਈਚਾਰੇ ਦੇ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਭਾਈਚਾਰੇ 'ਚ ਵਿਦੇਸ਼ੀ ਦਖ਼ਲ ਦੀਆਂ ਘਟਨਵਾਆਂ ਦੀ ਰਿਪੋਰਟ ਨੈਸ਼ਨਲ ਸਿਕਿਓਰਿਟੀ ਹੌਟਲਾਈਨ ਨੂੰ ਕੀਤੀ ਜਾ ਸਕਦੀ ਹੈ।

## ਪੰਜਾਬ ਸਰਕਾਰ ਵੱਲੋਂ ਐੱਨ.ਆਰ.ਆਈ. ਸਭਾ ਦੀ ਚੋਣ ਕਰਾਉਣ ਦੀ ਪ੍ਰਵਾਨਗੀ

■ 5 ਜਨਵਰੀ, 2024 ਨੂੰ ਹੋਵੇਗੀ ਚੋਣ

■ ਐੱਨ.ਆਰ.ਆਈ. ਸਭਾ ਦੇ ਪ੍ਰਧਾਨ ਦਾ ਕਾਰਜਕਾਲ ਮਾਰਚ, 2022 ਨੂੰ ਹੋ ਚੁੱਕੈ ਸਮਾਪਤ

ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਸਰਕਾਰ ਨੇ ਐੱਨ.ਆਰ.ਆਈ. ਸਭਾ ਪੰਜਾਬ ਦੇ ਪ੍ਰਧਾਨ ਦੀ ਚੋਣ ਕਰਾਉਣ ਲਈ ਪ੍ਰਵਾਨਗੀ ਦੇ ਦਿੱਤੀ ਹੈ। ਇਹ ਚੋਣ 05 ਜਨਵਰੀ, 2024 ਨੂੰ ਕਰਵਾਈ ਜਾਵੇਗੀ।

ਪੰਜਾਬ ਦੇ ਐੱਨ.ਆਰ.ਆਈ. ਮਾਮਲਿਆਂ ਬਾਰੇ ਮੰਤਰੀ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਐੱਨ.ਆਰ.ਆਈ. ਸਭਾ ਪੰਜਾਬ ਦੇ ਪ੍ਰਧਾਨ ਦੀ ਚੋਣ ਲਈ 05 ਜਨਵਰੀ, 2024 ਦਾ ਦਿਨ ਨਿਰਧਾਰਿਤ ਕੀਤਾ ਗਿਆ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਪੰਜਾਬ ਦੀ ਐੱਨ.ਆਰ.ਆਈ. ਸਭਾ ਸੂਬੇ ਦੇ ਪ੍ਰਵਾਸੀ ਭਾਰਤੀਆਂ ਦੀ ਭਲਾਈ ਲਈ ਸੂਬਾ ਸਰਕਾਰ ਦੀ ਇੱਕ ਏਜੰਸੀ ਵਜੋਂ ਕੰਮ ਕਰਦੀ ਹੈ। ਉਨ੍ਹਾਂ ਦੱਸਿਆ ਕਿ ਇਸ ਸਭਾ ਦੇ ਪ੍ਰਧਾਨ ਦਾ ਕਾਰਜਕਾਲ ਮਾਰਚ, 2022 ਨੂੰ ਸਮਾਪਤ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਜ਼ਿਆਦਾਤਰ ਪ੍ਰਵਾਸੀ ਪੰਜਾਬੀ ਆਮ ਤੌਰ 'ਤੇ ਦਸੰਬਰ ਮਹੀਨੇ ਭਾਰਤ ਆਉਂਦੇ ਹਨ ਅਤੇ ਉਹ ਮਾਰਚ ਤੱਕ ਇੱਥੇ ਰਹਿੰਦੇ ਹਨ।

■ ਬਾਕੀ ਖਬਰ ਸਫਾ 15 'ਤੇ

## ਅਦਾਲਤ ਵੱਲੋਂ ਪ੍ਰੋ. ਦਵਿੰਦਰ ਪਾਲ ਸਿੰਘ ਭੁੱਲਰ ਨੂੰ 8 ਹਫ਼ਤਿਆਂ ਦੀ ਪੈਰੋਲ



ਅੰਮ੍ਰਿਤਸਰ, (ਪੰਜਾਬ ਮੇਲ)- 1993 ਦਿੱਲੀ ਬੰਬ ਧਮਾਕਾ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਅਦਾਲਤ ਨੇ 8 ਹਫ਼ਤਿਆਂ ਦੀ ਪੈਰੋਲ ਦਿੱਤੀ ਹੈ। ਉਹ ਹੁਣ 17 ਨਵੰਬਰ ਤੱਕ ਬਾਹਰ ਰਹਿਣਗੇ। ਮਾਨਸਿਕ ਹਾਲਤ ਠੀਕ ਨਾ ਹੋਣ ਦੇ ਕਾਰਨ ਉਨ੍ਹਾਂ ਨੂੰ ਕਰੜੀ ਸੁਰੱਖਿਆ ਵਿਚਾਲੇ ਅੰਮ੍ਰਿਤਸਰ ਦੇ ਸੁਆਮੀ ਵਿਵੇਕਾਨੰਦ ਨਸ਼ਾ ਮੁਕਤੀ ਕੇਂਦਰ ਵਿਚ ਰੱਖਿਆ ਹੋਇਆ ਸੀ। ਉੱਥੇ ਹੀ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ।

ਜ਼ਿਕਰਯੋਗ ਹੈ ਕਿ ਬੀਤੇ ਦਿਨੀਂ 27 ਸਾਲ ਬਾਅਦ ਇੱਕ ਹੋਰ ਬੰਦੀ ਸਿੰਘ ਸ਼ਮਸ਼ੇਰ ਸਿੰਘ ਨੂੰ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਤੋਂ ਜ਼ਮਾਨਤ 'ਤੇ ਰਿਹਾਅ ਕੀਤਾ ਗਿਆ ਹੈ।

ਦੱਸ ਦਈਏ ਕਿ ਪ੍ਰੋ. ਦਵਿੰਦਰ ਭੁੱਲਰ ਪਿੰਡ ਦਿਆਲਪੁਰ ਭਾਈਕੇ ਦੇ ਰਹਿਣ ਵਾਲੇ ਹਨ। ਇਸ ਵਕਤ ਉਹ ਅੰਮ੍ਰਿਤਸਰ ਦੇ ਸੀ-ਬਲਾਕ, ਰਣਜੀਤ ਐਵਿਨਿਊ ਵਿਚ ਰਹਿੰਦੇ ਹਨ। ਪੈਰੋਲ ਦੌਰਾਨ ਪ੍ਰੋ. ਭੁੱਲਰ ਉੱਥੇ ਹੀ ਰਹਿਣਗੇ। ਪ੍ਰੋ. ਦਵਿੰਦਰ ਪਾਲ ਸਿੰਘ ਭੁੱਲਰ ਨੂੰ ਦਿੱਲੀ ਧਮਾਕੇ ਦੇ ਮਾਮਲੇ ਵਿਚ ਪਹਿਲਾਂ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ ਪਰ ਬਾਅਦ ਵਿਚੋਂ ਸੁਪਰੀਮ ਕੋਰਟ ਨੇ ਉਨ੍ਹਾਂ ਦੀ ਸਜ਼ਾ ਉਮਰ ਕੈਦ ਵਿਚ ਬਦਲ ਦਿੱਤੀ। 11 ਸਤੰਬਰ, 1993 ਨੂੰ ਦਿੱਲੀ ਦੇ ਰਾਇਸੀਨਾ ਰੋਡ ਸਥਿਤ ਕਾਂਗਰਸ ਹੈੱਡ ਕੁਆਟਰ ਦੇ ਕੋਲ ਹੋਏ ਬੰਬ ਧਮਾਕੇ ਵਿਚ 9 ਲੋਕਾਂ ਦੀ ਮੌਤ ਹੋ ਗਈ ਸੀ, ਜਦਕਿ 30 ਲੋਕ ਜ਼ਖ਼ਮੀ ਹੋਏ ਸਨ।

ਧਮਾਕੇ ਵਿਚ ਯੂਥ ਕਾਂਗਰਸ ਦੇ ਤਤਕਾਲੀ ਪ੍ਰਧਾਨ ਮਨਿੰਦਰਜੀਤ ਸਿੰਘ ਬਿੱਟਾ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਦੱਸ ਦਈਏ ਕਿ ਪ੍ਰੋ. ਦਵਿੰਦਰ ਪਾਲ ਸਿੰਘ ਭੁੱਲਰ ਨੇ ਲੁਧਿਆਣਾ ਦੇ ਸ੍ਰੀ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਤੋਂ ਡਿਗਰੀ ਹਾਸਲ ਕੀਤੀ ਹੈ।

## ਅਮਰੀਕਾ-ਮੈਕਸੀਕੋ ਸਰਹੱਦ ਰਾਹੀਂ ਅਮਰੀਕਾ ਦਾਖਲ ਹੋਣ ਵਾਲੇ ਪ੍ਰਵਾਸੀਆਂ ਦੀ ਗਿਣਤੀ 'ਚ ਤੇਜ਼ੀ ਨਾਲ ਹੋਇਆ ਵਾਧਾ



ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਸੂਬੇ ਟੈਕਸਾਸ ਦੇ ਸਰਹੱਦੀ ਸ਼ਹਿਰ ਈਗਲ ਪਾਸ ਵਿਚ ਘੱਟੋ-ਘੱਟ 4,000 ਪ੍ਰਵਾਸੀ ਦਾਖਲ ਹੋ ਗਏ, ਜਿਸ ਮਗਰੋਂ ਗਵਰਨਰ ਗ੍ਰੇਗ ਐਬੋਟ ਨੂੰ ਅਮਰੀਕਾ-ਮੈਕਸੀਕੋ ਸਰਹੱਦ 'ਤੇ 'ਹਮਲੇ' ਦੀ ਸਥਿਤੀ ਦਾ ਐਲਾਨ ਕਰਨਾ ਪਿਆ। ਸਰਹੱਦ ਵਿਚ ਦਾਖਲ ਹੁੰਦੇ ਇਨ੍ਹਾਂ ਪ੍ਰਵਾਸੀਆਂ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ। ਸਮਾਚਾਰ ਏਜੰਸੀ ਸ਼ਿਨਹੂਆ ਦੀ ਰਿਪੋਰਟ ਮੁਤਾਬਕ ਰਿਪਬਲਿਕਨ ਗਵਰਨਰ ਨੇ ਐਕਸ 'ਤੇ ਕਿਹਾ ਕਿ "ਮੈਂ ਅਧਿਕਾਰਤ ਤੌਰ 'ਤੇ ਬਾਇਡਨ ਦੀਆਂ ਨੀਤੀਆਂ ਕਾਰਨ ਸਾਡੀ ਸਰਹੱਦ 'ਤੇ ਹਮਲੇ ਦਾ ਐਲਾਨ ਕੀਤਾ ਹੈ"। ਉਸਨੇ ਵਾਰ-ਵਾਰ ਵ੍ਹਾਈਟ ਹਾਊਸ ਦੀ ਸਰਹੱਦ ਨੀਤੀ ਨੂੰ "ਅਸਫਲ" ਕਰਾਰ ਦਿੰਦੇ ਹੋਏ ਕਿਹਾ ਕਿ "ਅਸੀਂ ਇੱਕ ਸਰਹੱਦੀ ਕੰਧ, ਰੇਜ਼ਰ ਤਾਰ ਅਤੇ ਸਮੁੰਦਰੀ ਰੁਕਾਵਟਾਂ ਬਣਾ ਰਹੇ ਹਾਂ। ਅਸੀਂ ਪ੍ਰਵਾਸੀਆਂ ਨੂੰ ਵੀ ਭਜਾ ਰਹੇ ਹਾਂ"। ਇੱਕ ਰਿਪੋਰਟ ਅਨੁਸਾਰ ਦੱਖਣੀ ਸਰਹੱਦ ਤੋਂ ਅਮਰੀਕਾ ਵਿਚ ਦਾਖਲ ਹੋਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ ਅਤੇ ਸਰਹੱਦੀ ਅਧਿਕਾਰੀਆਂ ਨੇ ਪਿਛਲੇ

■ ਬਾਕੀ ਖਬਰ ਸਫਾ 15 'ਤੇ

## ਐੱਨ.ਆਈ.ਏ. ਵੱਲੋਂ ਪੰਜਾਬ ਭਰ 'ਚ ਵੱਡੇ ਪੱਧਰ 'ਤੇ ਛਾਪੇਮਾਰੀ



ਚੰਡੀਗੜ੍ਹ, (ਪੰਜਾਬ ਮੇਲ)- ਨੈਸ਼ਨਲ ਜਾਂਚ ਏਜੰਸੀ (ਐੱਨ.ਆਈ.ਏ.) ਦੀ ਟੀਮ ਨੇ ਬੁੱਧਵਾਰ ਸਵੇਰੇ 5 ਵਜੇ ਪੰਜਾਬ ਵਿਚ 30 ਥਾਵਾਂ 'ਤੇ ਰੇਡ ਕੀਤੀ। ਐੱਨ.ਆਈ.ਏ. ਦੀਆਂ ਟੀਮਾਂ ਬਠਿੰਡਾ, ਲੁਧਿਆਣਾ, ਫਿਰੋਜ਼ਪੁਰ, ਪਟਿਆਲਾ, ਮੋਗਾ, ਫਰੀਦਕੋਟ, ਬਰਨਾਲਾ, ਮਾਨਸਾ ਤੋਂ ਇਲਾਵਾ ਪੰਜਾਬ ਵਿਚ ਹੋਰ ਕਈਆਂ ਥਾਵਾਂ 'ਤੇ ਜਾਂਚ ਕਰ ਰਹੀਆਂ ਹਨ। ਇਸ ਰੇਡ ਨੂੰ ਖਾਲਿਸਤਾਨੀਆਂ ਅਤੇ ਗੈਂਗਸਟਰਾਂ ਦੇ ਗੱਠਜੋੜ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਹਾਲਾਂਕਿ ਐੱਨ.ਆਈ.ਏ. ਵਲੋਂ ਅਜੇ ਤੱਕ ਇਸ ਨੂੰ ਲੈ ਕੇ ਕੋਈ ਜਾਣਕਾਰੀ ਨਹੀਂ ਦਿੱਤੀ ਹੈ। ਫਿਰੋਜ਼ਪੁਰ 'ਚ ਖਾਲਿਸਤਾਨੀ ਅੱਤਵਾਦੀ ਅਰਸ਼ ਡਾਲਾ ਦੇ ਸਾਥੀ ਜੋਰਾ ਸਿੰਘ ਨੂੰ ਫੜਿਆ ਗਿਆ ਹੈ। ਉਹ ਕਈ ਸਾਲਾਂ ਤੋਂ ਡਾਲਾ ਨਾਲ ਸੰਪਰਕ ਵਿਚ ਸੀ। ਐੱਨ.ਆਈ.ਏ. ਨੂੰ ਮੱਛੀ ਮੰਡੀ ਸਥਿਤ ਘਰ ਵਿਚ ਸਰਚ ਦੌਰਾਨ ਉਸ ਨੂੰ ਗ੍ਰਿਫ਼ਤਾਰ ਕੀਤਾ ਹੈ। ਉਸ ਦੇ ਮੋਬਾਇਲ ਵਿਚ ਅਰਸ਼ ਡਾਲਾ ਨਾਲ ਚੈਟ ਮਿਲੀ ਹੈ।

ਮੋਗਾ ਦੇ ਪਿੰਡ ਤਖਤੂਪੁਰਾ 'ਚ ਇੱਕ ਸ਼ਰਾਬ ਠੇਕੇਦਾਰ ਦੇ ਘਰ ਐੱਨ.ਆਈ.ਏ. ਵੱਲੋਂ ਤੜਕਸਾਰ ਛਾਪੇਮਾਰੀ ਕੀਤੀ ਗਈ। ਸੂਤਰਾਂ ਦੀ ਮੰਨੀਏ ਤਾਂ ਗੈਂਗਸਟਰ ਅਰਸ਼ ਡਾਲਾ ਵੱਲੋਂ ਇਸ ਠੇਕੇਦਾਰ ਤੋਂ

■ ਬਾਕੀ ਖਬਰ ਸਫਾ 15 'ਤੇ

## ਸਾਬਕਾ ਅਮਰੀਕੀ ਰਾਸ਼ਟਰਪਤੀ ਟਰੰਪ ਅਰਬਾਂ ਡਾਲਰਾਂ ਦੀ ਧੋਖਾਧੜੀ 'ਚ ਦੋਸ਼ੀ ਕਰਾਰ



■ ਕਈ ਕਾਰੋਬਾਰਾਂ ਦੇ ਲਾਈਸੈਂਸ ਹੋਏ ਰੱਦ

ਵਾਸ਼ਿੰਗਟਨ, (ਪੰਜਾਬ ਮੇਲ)- ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਖ਼ਿਲਾਫ਼ ਧੋਖਾਧੜੀ ਦੇ ਮਾਮਲੇ ਦੀ ਅਦਾਲਤ 'ਚ ਸੁਣਵਾਈ ਹੋਈ। ਇਸ ਦੌਰਾਨ ਅਦਾਲਤ ਨੇ ਕਿਹਾ ਕਿ ਟਰੰਪ ਨੇ ਰੀਅਲ ਅਸਟੇਟ ਦਾ ਕਾਰੋਬਾਰ ਕਰਦੇ ਹੋਏ ਕਈ ਸਾਲਾਂ ਤੱਕ ਧੋਖਾਧੜੀ ਕੀਤੀ। ਜਿਸ ਕਾਰਨ ਉਹ ਕਾਫੀ ਮਸ਼ਹੂਰ ਹੋ ਗਿਆ। ਇਸ ਕਾਰਨ ਉਹ ਅਮਰੀਕਾ ਦੇ ਰਾਸ਼ਟਰਪਤੀ ਵੀ ਬਣੇ।

ਜਸਟਿਸ ਆਰਥਰ ਐਂਗੋਰੋਨ ਨੇ ਇਹ ਟਿੱਪਣੀ ਨਿਊਯਾਰਕ ਦੇ ਅਟਾਰਨੀ ਜਨਰਲ ਲੈਟੀਆ ਜੇਮਸ ਵੱਲੋਂ ਦਾਇਰ ਪਟੀਸ਼ਨ ਦੀ ਸੁਣਵਾਈ ਕਰਦਿਆਂ ਕੀਤੀ। ਅਦਾਲਤ ਨੇ ਕਿਹਾ ਕਿ ਸਬੂਤਾਂ ਦੇ ਆਧਾਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਸਾਬਕਾ ਰਾਸ਼ਟਰਪਤੀ ਟਰੰਪ ਅਤੇ ਉਨ੍ਹਾਂ ਦੀ ਕੰਪਨੀ ਨੇ ਆਪਣੀਆਂ ਜਾਇਦਾਦਾਂ ਦੀਆਂ ਕੀਮਤਾਂ ਵਿਚ ਭਾਰੀ ਵਾਧਾ ਕੀਤਾ ਅਤੇ ਸੌਦੇ ਕੀਤੇ। ਅਦਾਲਤ ਨੇ ਕਿਹਾ ਕਿ ਟਰੰਪ ਨੇ ਬੈਂਕਾਂ, ਬੀਮਾ ਕੰਪਨੀਆਂ ਅਤੇ ਹੋਰ ਲੋਕਾਂ ਨਾਲ ਧੋਖਾ ਕੀਤਾ ਹੈ। ਐਂਗੋਰੋਨ ਨੇ ਦੱਸਿਆ, "ਇੱਥੇ ਦਸਤਾਵੇਜ਼ਾਂ ਵਿਚ ਸਪੱਸ਼ਟ ਤੌਰ 'ਤੇ ਧੋਖਾਧੜੀ ਵਾਲੇ ਮੁੱਲਾਂਕਣ

■ ਬਾਕੀ ਖਬਰ ਸਫਾ 15 'ਤੇ

## ਅਮਰੀਕਾ ਨੇ ਭਾਰਤੀ ਵਿਦਿਆਰਥੀਆਂ ਨੂੰ ਰਿਕਾਰਡ ਗਿਣਤੀ 'ਚ ਜਾਰੀ ਕੀਤੇ ਵੀਜ਼ੇ




ਨਵੀਂ ਦਿੱਲੀ, (ਪੰਜਾਬ ਮੇਲ)- ਅਮਰੀਕਾ ਨੇ ਇਸ ਗਰਮੀਆਂ ਵਿਚ ਭਾਰਤੀ ਵਿਦਿਆਰਥੀਆਂ ਨੂੰ ਰਿਕਾਰਡ ਗਿਣਤੀ 'ਚ 90,000 ਤੋਂ ਵੱਧ ਵੀਜ਼ੇ ਜਾਰੀ ਕੀਤੇ ਹਨ। ਭਾਰਤ ਵਿਚ ਅਮਰੀਕੀ ਦੂਤਘਰ ਨੇ ਸੋਮਵਾਰ ਨੂੰ ਟਵਿੱਟਰ 'ਤੇ ਲਿਖਿਆ "ਭਾਰਤ ਵਿਚ ਯੂ.ਐੱਸ. ਮਿਸ਼ਨ ਨੂੰ ਇਹ ਘੋਸ਼ਣਾ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਅਸੀਂ ਇਸ ਗਰਮੀਆਂ/ਜੂਨ, ਜੁਲਾਈ ਅਤੇ ਅਗਸਤ ਵਿਚ ਇੱਕ ਰਿਕਾਰਡ ਸੰਖਿਆ 90,000 ਤੋਂ ਵੱਧ ਵਿਦਿਆਰਥੀ ਵੀਜ਼ੇ ਜਾਰੀ ਕੀਤੇ ਹਨ। ਇਸ ਗਰਮੀਆਂ ਵਿਚ ਦੁਨੀਆਂ ਭਰ ਵਿਚ ਲਗਭਗ ਚਾਰ ਵਿਚੋਂ ਇੱਕ ਵਿਦਿਆਰਥੀ ਵੀਜ਼ਾ ਭਾਰਤ ਵਿਚ ਜਾਰੀ ਕੀਤਾ ਗਿਆ ਸੀ!"

ਇਸ ਮਗਰੋਂ ਅਮਰੀਕੀ ਦੂਤਘਰ ਨੇ ਫਿਰ ਉਨ੍ਹਾਂ ਵਿਦਿਆਰਥੀਆਂ ਨੂੰ ਵਧਾਈ ਦਿੱਤੀ, ਜਿਨ੍ਹਾਂ ਨੇ ਆਪਣੇ ਉੱਚ ਸਿੱਖਿਆ ਦੇ ਟੀਚਿਆਂ ਨੂੰ ਹਕੀਕਤ ਬਣਾਉਣ ਲਈ ਸੰਯੁਕਤ ਰਾਜ ਨੂੰ ਚੁਣਿਆ। ਹਾਲ ਹੀ ਵਿਚ ਭਾਰਤ ਵਿਚ ਸੰਯੁਕਤ ਰਾਜ ਦੇ ਰਾਜਦੂਤ ਐਰਿਕ ਗਾਰਸੇਟੀ ਨੇ ਕਿਹਾ ਕਿ ਪਹਿਲੀ ਵਾਰ ਟੂਰਿਸਟ ਵੀਜ਼ਾ ਇੰਟਰਵਿਊ ਲਈ ਉਡੀਕ ਸਮਾਂ 50 ਪ੍ਰਤੀਸ਼ਤ ਤੋਂ ਵੱਧ ਘਟਾ ਦਿੱਤਾ ਗਿਆ ਹੈ, ਜੋ ਕਿ 2023 ਲਈ ਮਿੱਥੇ ਟੀਚੇ ਲਈ ਘੱਟੋ-ਘੱਟ 10 ਲੱਖ ਵੀਜ਼ਿਆਂ ਦੀ ਪ੍ਰਕਿਰਿਆ ਕਰਦਾ ਹੈ।

■ ਬਾਕੀ ਖਬਰ ਸਫਾ 15 'ਤੇ



ਵਿਚ ਸੈਕਰਾਮੈਂਟੋ ਕਬੱਡੀਆਂ ਪੈਣੀਆਂ, ਚਾਰੇ ਟੀਮਾਂ ਇਕ ਦੂਜੇ ਨਾਲ ਖਹਿਣੀਆਂ, ਜੋਰ ਵੇਖਣਾ ਖਾਧੀ ਘਿਓ ਦੀ ਚੂਰੀ ਦਾ, ਮੁੱਲ ਪੈਣਾਂ ਅੱਖਾਂ ਦੀ ਘੂਰੀ ਦਾ,
ਰੇਡਰਾਂ ਵੀ ਪੱਟਾਂ ਦਾ ਜੋਰ ਵਿਖਾਉਣਾ, ਜਾਫੀਆਂ ਵੀ ਹੱਸ-ਹੱਸ ਜੱਫਾ ਲਾਉਣਾ, ਨਜ਼ਾਰਾ ਆਉਣਾ ਸਾਨ੍ਹਾਂ ਦੇ ਭੇੜ ਦਾ, ਵੱਖਰਾ ਨਜ਼ਾਰਾ ਯਾਰੋ ਕਬੱਡੀ ਖੇਡ ਦਾ।
SHAHEED BABA DEEP SINGH SPORTS ACADEMY SACRAMENTO PRESENTS
INTERNATIONAL KABADDI CUP SACRAMENTO 2023
SIKH TEMPLE, 7676 BRADSHAW ROAD, SACRAMENTO CA 95829
ਇੰਟਰਨੈਸ਼ਨਲ ਕਬੱਡੀ ਕੱਪ
ਗੁਰਦੁਆਰਾ ਸਾਹਿਬ ਬਰਾਡਸ਼ਾਹ ਰੋਡ ਦੀ ਗਰਾਂਊਡ ਵਿੱਚ
SUNDAY, OCTOBER 1, 2023
ਜਿਸ ਵਿੱਚ ਇੰਟਰਨੈਸ਼ਨਲ ਖਿਡਾਰੀ ਹਿੱਸਾ ਲੈ ਰਹੇ ਹਨ, ਇਨਾਮਾਂ ਦਾ ਵੇਰਵਾ ਇਸ ਪ੍ਰਕਾਰ ਹੈ।
1st PRIZE
CHARDA PUNJBA
2nd PRIZE
CHARDI KALA GROUP
3rd PRIZE
JASPREET SINGH
ATTORNEY AT LAW
4th PRIZE
SAC BROTHERS
5th PRIZE
YUBA BROTHERS
YUBA CITY, CA
ਸ਼ਰਤਾਂ ਤੇ ਨਿਯਮ : ਕੈਲੀਫੋਰਨੀਆਂ ਕਬੱਡੀ ਫੈਡਰੇਸ਼ਨ ਆਫ ਯੂ.ਐਸ.ਏ. ਵਲੋਂ ਬਣੇ ਨਿਯਮ ਅਤੇ ਸ਼ਰਤਾਂ ਸਮੂਹ ਟੀਮਾਂ ਅਤੇ ਖਿਡਾਰੀਆਂ ਤੇ ਲਾਗੂ ਹੋਣਗੀਆਂ
ਸਮੂਹ ਭਾਈਚਾਰੇ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਹੋ ਰਹੇ ਖੇਡ ਮੇਲੇ ਦੌਰਾਨ ਕੋਈ ਵੀ ਨਸ਼ਾ ਜਾਂ ਹਥਿਆਰ ਲੈ ਕੇ ਆਉਣਾ ਸਖਤ ਮਨ੍ਹਾਂ ਹੈ।
ਬੀਬੀਆਂ ਦੇ ਬੈਠਣ ਦਾ ਅਲੱਗ ਅਤੇ ਖਾਸ ਪ੍ਰਬੰਧ ਹੋਵੇਗਾ, ਗੁਰੂ ਕਾ ਲੰਗਰ ਅਤੁੱਟ ਵਰਤੇਗਾ
ਸਕਿਊਰਿਟੀ ਪੁਲਿਸ ਦਾ ਖਾਸ ਪ੍ਰਬੰਧ ਹੋਵੇਗਾ
SECURITY
ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਦੇ ਸ਼ੁਭਚਿੰਤਕ
ਕੁਮੈਂਟਰੀ
ਰੰਛਿਆਲਾ
ਮੱਖਣ ਅਲੀ
ਇਕਬਾਲ ਗਾਲਿਬ
ਆਸ਼ਾ ਸ਼ਰਮਾ
PARGAT SANDHU
GURMEET WARAICH
DHEERA NIJJAR
HAPPY BARIANA
BITTU RANDHAWA
HARRY SANGHA
TARLOCHAN ATWAL
GOLDY LALLY
SHERU BHATIA
GURDEV S TOOR
RAJA KOONER
BHUPINDER SANGHERA
BHINDA CHAHAL
SUKH KULAR
RAVI NAGRA
HAPPY AULAKH
PAMMA ATWAL
GINDA PALWAN
SONI KANG
NINDI THANDI
PAMMA LIDHAR
PINDI SANDHU
INDERJIT SINGH
BALWINDER SANDHU
PIARA SANDHU
KEHAR S GILL
LADDA KAHLON
SABI HAYER
GURJIT DEOL
BALPREET BRAR
Contact for More info:
Pargat Sandhu
Tel 209.810.5667
Randhir Nijjar
Tel 916.416.9527
Happy Bariana
Tel 916.240.4110
ਅਸੀਂ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਵਲੋਂ ਕਬੱਡੀ ਕੱਪ ਦੇਖਣ ਆਏ ਸਾਰੇ ਵੀਰਾਂ, ਭੈਣਾਂ ਅਤੇ ਬਜ਼ੁਰਗਾਂ ਦਾ ਨਿੱਘਾ ਸਵਾਗਤ ਕਰਦੇ ਹਾਂ
LIVE KABADDI on
ਲਾਈਵ ਕਬੱਡੀ ਵਲੋਂ ਕਬੱਡੀ ਕੱਪ ਦਾ ਸਿੱਧਾ ਪ੍ਰਸਾਰਣ ਕੀਤਾ ਜਾਵੇਗਾ
Design & Print
Outk. Signs
*661-703-8795 *661-900-7357



SHAHEED BABA DEEP SINGH SPORTS ACADEMY
SACRAMENTO KABADDI CUP 2023
SIKH TEMPLE, 7676 BRADSHAW ROAD, SACRAMENTO
Welcome to SACRAMENTO CALIFORNIA
WELCOME
ਜੀ ਆਇਆਂ ਨੂੰ
DHEERA NIJJAR
SUNDAY, OCTOBER 1, 2023
ਇੰਟਰਨੈਸ਼ਨਲ ਕਬੱਡੀ ਕੱਪ ਸੈਕਰਾਮੈਂਟੋ ਕੈਲੀਫੋਰਨੀਆ 2023

# ਸੈਕਰਾਮੈਂਟੋ 'ਚ ਅੰਗਰੇਜ਼ੀ ਸਿੱਖੋ ਬਿਲਕੁਲ ਮੁਫਤ

## ਬਾਲਗਾਂ ਲਈ ਅੰਗਰੇਜ਼ੀ ਸਿੱਖਣ ਦਾ ਸੁਨਿਹਰੀ ਮੌਕਾ

# HIGHLANDS

COMMUNITY CHARTER AND TECHNICAL SCHOOLS

"...ਹਾਈਲੈਂਡਜ਼ 'ਤੇ, "ਇਹ ਕਦੇ ਵੀ ਬਹੁਤ ਦੇਰ ਨਹੀਂ ਹੁੰਦਾ" At Highlands, "it's Never Too Late..."



### ਅੰਗਰੇਜ਼ੀ ਸਿੱਖੋ

ਅਸੀਂ ਆਪਣੇ ਇੰਟਰਨੈਸ਼ਨਲ ਹਾਈ ਸਕੂਲ (IHS) ਪ੍ਰੋਗਰਾਮ ਰਾਹੀਂ ਅੰਗਰੇਜ਼ੀ ਭਾਸ਼ਾ ਦੀਆਂ ਕਲਾਸਾਂ ਦੀ ਪੇਸ਼ਕਸ਼ ਕਰਦੇ ਹਾਂ, ਜੋ ਤੁਹਾਨੂੰ ਤੁਹਾਡੇ ਯੂ.ਐੱਸ. ਹਾਈ ਸਕੂਲ ਡਿਪਲੋਮਾ ਲਈ ਕ੍ਰੈਡਿਟ ਹਾਸਲ ਕਰਨ ਦੀ ਇਜਾਜ਼ਤ ਦਿੰਦਾ ਹੈ।

### LEARN ENGLISH

We offer English language classes through our international High School (IHS) program that allows you to earn credits towards your U.S. High School Diploma.



### ਆਪਣਾ ਹਾਈ ਸਕੂਲ ਡਿਪਲੋਮਾ ਕਮਾਓ

ਅਸੀਂ ਕਲਾਸਰੂਮ-ਆਧਾਰਿਤ ਅਤੇ ਸੁਤੰਤਰ ਅਧਿਐਨ ਕਲਾਸਾਂ ਦੀ ਪੇਸ਼ਕਸ਼ ਕਰਦੇ ਹਾਂ। ਰੁਕਾਵਟਾਂ ਨੂੰ ਦੂਰ ਕਰਨ ਲਈ, ਅਸੀਂ ਬੱਸ ਪਾਸ 2.5-5 ਸਾਲ ਦੀ ਉਮਰ ਦੇ ਬੱਚਿਆਂ ਲਈ ਇਕ ਅਰਲੀ ਲਰਨਿੰਗ ਸੈਂਟਰ ਅਤੇ ਟਿਊਸ਼ਨ ਦੀ ਪੇਸ਼ਕਸ਼ ਕਰਦੇ ਹਾਂ।

### EARN YOUR HIGH SCHOOL DIPLOMA

We offer classroom-based and independent Study classes. To remove barriers, we offer bus passes, an Early Learning Center for children aged 2.5-5, and tutoring.



### ਇਕ ਹੁਨਰ ਸਿੱਖੋ

ਸਾਡੇ ਵਿਦਿਆਰਥੀਆਂ ਲਈ ਕਰੀਅਰ ਟੈਕਨੀਕਲ ਪ੍ਰੋਗਰਾਮਾਂ ਦੀ ਸਾਡੀ ਵਧਦੀ ਸੂਚੀ ਵਿਚ ਸ਼ਾਮਲ ਹਨ, ਟਰੱਕ ਡਰਾਈਵਿੰਗ, ਅਰਲੀ ਚਾਈਲਡਹੁੱਡ ਐਜੂਕੇਸ਼ਨ, ਡਿਜੀਟਲ ਨੇਵੀਗੇਟਰ, ਬਿਜ਼ਨਸ ਅਸੈਂਸ਼ੀਅਲਸ, ਕਾਸਮੈਟੋਲੋਜੀ, $3ੳ ਕੰਸਟਰਕਸ਼ਨ, ਗਰੁੱਪ ਫਿਟਨੈੱਸ ਅਤੇ ਹੋਰ ਬਹੁਤ ਕੁੱਝ!

### LEARN A SKILL

Our growing list of Career Technical programs for our students includes Truck Driving, Early Childhood Education, Digital Navigator, Business Essentials, Cosmetology, MC3 Construction, Group Fitness, and more!

20 sept.

## ਬਿਲਕੁਲ ਬਿਨਾਂ ਕਿਸੇ ਕੀਮਤ ਦੇ ALL AT ABSOLUTELY NO COST!

ਬਾਲਗਾਂ ਲਈ ਗ੍ਰੇਟਰ ਸੈਕਰਾਮੈਂਟੋ ਖੇਤਰ ਵਿਚ ਕਲਾਸਾਂ ਉਪਲਬਧ ਹਨ +22

Classes are available throughout the Greater Sacramento Area for Adults 22+

## 7720 24th St, Sacramento, CA

Learn more at HCCTS.org 916-844-2283 @HCCTS

ਖੁਸ਼ਖਬਰੀ



ਹੁੰਮਹੁਮਾ ਕੇ ਪਹੁੰਚੋ

# ਪੁੱਤਰਾਂ ਦੇ ਦਾਨੀ, ਬ੍ਰਹਮ ਗਿਆਨੀ

# ਬਾਬਾ ਬੁੱਢਾ ਜੀ ਦਾ ਜਨਮ ਦਿਵਸ

## 6, 7, 8 ਅਕਤੂਬਰ ਨੂੰ ਗੁਰਦੁਆਰਾ ਸਿੰਘ ਸਭਾ ਰੈਨਟਨ, 5200 Talbot Rd S, Renton, WA 98055 ਵਿਖੇ ਮਨਾਇਆ ਜਾ ਰਿਹਾ ਹੈ।

ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀਉ, ਆਪ ਜੀ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਬਾਬਾ ਬੁੱਢਾ ਜੀ ਸੰਸਥਾ ਅਮਰੀਕਾ ਵੱਲੋਂ ਮਿਲ ਕੇ ਗੁਰਦੁਆਰਾ ਸਿੰਘ ਸਭਾ ਰੈਨਟਨ ਵਿਖੇ ਪੁੱਤਰਾਂ ਦੇ ਦਾਨੀ, ਪੂਰਨ ਗੁਰਸਿੱਖ ਤੇ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਜਨਮ ਦਿਵਸ 6, 7, 8 ਅਕਤੂਬਰ ਨੂੰ ਮਨਾਇਆ ਜਾ ਰਿਹਾ ਹੈ। ਬਾਬਾ ਬੁੱਢਾ ਜੀ ਨੂੰ ਪੰਜ ਗੁਰੂ ਸਾਹਿਬਾਨਾਂ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਤਾਗੱਦੀ ਦੀਆਂ ਰਸਮਾਂ ਨਿਭਾਉਣ ਦਾ ਸੁਭਾਗ ਪ੍ਰਾਪਤ ਹੋਇਆ।

ਬਾਬਾ ਬੁੱਢਾ ਜੀ ਅੰਮ੍ਰਿਤਸਰ ਨੇੜੇ ਪਿੰਡ ਕੱਥੂ ਨੰਗਲ ਵਿਚ 1506 'ਚ ਜਨਮੇ ਅਤੇ 125 ਸਾਲ ਦੀ ਉਮਰ ਪੂਰੀ ਕਰਕੇ 1631 ਵਿਚ ਅਕਾਲ ਚਲਾਣਾ ਕਰ ਗਏ। ਆਉ ਮਿਲ ਕੇ ਪੁੱਤਰਾਂ ਦੇ ਦਾਨੀ, ਪੂਰਨ ਗੁਰਸਿੱਖ ਤੇ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਜਨਮ ਦਿਵਸ ਮਨਾਈਏ ਅਤੇ ਉਨ੍ਹਾਂ ਦੀਆਂ ਸਿੱਖਿਆ 'ਤੇ ਚੱਲਣ ਦੀ ਕੋਸ਼ਿਸ਼ ਕਰਕੇ ਜੀਵਨ ਸਫਲਾ ਬਣਾਈਏ।

Designed By Punjab Mail USA





ਬਾਬਾ ਬੁੱਢਾ ਜੀ ਸੰਸਥਾ ਦੇ ਮੈਂਬਰ



ਬੀਬੀਆਂ ਲੰਗਰਾਂ ਦੀ ਸੇਵਾ ਕਰਦੇ ਸਮੇਂ।





ਬਾਬਾ ਬੁੱਢਾ ਜੀ ਸੰਸਥਾ ਦੇ ਮੈਂਬਰ ਸਾਹਿਬਾਨ।

ਸਵਾਗਤ ਕਰਤਾ

# ਬਾਬਾ ਬੁੱਢਾ ਜੀ ਸੰਸਥਾ

*For more information*

*Dr.Surinder Singh Tung*
*206-604-0982*

*Gurdwara Sahib*
*425-226-2277*

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਦਿੱਤੀ 190 ਲੋੜਵੰਦ ਪਰਿਵਾਰਾਂ ਨੂੰ ਮਹੀਨਾਵਾਰ ਸਹਾਇਤਾ ਰਾਸ਼ੀ

**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾ. ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸਰਦਾਰ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਡੇਰਾ ਭਾਈ ਮਸਤਾਨ ਸਿੰਘ ਸ੍ਰੀ ਮੁਕਤਸਰ ਸਾਹਿਬ ਵਿਖੇ 190 ਲੋੜਵੰਦ ਪਰਿਵਾਰਾਂ ਨੂੰ ਮਹੀਨਾਵਾਰ ਸਹਾਇਤਾ ਰਾਸ਼ੀ ਦੇ ਚੈੱਕ ਮਹੰਤ ਕਸ਼ਮੀਰ ਸਿੰਘ ਅਤੇ ਬਲਵਿੰਦਰ ਸਿੰਘ ਮੱਲਣ (ਜੋ ਸਾਊਦੀ ਅਰਬ ਵਿਚੋਂ ਬਲੱਡ ਮਨੀ ਦੇ ਕੇ ਆਪਣੀ ਜਾਨ ਬਚਾ ਕੇ ਆਇਆ ਅਤੇ ਇਸ ਕਾਰਜ ਵਿਚ ਡਾ. ਓਬਰਾਏ ਵਲੋਂ ਵੀ ਵੱਡਮੁੱਲਾ ਯੋਗਦਾਨ ਪਾਇਆ ਸੀ) ਅਤੇ ਗਗਨਦੀਪ ਸਿੰਘ ਪ੍ਰਧਾਨ ਔਲਖ ਵੈੱਲਫੇਅਰ ਸੁਸਾਇਟੀ ਦੀ ਰਹਿਨੁਮਾਈ ਹੇਠ ਤਕਸੀਮ ਕੀਤੇ ਗਏ। ਅਰਵਿੰਦਰ ਪਾਲ ਸਿੰਘ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਮਹੀਨਾ ਵਾਰ ਸਹਾਇਤਾ ਰਾਸ਼ੀ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਬਜ਼ੁਰਗਾਂ, ਵਿਧਵਾਵਾਂ, ਅਤੇ ਬੇਸਹਾਰਾ ਲੋਕਾਂ ਨੂੰ ਦਿੱਤੀ ਜਾਂਦੀ ਹੈ। ਇਹ ਲੜੀ ਪਿਛਲੇ 6 ਸਾਲ ਤੋਂ ਨਿਰੰਤਰ ਜਾਰੀ ਹੈ। ਗੱਲਬਾਤ ਦੌਰਾਨ ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਇਹ ਲੜੀ ਇਕੱਲੇ ਸ੍ਰੀ ਮੁਕਤਸਰ ਸਾਹਿਬ ਵਿਖੇ ਹੀ ਨਹੀਂ, ਬਲਕਿ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ, ਮਹਾਰਾਸ਼ਟਰ ਆਦਿ ਵਿਚ ਵੀ ਜਾਰੀ ਹੈ। ਗੁਰਬਿੰਦਰ ਸਿੰਘ ਬਰਾੜ (ਇੰਚਾਰਜ ਮਾਲਵਾ ਜੋਨ) ਨੇ ਦੱਸਿਆ ਕਿ ਇਹ ਰਾਸ਼ੀ ਡਾ. ਓਬਰਾਏ ਵੱਲੋਂ ਆਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਦਿੱਤੀ ਜਾਂਦੀ ਹੈ। ਟਰੱਸਟ ਦੀ ਕੋਈ ਵੀ ਰਸੀਦਬੁੱਕ ਨਹੀਂ ਹੈ। ਇਸ ਮੌਕੇ ਬਲਵਿੰਦਰ ਸਿੰਘ ਬਰਾੜ, ਗੁਰਪਾਲ ਸਿੰਘ, ਮਾਸਟਰ ਰਾਜਿੰਦਰ ਸਿੰਘ, ਮਲਕੀਤ ਸਿੰਘ, ਸੋਮਨਾਥ, ਬਰਨੇਕ ਸਿੰਘ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਗੁਰਜੀਤ ਸਿੰਘ ਜੀਤਾ, ਗੁਰਚਰਨ ਸਿੰਘ ਆਦਿ ਹਾਜ਼ਰ ਸਨ।





ਡਾ. ਐੱਸ.ਪੀ. ਸਿੰਘ ਓਬਰਾਏ।

# ਸੰਨੀ ਓਬਰਾਏ ਸਵੈ ਰੋਜ਼ਗਾਰ ਸਕੀਮ ਤਹਿਤ ਖੋਲ੍ਹਿਆ ਮੁਫ਼ਤ ਬਿਊਟੀ ਪਾਰਲਰ ਸਿਖਲਾਈ ਸੈਂਟਰ

**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾ. ਐੱਸ.ਪੀ. ਸਿੰਘ ਓਬਰਾਏ ਵਲੋਂ ਪੂਰੀ ਦੁਨੀਆਂ ਵਿਚ ਬਿਨਾਂ ਕਿਸੇ ਭੇਦਭਾਵ ਮਾਨਵਤਾ ਦੀ ਭਲਾਈ ਲਈ ਸੇਵਾਵਾਂ ਜਾਰੀ ਹਨ। ਇਸ ਲੜੀ ਨੂੰ ਅੱਗੇ ਤੋਰਦਿਆਂ ਸੰਨੀ ਓਬਰਾਏ ਸਵੈ ਰੋਜ਼ਗਾਰ ਸਕੀਮ ਤਹਿਤ ਪਿੰਡਾਂ ਅਤੇ ਸ਼ਹਿਰਾਂ ਵਿਚ ਨੌਜਵਾਨ ਲੜਕੇ ਅਤੇ ਲੜਕੀਆਂ ਕਿਵੇਂ ਆਤਮ ਨਿਰਭਰ ਬਣਾਉਣ ਲਈ ਡਾਕਟਰ ਇੰਦਰਜੀਤ ਕੌਰ ਗਿੱਲ (ਸਾਬਕਾ ਜ਼ਿਲ੍ਹਾ ਸਿੱਖਿਆ ਅਫਸਰ) ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਅਗਵਾਈ ਵਿਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ, ਮਹਾਰਾਸ਼ਟਰ ਆਦਿ ਵਿਚ ਮੁਫਤ ਸਿਖਲਾਈ ਸੈਂਟਰ (ਬਿਊਟੀ ਪਾਰਲਰ, ਸਿਲਾਈ, ਕੰਪਿਊਟਰ) ਚੱਲ ਰਹੇ ਹਨ ਅਤੇ ਇਸ ਤੋਂ ਪਹਿਲਾਂ ਹਜ਼ਾਰਾਂ ਦੀ ਗਿਣਤੀ ਵਿਚ ਨੌਜਵਾਨ ਸਿਖਲਾਈ ਪ੍ਰਾਪਤ ਕਰਕੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਕੇ ਆਪਣੇ ਪਰਿਵਾਰਾਂ ਦਾ ਵਧੀਆ ਪਾਲਣ-ਪੋਸ਼ਣ ਕਰ ਰਹੇ ਹਨ। ਅਰਵਿੰਦਰ ਪਾਲ ਸਿੰਘ ਚਾਹਲ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਗੋਨਿਆਣਾ ਰੋਡ ਸ੍ਰੀ ਮੁਕਤਸਰ ਸਾਹਿਬ ਵਿਚ ਖੋਲ੍ਹੇ ਗਏ ਮੁਫ਼ਤ ਬਿਊਟੀ ਪਾਰਲਰ ਸੈਂਟਰ ਦਾ ਉਦਘਾਟਨ ਡਾਕਟਰ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਆਪਣੇ ਕਰ-ਕਮਲਾਂ ਨਾਲ ਕੀਤਾ ਗਿਆ ਅਤੇ ਅਪਣੇ ਸੰਬੋਧਨ ਵਿਚ ਸਿਖਿਆਰਥੀਆਂ ਨੂੰ ਕੰਮ ਸਿੱਖ ਕੇ ਆਤਮ ਨਿਰਭਰ ਬਨਣ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਬਿਊਟੀ ਪਾਰਲਰ ਦਾ ਕੰਮ ਲੜਕੀਆਂ ਲਈ ਵਰਦਾਨ ਹੈ। ਜ਼ਿਲਾ ਪ੍ਰਧਾਨ ਨੇ ਗੱਲਬਾਤ ਦੌਰਾਨ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਜ਼ਿਲ੍ਹੇ ਵਿਚ 6 ਮੁਫ਼ਤ ਸਿਖਲਾਈ ਸੈਂਟਰ (ਸਿਲਾਈ, ਕੰਪਿਊਟਰ,) ਚੱਲ ਰਹੇ ਹਨ ਅਤੇ ਪਿਛਲੇ ਸਾਲਾਂ ਵਿਚ ਸੈਂਕੜੇ ਨੌਜਵਾਨ ਸਿਖਲਾਈ ਪ੍ਰਾਪਤ ਕਰ ਚੁੱਕੇ ਹਨ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਮਾਲਵਾ ਜੋਨ ਨੇ ਦੱਸਿਆ ਕਿ ਇਹ ਜੋ ਵੀ ਖ਼ਰਚ ਹੁੰਦਾ ਹੈ, ਡਾ. ਓਬਰਾਏ ਵੱਲੋਂ ਆਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੇ ਵੀ ਸਿਖਿਆਰਥੀਆਂ ਨੂੰ ਸਿਖਲਾਈ ਪ੍ਰਾਪਤ ਕਰਕੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਲਈ ਪ੍ਰੇਰਿਆ। ਇਸ ਮੌਕੇ ਬਲਵਿੰਦਰ ਸਿੰਘ ਬਰਾੜ, ਮਾਸਟਰ ਰਾਜਿੰਦਰ ਸਿੰਘ, ਸੋਮਨਾਥ, ਮਲਕੀਤ ਸਿੰਘ, ਚਰਨਜੀਤ ਸਿੰਘ, ਅਸ਼ੋਕ ਕੁਮਾਰ, ਸੁਖਬੀਰ ਸਿੰਘ ਜੈਲਦਾਰ, ਮੈਡਮ ਰੇਣੂ ਸ਼ਰਮਾ, ਬਿਊਟੀ ਪਾਰਲਰ ਸੈਂਟਰ ਦੀ ਅਧਿਆਪਕਾ ਅਨੀਤਾ ਰਾਣੀ ਹਾਜ਼ਰ ਸਨ।



# ਕੈਨੇਡਾ 'ਚ ਪੜ੍ਹਾਈ ਲਈ ਹਰੇਕ ਸਾਲ 68 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਕਰਦੇ ਨੇ ਪੰਜਾਬੀ ਵਿਦਿਆਰਥੀ

**ਚੰਡੀਗੜ੍ਹ, (ਪੰਜਾਬ ਮੇਲ)**- ਭਾਰਤ ਅਤੇ ਕੈਨੇਡਾ ਦਰਮਿਆਨ ਵਧ ਰਹੇ ਤਣਾਅ ਨੇ ਕੈਨੇਡਿਆਈ ਸਿੱਖਿਆ ਸੰਸਥਾਵਾਂ ਵਿਚ ਪੜ੍ਹ ਰਹੇ ਬੱਚਿਆਂ ਦੇ ਮਾਪਿਆਂ ਦੀ ਚਿੰਤਾ ਵਧਾ ਦਿੱਤੀ ਹੈ ਕਿਉਂਕਿ ਉਨ੍ਹਾਂ ਨੇ ਉੱਥੇ ਬਹੁਤ ਵੱਡੀ ਰਕਮ ਨਿਵੇਸ਼ ਕੀਤੀ ਹੋਈ ਹੈ। ਇਸ ਤਰ੍ਹਾਂ ਪੰਜਾਬ ਤੋਂ ਹਰੇਕ ਸਾਲ 68 ਹਜ਼ਾਰ ਕਰੋੜ ਰੁਪਏ ਬਾਹਰ ਨਿਵੇਸ਼ ਹੋ ਰਹੇ ਹਨ। ਇਹ ਖ਼ੁਲਾਸਾ ਖਾਲਸਾ ਵੋਕਸ ਵੱਲੋਂ ਜਾਰੀ ਅੰਕੜਿਆਂ ਵਿਚ ਕੀਤਾ ਗਿਆ ਹੈ। ਇਸ ਰਿਪੋਰਟ ਮੁਤਾਬਕ, ਕੈਨੇਡਾ ਨੇ ਪਿਛਲੇ ਸਾਲ ਕੁੱਲ 2,26,450 ਵੀਜ਼ੇ ਮਨਜ਼ੂਰ ਕੀਤੇ, ਜਿਨ੍ਹਾਂ ਵਿਚੋਂ 1.36 ਲੱਖ ਵਿਦਿਆਰਥੀ ਪੰਜਾਬ ਦੇ ਸਨ। ਇਹ ਵਿਦਿਆਰਥੀ ਕੈਨੇਡਾ ਵਿਚ ਔਸਤ ਦੋ ਜਾਂ ਤਿੰਨ ਸਾਲਾਂ ਦੇ ਵੱਖ-ਵੱਖ ਕੋਰਸਾਂ ਵਿਚ ਦਾਖ਼ਲਾ ਲੈਂਦੇ ਹਨ। ਵੱਖ-ਵੱਖ ਵੀਜ਼ਾ ਪ੍ਰੋਸੈਸਿੰਗ ਏਜੰਸੀਆਂ ਦੇ ਮੌਜੂਦਾ ਅੰਕੜਿਆਂ ਮੁਤਾਬਕ ਇਸ ਸਮੇਂ ਲਗਪਗ 3.4 ਲੱਖ ਪੰਜਾਬੀ ਕੈਨੇਡਾ ਵਿਚ ਵੱਖ-ਵੱਖ ਸਿੱਖਿਆ ਸੰਸਥਾਵਾਂ ਵਿਚ ਪੜ੍ਹਾਈ ਕਰ ਰਹੇ ਹਨ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : **www.punjabmailusa.com**



# ਭਾਰਤ ਤੇ ਕੈਨੇਡਾ ਦਰਮਿਆਨ ਵਧਦੇ ਤਣਾਅ ਕੈਨੇਡਾ ਰਹਿੰਦੇ ਭਾਰਤੀ ਵਿਦਿਆਰਥੀ ਤੇ ਪ੍ਰਵਾਸੀ ਭਾਰਤੀ ਚਿੰਤਤ

**ਸੁਨੀਲ ਜਾਖੜ ਵੱਲੋਂ ਕੇਂਦਰ ਨੂੰ ਪੱਤਰ ਲਿਖ ਕੇ ਹੈਲਪਲਾਈਨ ਸਥਾਪਤ ਕਰਨ ਦੀ ਅਪੀਲ**

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਕੇਂਦਰੀ ਵਿਦੇਸ਼ ਮੰਤਰੀ ਜੈਸ਼ੰਕਰ ਨੂੰ ਕੈਨੇਡਾ ਵਿੱਚ ਰਹਿੰਦੇ ਭਾਰਤੀ ਵਿਦਿਆਰਥੀਆਂ ਅਤੇ ਪ੍ਰਵਾਸੀ ਭਾਰਤੀਆਂ ਲਈ ਇੱਕ ਹੈਲਪਲਾਈਨ ਸਥਾਪਤ ਕਰਨ ਦੀ ਅਪੀਲ ਕੀਤੀ ਗਈ ਹੈ, ਕਿਉਂਕਿ ਸਾਰੇ ਭਾਰਤ ਅਤੇ ਕੈਨੇਡਾ ਦਰਮਿਆਨ ਵਧਦੇ ਤਣਾਅ ਕਾਰਨ ਚਿੰਤਤ ਹਨ।



ਕੇਂਦਰੀ ਮੰਤਰੀ ਨੂੰ ਲਿਖੇ ਪੱਤਰ ਵਿਚ ਜਾਖੜ ਨੇ ਉਨ੍ਹਾਂ ਨੂੰ ਕੈਨੇਡਾ ਵਿਚ ਰਹਿ ਰਹੇ ਭਾਰਤੀਆਂ ਦੀਆਂ ਚਿੰਤਾਵਾਂ ਨੂੰ ਉਜਾਗਰ ਕਰਨ ਲਈ ਇੱਕ ਵਿਸਤ੍ਰਿਤ ਬਿਆਨ ਜਾਰੀ ਕਰਨ ਅਤੇ ਪ੍ਰਭਾਵਿਤ ਭਾਰਤੀਆਂ ਦੀ ਸੁਰੱਖਿਆ ਲਈ ਭਾਰਤ ਸਰਕਾਰ ਵੱਲੋਂ ਚੁੱਕੇ ਜਾ ਰਹੇ ਵੱਖ-ਵੱਖ ਕਦਮਾਂ ਅਤੇ ਉਪਾਵਾਂ ਦੀ ਜਾਣਕਾਰੀ ਦੇਣ ਦੀ ਵੀ ਅਪੀਲ ਕੀਤੀ ਹੈ ਕਿਉਂਕਿ ਇਸ ਮੁੱਦੇ ਦੇ ਅੰਤਮ ਹੱਲ ਸਮਾਂ ਨਿਰਧਾਰਤ ਹੈ।

ਸ਼੍ਰੀ ਜਾਖੜ ਨੇ ਲਿਖਿਆ ਕਿ ਕੈਨੇਡਾ ਵਿਚ ਵਸਦੇ ਭਾਰਤੀਆਂ ਅਤੇ ਖਾਸ ਕਰਕੇ ਪੜ੍ਹਾਈ ਲਈ ਵਿਦੇਸ਼ ਜਾਣ ਦੀ ਉਡੀਕ ਕਰ ਰਹੇ ਨੌਜਵਾਨਾਂ ਵਿਚ ਮੌਜੂਦ ਚਿੰਤਾ, ਘਬਰਹਟ ਅਤੇ ਦੁਬਿਧਾ ਦੀ ਡੂੰਘੀ ਭਾਵਨਾ ਨੂੰ ਸ਼ਾਂਤ ਕਰਨਾ ਜ਼ਰੂਰੀ ਹੈ। ਤੁਹਾਡੇ ਦਫਤਰ ਤੋਂ ਯਕੀਨੀ ਤੌਰ 'ਤੇ ਕੋਈ ਭਰੋਸਾ ਮਿਲੇਗਾ, ਜਿਸ ਨਾਲ ਵਿਦਿਆਰਥੀਆਂ ਦੀ ਸ਼ੱਕ ਅਤੇ ਅਸੁਰੱਖਿਆ ਦੀ ਭਾਵਨਾ ਨੂੰ ਦੂਰ ਕਰਨਾ ਸੰਭਵ ਹੋਵੇਗਾ। ਸ਼੍ਰੀ ਜਾਖੜ ਨੇ ਵਿਦੇਸ਼ ਜਾਣ ਦੀ ਯੋਜਨਾ ਬਣਾ ਰਹੇ ਭਾਰਤੀ ਵਿਦਿਆਰਥੀਆਂ ਲਈ ਮਾਰਗਦਰਸ਼ਨ ਦੀ ਸਥਿਤੀ ਵਿਚ ਅਧਿਕਾਰੀਆਂ ਨਾਲ ਸੰਪਰਕ ਕਰਨ ਲਈ ਇੱਕ ਵਟਸਐਪ ਨੰਬਰ ਜਾਰੀ ਕਰਨ ਦਾ ਵੀ ਸੁਝਾਅ ਦਿੱਤਾ ਹੈ।

ਉਨ੍ਹਾਂ ਕਿਹਾ ਹੈ ਕਿ ਕੈਨੇਡੀਅਨ ਪ੍ਰਧਾਨ ਮੰਤਰੀ ਟਰੂਡੋ ਨੇ ਆਪਣੀਆਂ ਘਰੇਲੂ ਸਿਆਸੀ ਮਜਬੂਰੀਆਂ ਦੇ ਦਬਾਅ ਹੇਠ ਭਾਰਤ ਵਿਰੁੱਧ ਬੇਤੁਕੇ ਦੋਸ਼ ਲਗਾਏ ਹਨ। ਸ਼੍ਰੀ ਜਾਖੜ ਨੇ ਆਸ ਪ੍ਰਗਟਾਈ ਕਿ ਟਰੂਡੋ ਨੂੰ ਜਲਦੀ ਹੀ ਆਪਣੀ ਗਲਤੀ ਦਾ ਅਹਿਸਾਸ ਹੋਵੇਗਾ ਅਤੇ ਇਸ ਮਾਮਲੇ ਨੂੰ ਆਪਸੀ ਵਿਚਾਰ-ਵਟਾਂਦਰੇ ਨਾਲ ਹੱਲ ਕਰ ਲਿਆ ਜਾਵੇਗਾ।

ਸ਼੍ਰੀ ਜਾਖੜ ਨੇ ਕਿਹਾ ਕਿ ਕੋਈ ਵੀ ਬਾਹਰੀ ਵਿਅਕਤੀ ਭਾਰਤ ਨੂੰ ਇਹ ਹਦਾਇਤ ਨਹੀਂ ਦੇ ਸਕਦਾ ਕਿ ਸਾਡੀ ਪ੍ਰਭੂਸੱਤਾ ਦੀ ਰੱਖਿਆ ਕਿਵੇਂ ਕਰਨੀ ਹੈ। ਭਾਰਤ ਸਰਕਾਰ ਨੇ ਟਰੂਡੋ ਦੇ ਗੁੱਸੇ ਦਾ ਸਖ਼ਤ ਵਿਰੋਧ ਕਰਦਿਆਂ ਸਬੂਤਾਂ ਦੀ ਮੰਗ ਕਰਕੇ ਸਹੀ ਸਟੈਂਡ ਲਿਆ ਹੈ।

## ਵਿਜੀਲੈਂਸ ਵੱਲੋਂ ਮਨਪ੍ਰੀਤ ਬਾਦਲ ਖ਼ਿਲਾਫ਼ ਲੁੱਕਆਊਟ ਸਰਕੂਲਰ ਜਾਰੀ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਵਿਜੀਲੈਂਸ ਬਿਊਰੋ ਨੇ ਬਠਿੰਡਾ ਵਿਚ ਜਾਇਦਾਦ ਦੀ ਖ਼ਰੀਦ ਵਿਚ ਕਥਿਤ ਬੇਨਿਯਮੀਆਂ ਸਬੰਧੀ ਰਾਜ ਦੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵਿਰੁੱਧ ਲੁੱਕਆਊਟ ਸਰਕੂਲਰ ਜਾਰੀ ਕੀਤਾ ਹੈ। ਅਧਿਕਾਰੀਆਂ ਨੂੰ ਸ਼ੱਕ ਹੈ ਕਿ ਮਨਪ੍ਰੀਤ ਸਿੰਘ ਬਾਦਲ ਗ੍ਰਿਫ਼ਤਾਰੀ ਤੋਂ ਬਚਣ ਲਈ ਦੇਸ਼ ਛੱਡ ਕੇ ਭੱਜ ਸਕਦੇ ਹਨ, ਇਸ ਲਈ ਸਾਰੇ ਹਵਾਈ ਅੱਡਿਆਂ ਨੂੰ ਅਲਰਟ 'ਤੇ ਰੱਖਿਆ ਗਿਆ ਹੈ। ਸਾਬਕਾ ਮੰਤਰੀ ਦੀ ਭਾਲ ਲਈ ਛਾਪੇ ਮਾਰੇ ਜਾ ਰਹੇ ਹਨ। ਬਠਿੰਡਾ ਵਿਜੀਲੈਂਸ ਬਿਊਰੋ ਦੇ ਐੱਸ.ਐੱਸ.ਪੀ. ਹਰਪਾਲ ਸਿੰਘ ਨੇ ਪੁਸ਼ਟੀ ਕੀਤੀ ਹੈ ਕਿ ਬਾਦਲ ਖ਼ਿਲਾਫ਼ ਲੁੱਕਆਊਟ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ ਅਤੇ ਉਸ ਨੂੰ ਗ੍ਰਿਫ਼ਤਾਰ ਕਰਨ ਲਈ ਟੀਮਾਂ ਛਾਪੇਮਾਰੀ ਕਰ ਰਹੀਆਂ ਸਨ। ਮਨਪ੍ਰੀਤ ਤੋਂ ਇਲਾਵਾ ਬਠਿੰਡਾ ਨਗਰ ਨਿਗਮ ਦੇ ਸਾਬਕਾ ਕਮਿਸ਼ਨਰ ਬਿਕਰਮਜੀਤ ਸ਼ੇਰਗਿੱਲ, ਰਾਜੀਵ ਕੁਮਾਰ, ਅਮਨਦੀਪ ਸਿੰਘ, ਵਿਕਾਸ ਅਰੋੜਾ ਅਤੇ ਪੰਕਜ ਖ਼ਿਲਾਫ਼ ਐਤਵਾਰ ਰਾਤ ਨੂੰ ਮਾਮਲਾ ਦਰਜ ਕੀਤਾ ਗਿਆ ਸੀ।



## ਵਿਜੀਲੈਂਸ ਵੱਲੋਂ ਡਾਕਟਰ ਤੋਂ 1 ਲੱਖ ਰੁਪਏ ਰਿਸ਼ਵਤ ਲੈਣ ਦੇ ਦੋਸ਼ ਵਿਚ ਪੱਤਰਕਾਰ ਨਿਰਭੈ ਸਿੰਘ ਗ੍ਰਿਫਤਾਰ

**ਦੋਸ਼ੀ ਦੇ ਦੋ ਫਰਾਰ ਸਾਥੀਆਂ ਨੂੰ ਕਾਬੂ ਕਰਨ ਲਈ ਯਤਨ ਜਾਰੀ**

**ਚੰਡੀਗੜ੍ਹ, (ਪੰਜਾਬ ਮੇਲ)-** ਸੂਬੇ ਵਿਚ ਭ੍ਰਿਸ਼ਟਾਚਾਰ ਨਾਲ ਨਜਿੱਠਣ ਲਈ ਲਗਾਤਾਰ ਕੀਤੇ ਜਾ ਰਹੇ ਯਤਨਾਂ ਦੇ ਹਿੱਸੇ ਵਜੋਂ, ਪੰਜਾਬ ਵਿਜੀਲੈਂਸ ਬਿਊਰੋ ਨੇ ਪਿੰਡ ਗਾਲਿਬ, ਜ਼ਿਲ੍ਹਾ ਲੁਧਿਆਣਾ ਦੇ ਨਿਰਭੈ ਸਿੰਘ, ਜੋ ਖੁਦ ਨੂੰ ਪੱਤਰਕਾਰ ਦੱਸਦਾ ਹੈ, ਨੂੰ ਇੱਕ ਡਾਕਟਰ ਤੋਂ ਇੱਕ ਲੱਖ ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸੂਬਾ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਸਿਵਲ ਹਸਪਤਾਲ ਜਗਰਾਉਂ ਵਿਖੇ ਬਤੌਰ ਮੈਡੀਕਲ ਅਫਸਰ (ਆਰਥੋਪੀਡਿਕਸ) ਸੇਵਾ ਨਿਭਾਅ ਰਹੇ ਡਾ. ਦੀਪਕ ਗੋਇਲ ਨੇ ਵਿਜੀਲੈਂਸ ਬਿਊਰੋ ਦੇ ਰੇਂਜ ਦਫਤਰ ਲੁਧਿਆਣਾ ਵਿਖੇ ਆਪਣੇ ਬਿਆਨ ਦਰਜ ਕਰਵਾਏ ਹਨ। ਉਕਤ ਡਾਕਰਟਰ ਨੇ ਦੋਸ਼ ਲਾਇਆ ਕਿ ਜਗਰਾਉਂ ਦੀ ਕਾਉਂਕੇ ਕਲੋਨੀ ਦੇ ਰਹਿਣ ਵਾਲੇ ਬਲਜਿੰਦਰ ਸਿੰਘ ਨਾਂ ਦੇ ਮਰੀਜ਼ ਦੇ ਇਲਾਜ ਸਬੰਧੀ ਤਿੰਨ ਵਿਅਕਤੀ ਉਸ ਨੂੰ ਬਲੈਕਮੇਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਡਾ: ਗੋਇਲ ਨੇ ਅੱਗੇ ਦੱਸਿਆ ਕਿ 29 ਜੂਨ 2023 ਨੂੰ ਬਲਜਿੰਦਰ ਸਿੰਘ ਦੀ ਲੱਤ 'ਤੇ ਸੱਟ ਲੱਗਣ ਕਾਰਨ ਉਸ ਨੂੰ ਸਿਵਲ ਹਸਪਤਾਲ ਜਗਰਾਉਂ ਵਿਖੇ ਦਾਖਲ ਕਰਵਾਇਆ ਗਿਆ ਸੀ। ਅਗਲੇ ਦਿਨ, ਡਾਕਟਰ ਨੇ ਉਸ (ਬਲਜਿੰਦਰ) ਦੀ ਜਾਂਚ ਕੀਤੀ ਅਤੇ ਐਕਸ-ਰੇ ਕਰਵਾਉਣ ਲਈ ਕਿਹਾ। ਇਸ 'ਤੇ ਬਲਜਿੰਦਰ ਸਿੰਘ ਨੇ ਡਾਕਟਰੀ ਸਲਾਹ (ਲਾਮਾ) ਤੋਂ ਬਿਨਾ ਹੀ ਹਸਪਤਾਲ ਤੋਂ ਛੁੱਟੀ ਲੈ ਲਈ।

ਸ਼ਿਕਾਇਤਕਰਤਾ ਡਾਕਟਰ ਨੇ ਦੱਸਿਆ ਕਿ ਇਸ ਉਪਰੰਤ ਬਲਜਿੰਦਰ ਸਿੰਘ ਕਸਬੇ ਦੇ ਇੱਕ ਪ੍ਰਾਈਵੇਟ ਹਸਪਤਾਲ, 'ਭਿਵਾਨ' ਵਿਚ ਦਾਖਲ ਹੋ ਗਿਆ। ਇਸ ਤੋਂ ਬਾਅਦ ਬਲਜਿੰਦਰ ਸਿੰਘ ਨੇ ਡਾਕਟਰ ਗੋਇਲ ਵਿਰੁੱਧ ਐੱਸ.ਐੱਮ.ਓ. ਲੁਧਿਆਣਾ ਨੂੰ ਸ਼ਿਕਾਇਤ ਦੇ ਕੇ ਦੋਸ਼ ਲਾਇਆ ਕਿ ਉਸ ਦਾ ਸਿਵਲ ਹਸਪਤਾਲ ਜਗਰਾਉਂ ਵਿਚ ਸਹੀ ਇਲਾਜ ਨਹੀਂ ਹੋਇਆ ਅਤੇ ਉਸ (ਬਲਜਿੰਦਰ) ਨੂੰ ਜਾਣਬੁੱਝ ਕੇ ਉਕਤ ਡਾਕਟਰ ਨੇ ਆਪਣੇ ਰਿਸ਼ਤੇਦਾਰਾਂ ਵੱਲੋਂ ਚਲਾਏ ਜਾ ਰਹੇ ਨਿੱਜੀ ਹਸਪਤਾਲ ਵਿਚ ਭੇਜ ਦਿੱਤਾ।

ਬੁਲਾਰੇ ਨੇ ਦੱਸਿਆ ਕਿ 5 ਸਤੰਬਰ, 2023 ਨੂੰ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਗਾਲਿਬ ਦੇ ਨਿਰਭੈ ਸਿੰਘ ਅਤੇ ਪਿੰਡ ਲੀਲਾਂ ਦੇ ਮਨਜੀਤ ਸਿੰਘ ਨੇ ਖੁਦ ਨੂੰ ਪੱਤਰਕਾਰ ਦੱਸਦਿਆਂ ਸ਼ਿਕਾਇਤਕਰਤਾ ਡਾਕਟਰ ਕੋਲ ਪਹੁੰਚ ਕੀਤੀ। ਨਿਰਭੈ ਸਿੰਘ ਨੇ ਉਕਤ ਸ਼ਿਕਾਇਤਕਰਤਾ ਡਾਕਟਰ ਨੂੰ ਦੱਸਿਆ ਕਿ ਬਲਜਿੰਦਰ ਸਿੰਘ ਨੂੰ ਸਿਵਲ ਹਸਪਤਾਲ ਵਿਚ ਢੁੱਕਵੀਂ ਦੇਖਭਾਲ ਨਹੀਂ ਮਿਲੀ ਅਤੇ ਉਸ ਨੂੰ ਤੁਸੀਂ ਜਾਣਬੁੱਝ ਕੇ ਇੱਕ ਪ੍ਰਾਈਵੇਟ ਹਸਪਤਾਲ ਵਿਚ ਭੇਜਿਆ ਹੈ। ਉਨ੍ਹਾਂ ਨੇ ਐੱਸ.ਐੱਮ.ਓ. ਲੁਧਿਆਣਾ ਨਾਲ ਲਿਹਾਜ ਹੋਣ ਦਾ ਡਰਾਵਾ ਦਿੱਤਾ ਅਤੇ ਡਾਕਟਰ ਨੂੰ ਭਰੋਸਾ ਦਿੱਤਾ ਕਿ ਉਹ 1,40,000 ਰੁਪਏ ਰਿਸ਼ਵਤ ਲੈ ਕੇ ਸ਼ਿਕਾਇਤ ਦਾ ਨਿਪਟਾਰਾ ਕਰ ਸਕਦੇ ਹਨ। ਨਾਲ ਹੀ ਉਨ੍ਹਾਂ ਨੇ ਡਾਕਟਰ ਨੂੰ ਧਮਕਾਇਆ ਕਿ ਜੇ ਉਹ ਇਹ ਰਕਮ ਨਾ ਦਿੱਤੀ, ਤਾਂ ਉਹ ਉਸਨੂੰ ਝੂਠੇ ਕੇਸ ਵਿਚ ਫਸਾ ਦੇਣਗੇ।

## ਆਮਦਨ ਤੋਂ ਜ਼ਿਆਦਾ ਜਾਇਦਾਦ ਮਾਮਲੇ 'ਚ ਗ੍ਰਿਫ਼ਤਾਰ ਸਾਬਕਾ ਵਿਧਾਇਕਾ ਸਤਿਕਾਰ ਕੌਰ ਦੀਆਂ ਵਧੀਆਂ ਮੁਸ਼ਕਲਾਂ

**ਚੰਡੀਗੜ੍ਹ, (ਪੰਜਾਬ ਮੇਲ)-** ਫਿਰੋਜ਼ਪੁਰ ਦਿਹਾਤੀ ਦੀ ਸਾਬਕਾ ਵਿਧਾਇਕਾ ਸਤਿਕਾਰ ਕੌਰ ਅਤੇ ਉਸ ਦੇ ਪਤੀ ਜਸਮੇਲ ਸਿੰਘ ਦੀਆਂ ਮੁਸ਼ਕਲਾਂ ਵੱਧ ਗਈਆਂ ਹਨ। ਆਮਦਨ ਤੋਂ ਜ਼ਿਆਦਾ ਜਾਇਦਾਦ ਦੇ ਮਾਮਲੇ 'ਚ ਗ੍ਰਿਫ਼ਤਾਰ ਸਤਿਕਾਰ ਕੌਰ ਗਹਿਰੀ ਦੇ ਆਪਣੇ ਕਾਰਜਕਾਲ ਦੌਰਾਨ ਕਰੋੜਾਂ ਦੀ ਜ਼ਮੀਨ ਕਈ ਥਾਵਾਂ 'ਤੇ ਖ਼ਰੀਦਣ ਬਾਰੇ ਪਤਾ ਲਿੱਗਾ ਹੈ। ਇਹ ਪ੍ਰਾਪਰਟੀ ਮੋਹਾਲੀ, ਫਿਰੋਜ਼ਪੁਰ ਸਮੇਤ ਕਈ ਹੋਰ ਥਾਵਾਂ 'ਤੇ ਬਣਾਏ ਜਾਣ ਦੇ ਤੱਥ ਸਾਹਮਣੇ ਆਏ ਹਨ। ਜਾਂਚ ਦੌਰਾਨ ਅਜਿਹੀਆਂ 13 ਜਾਇਦਾਦਾਂ ਦਾ ਖ਼ੁਲਾਸਾ ਹੋਇਆ ਹੈ। ਇਨ੍ਹਾਂ 'ਚ ਆਲੀਸ਼ਾਨ ਕੋਠੀਆਂ, ਲਗਜ਼ਰੀ ਗੱਡੀਆਂ ਅਤੇ ਹਥਿਆਰ ਵੀ ਖ਼ਰੀਦੇ ਗਏ ਹਨ।

ਵਿਜੀਲੈਂਸ ਨੂੰ ਸਤਿਕਾਰ ਕੌਰ ਅਤੇ ਉਸ ਦੇ ਪਤੀ ਵੱਲੋਂ ਰੇਤ ਦੇ ਕਾਰੋਬਾਰ 'ਚ ਹਿੱਸੇਦਾਰੀ ਦਾ ਵੀ ਪਤਾ ਲੱਗਿਆ ਹੈ। ਹੁਣ ਜਾਂਚ ਟੀਮ ਇਹ ਪਤਾ ਲਗਾਵੇਗੀ ਕਿ ਕਾਰੋਬਾਰ 'ਚ ਉਨ੍ਹਾਂ ਨੇ ਕਿੰਨਾ ਨਿਵੇਸ਼ ਕੀਤਾ ਹੈ। ਦੱਸਣਯੋਗ ਹੈ ਕਿ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਬੀਤੇ ਦਿਨੀਂ ਵੱਡੀ ਕਾਰਵਾਈ ਕਰਦਿਆਂ ਭਾਜਪਾ ਆਗੂ ਅਤੇ ਕਾਂਗਰਸ ਦੀ ਸਾਬਕਾ ਵਿਧਾਇਕਾ ਸਤਿਕਾਰ ਕੌਰ ਗਹਿਰੀ ਅਤੇ ਉਸ ਦੇ ਪਤੀ ਜਸਮੇਲ ਸਿੰਘ ਲਾਡੀ ਗਹਿਰੀ ਨੂੰ ਆਮਦਨ ਤੋਂ ਵੱਧ ਜਾਇਦਾਦ ਅਤੇ ਖ਼ਰਚੇ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ।




# ਭਾਰਤ ਸਰਕਾਰ ਖਾਲਿਸਤਾਨੀ ਸਮਰਥਕਾਂ ਦੇ ਓ.ਸੀ.ਆਈ. ਕਾਰਡ ਕਰ ਸਕਦੀ ਹੈ ਰੱਦ

- ਐੱਨ.ਆਈ.ਏ. ਵੱਲੋਂ ਵਿਦੇਸ਼ਾਂ 'ਚ ਬੈਠੇ 19 ਜਣਿਆਂ ਦੀ ਸੂਚੀ ਤਿਆਰ
- ਸਾਰਿਆਂ ਦੀ ਜਾਇਦਾਦ ਹੋਵੇਗੀ ਜ਼ਬਤ
- ਵਿਦੇਸ਼ੀ ਧਰਤੀ ਤੋਂ ਕਰ ਰਹੇ ਹਨ ਭਾਰਤ ਵਿਰੋਧੀ ਪ੍ਰਚਾਰ

ਨਵੀਂ ਦਿੱਲੀ, (ਪੰਜਾਬ ਮੇਲ)- ਭਾਰਤ 'ਚ ਪਾਬੰਦੀਸ਼ੁਦਾ 'ਸਿੱਖਸ ਫਾਰ ਜਸਟਿਸ' ਦੇ ਮੁਖੀ ਤੇ ਭਾਰਤ ਵੱਲੋਂ ਅੱਤਵਾਦੀ ਐਲਾਨੇ ਗਏ ਗੁਰਪਤਵੰਤ ਸਿੰਘ ਪੰਨੂ ਦੀ ਜਾਇਦਾਦ ਐੱਨ.ਆਈ.ਏ. ਵੱਲੋਂ ਜ਼ਬਤ ਕੀਤੇ ਜਾਣ ਤੋਂ ਬਾਅਦ ਸਰਕਾਰ ਨੇ ਹੁਣ ਏਜੰਸੀਆਂ ਨੂੰ ਅਜਿਹੇ ਹੋਰਾਂ ਦਹਿਸ਼ਤਗਰਦਾਂ ਦੀ ਸੰਪਤੀ ਦੀ ਸ਼ਨਾਖ਼ਤ ਕਰਨ ਲਈ ਕਿਹਾ ਹੈ, ਜੋ ਭਾਰਤ ਨੂੰ ਲੋੜੀਂਦੇ ਹਨ ਤੇ ਬਾਹਰਲੇ ਮੁਲਕਾਂ ਵਿਚ ਬੈਠੇ ਹਨ। ਮਾਮਲੇ ਨਾਲ ਜੁੜੇ ਸੂਤਰਾਂ ਮੁਤਾਬਕ ਸਰਕਾਰ ਨੇ ਏਜੰਸੀਆਂ ਨੂੰ ਬਾਹਰ ਬੈਠੇ ਅਜਿਹੇ ਅਨਸਰਾਂ ਦੀ ਜਾਇਦਾਦ ਦੀ ਸੂਚੀ ਬਣਾਉਣ ਲਈ ਕਹਿ ਦਿੱਤਾ ਹੈ। ਇਸ ਦੇ ਨਾਲ ਹੀ ਸਰਕਾਰ ਨੇ ਏਜੰਸੀਆਂ ਨੂੰ ਅਮਰੀਕਾ, ਬਰਤਾਨੀਆ, ਕੈਨੇਡਾ ਤੇ ਆਸਟਰੇਲੀਆ ਵਿਚ ਰਹਿ ਰਹੇ ਖਾਲਿਸਤਾਨੀਆਂ ਦੀ ਸ਼ਨਾਖਤ ਕਰ ਕੇ ਉਨ੍ਹਾਂ ਦੇ 'ਓਵਰਸੀਜ਼ ਸਿਟੀਜ਼ਨਸ਼ਿਪ ਆਫ ਇੰਡੀਆ' (ਓ.ਸੀ.ਆਈ.) ਕਾਰਡ ਰੱਦ ਕਰਨ ਬਾਰੇ ਕਿਹਾ ਹੈ, ਤਾਂ ਕਿ ਉਹ ਭਾਰਤ ਨਾ ਆ ਸਕਣ। ਸੂਤਰਾਂ ਮੁਤਾਬਕ ਇਸ ਕਦਮ ਨਾਲ ਸਰਕਾਰ ਇਨ੍ਹਾਂ ਨੂੰ ਭਾਰਤ ਤੋਂ ਮਿਲਦੀ ਵਿੱਤੀ ਮਦਦ ਬੰਦ ਕਰਨਾ ਚਾਹੁੰਦੀ ਹੈ ਤੇ ਨਾਲ ਹੀ ਇਨ੍ਹਾਂ ਦਾ ਭਾਰਤ ਵਿਚ ਦਾਖਲਾ ਰੋਕਣਾ ਚਾਹੁੰਦੀ ਹੈ।

ਸੂਤਰਾਂ ਮੁਤਾਬਕ ਐੱਨ.ਆਈ.ਏ. ਵੱਲੋਂ ਅਮਰੀਕਾ, ਬਰਤਾਨੀਆ, ਕੈਨੇਡਾ, ਯੂ.ਏ.ਈ., ਪਾਕਿਸਤਾਨ ਤੇ ਹੋਰ ਮੁਲਕਾਂ ਵਿਚ ਫਰਾਰ ਹੋਏ 19 ਜਣਿਆਂ ਦੀ ਸੂਚੀ ਤਿਆਰ ਕੀਤੀ ਗਈ ਹੈ। ਇਸ ਵਿਚ ਬਰਤਾਨੀਆ ਬੈਠਾ ਪਰਮਜੀਤ ਸਿੰਘ ਪੰਮਾ, ਪਾਕਿਸਤਾਨ 'ਚ ਬੈਠਾ ਵਧਾਵਾ ਸਿੰਘ ਬੱਬਰ ਉਰਫ਼ ਚਾਚਾ, ਕੁਲਵੰਤ ਸਿੰਘ ਮੁਠੱਡਾ (ਬਰਤਾਨੀਆ), ਜੇ.ਐੱਸ. ਧਾਲੀਵਾਲ (ਅਮਰੀਕਾ), ਸੁਖਪਾਲ ਸਿੰਘ (ਬਰਤਾਨੀਆ), ਹਰੀਤ ਸਿੰਘ ਉਰਫ਼ ਰਾਣਾ ਸਿੰਘ (ਅਮਰੀਕਾ), ਸਰਬਜੀਤ ਸਿੰਘ ਬੇਨੂਰ (ਬਰਤਾਨੀਆ), ਕੁਲਵੰਤ ਸਿੰਘ (ਬਰਤਾਨੀਆ), ਹਰਜਾਪ ਸਿੰਘ (ਅਮਰੀਕਾ), ਰਣਜੀਤ ਸਿੰਘ ਨੀਟਾ (ਪਾਕਿਸਤਾਨ), ਗੁਰਮੀਤ ਸਿੰਘ ਉਰਫ਼ ਬੱਗਾ, ਗੁਰਪ੍ਰੀਤ ਸਿੰਘ ਉਰਫ਼ ਬਾਗੀ (ਬਰਤਾਨੀਆ), ਜਸਮੀਨ ਸਿੰਘ ਹਕੀਮਜ਼ਾਦਾ (ਯੂ.ਏ.ਈ.), ਗੁਰਜੰਟ ਸਿੰਘ ਢਿੱਲੋਂ (ਆਸਟਰੇਲੀਆ), ਜਸਬੀਰ ਸਿੰਘ ਰੋਡੇ (ਯੂਰਪ ਤੇ ਕੈਨੇਡਾ), ਅਮਰਦੀਪ ਸਿੰਘ ਪੁਰੇਵਾਲ (ਅਮਰੀਕਾ), ਜਤਿੰਦਰ ਸਿੰਘ ਗਰੇਵਾਲ (ਕੈਨੇਡਾ) ਦਪਿੰਦਰ ਜੀਤ (ਬਰਤਾਨੀਆ) ਤੇ ਐੱਸ. ਹਿੰਮਤ ਸਿੰਘ (ਅਮਰੀਕਾ) ਸ਼ਾਮਲ ਹਨ।

ਸੂਤਰਾਂ ਮੁਤਾਬਕ ਇਨ੍ਹਾਂ ਦੀ ਸੰਪਤੀ ਯੂ.ਏ.ਪੀ.ਏ. ਦੀ ਧਾਰਾ 33 (5) ਤਹਿਤ ਜ਼ਬਤ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਸੁਰੱਖਿਆ ਏਜੰਸੀਆਂ ਨੇ 11 ਜਣਿਆਂ ਦੀ ਸ਼ਨਾਖ਼ਤ ਕੀਤੀ ਸੀ, ਜਿਨ੍ਹਾਂ ਬਾਰੇ ਮੰਨਿਆ ਜਾ ਰਿਹਾ ਸੀ ਕਿ ਇਹ ਗੈਂਗਸਟਰ ਤੇ ਅੱਤਵਾਦੀ ਹਨ, ਤੇ ਇਸ ਵੇਲੇ ਕੈਨੇਡਾ, ਅਮਰੀਕਾ ਤੇ ਪਾਕਿਸਤਾਨ ਵਿਚ ਬੈਠੇ ਹਨ। ਸ਼ੱਕ ਜ਼ਾਹਿਰ ਕੀਤਾ ਗਿਆ ਸੀ ਕਿ ਇਨ੍ਹਾਂ ਵਿਚੋਂ 8 ਜਣੇ ਕੈਨੇਡਾ ਤੋਂ ਸਰਗਰਮੀਆਂ ਕਰ ਰਹੇ ਹਨ।

ਇਸ ਸੂਚੀ ਵਿਚ ਹਰਵਿੰਦਰ ਸੰਧੂ ਉਰਫ਼ ਰਿੰਦਾ (ਪਾਕਿਸਤਾਨ), ਲਖਬੀਰ ਸਿੰਘ ਉਰਫ਼ ਲੰਡਾ, ਸੁਖਦੂਲ ਸਿੰਘ ਉਰਫ਼ ਸੁੱਖਾ ਦੁਨੇਕੇ (ਜੋ ਕਿ ਤਿੰਨ ਦਿਨ ਪਹਿਲਾਂ ਮਾਰਿਆ ਗਿਆ ਸੀ), ਅਰਸ਼ਦੀਪ ਸਿੰਘ ਉਰਫ਼ ਅਰਸ਼ ਡੱਲਾ, ਰਮਨਦੀਪ ਸਿੰਘ ਉਰਫ਼ ਰਮਨ ਜੱਜ, ਚਰਨਜੀਤ ਸਿੰਘ ਉਰਫ਼ ਰਿੰਕੂ ਬੀਹਲਾ, ਸਨਾਵਰ ਢਿੱਲੋਂ ਤੇ ਗੁਰਪਿੰਦਰ ਸਿੰਘ ਉਰਫ਼ ਬਾਬਾ ਡੱਲਾ ਸ਼ਾਮਲ ਹਨ। ਸੂਚੀ ਵਿਚ ਗੈਂਗਸਟਰ-ਦਹਿਸ਼ਤਗਰਦ ਗੌਰਵ ਪਟਿਆਲ ਲੱਕੀ ਤੇ ਅਨਮੋਲ ਬਿਸ਼ਨੋਈ ਦਾ ਨਾਂ ਵੀ ਹੈ ਤੇ ਮੰਨਿਆ ਜਾ ਰਿਹਾ ਹੈ ਕਿ ਇਹ ਅਮਰੀਕਾ ਵਿਚ ਹਨ। ਸੂਤਰਾਂ ਦਾ ਕਹਿਣਾ ਹੈ ਕਿ ਸਰਕਾਰ ਇਸ ਕਾਰਵਾਈ ਨਾਲ ਭਾਰਤ ਵਿਚ ਇਨ੍ਹਾਂ ਦੀਆਂ ਸਰਗਰਮੀਆਂ ਰੋਕਣਾ ਚਾਹੁੰਦੀ ਹੈ, ਤਾਂ ਕਿ ਇਹ ਇੱਥੇ ਹੋਰਾਂ ਨੌਜਵਾਨਾਂ ਨੂੰ ਗੁਮਰਾਹ ਕਰ ਕੇ ਆਪਣੇ ਨਾਲ ਨਾ ਜੋੜ ਸਕਣ, ਤੇ ਨੌਜਵਾਨ ਕੱਟੜਵਾਦ ਦੇ ਰਾਹ ਪੈਣ ਤੋਂ ਬਚ ਸਕਣ।

## ਐੱਫ.ਬੀ.ਆਈ. ਨੇ ਅਮਰੀਕਾ ਵਿਚਲੇ ਸਿੱਖਾਂ ਨੂੰ ਵੀ ਕੀਤਾ ਸੀ ਚੌਕਸ

**ਵਾਸ਼ਿੰਗਟਨ, (ਪੰਜਾਬ ਮੇਲ)**- ਇਕ ਰਿਪੋਰਟ ਮੁਤਾਬਕ ਹਰਦੀਪ ਨਿੱਝਰ ਦੀ ਕੈਨੇਡਾ 'ਚ ਹੋਈ ਹੱਤਿਆ ਤੋਂ ਬਾਅਦ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐੱਫ.ਬੀ.ਆਈ.) ਨੇ ਅਮਰੀਕਾ ਵਿਚਲੇ ਕਈ ਸਿੱਖ ਆਗੂਆਂ ਨੂੰ ਮਿਲ ਕੇ ਉਨ੍ਹਾਂ ਨੂੰ ਚੌਕਸ ਕੀਤਾ ਸੀ। ਏਜੰਸੀ ਨੇ ਉਨ੍ਹਾਂ ਨੂੰ 'ਜਾਨ ਦੇ ਖ਼ਤਰੇ ਬਾਰੇ ਚਿਤਾਵਨੀ ਦਿੱਤੀ ਸੀ'। 'ਅਮੈਰੀਕਨ ਸਿੱਖ ਕਾਕਸ ਕਮੇਟੀ' ਦੇ ਕੋਆਰਡੀਨੇਟਰ ਤੇ ਸਿਆਸੀ ਕਾਰਕੁਨ ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਉਸ ਨੂੰ ਤੇ ਦੋ ਹੋਰ ਸਿੱਖ ਅਮਰੀਕੀਆਂ ਨੂੰ ਐੱਫ.ਬੀ.ਆਈ. ਤੋਂ ਫੋਨ ਆਏ ਸਨ ਤੇ ਨਿੱਝਰ ਦੀ ਮੌਤ ਤੋਂ ਬਾਅਦ ਐੱਫ.ਬੀ.ਆਈ. ਉਨ੍ਹਾਂ ਨੂੰ ਮਿਲਣ ਵੀ ਆਈ ਸੀ। ਕੈਲੀਫੋਰਨੀਆ ਦੇ ਹੀ ਇਕ ਗਰੁੱਪ 'ਇਨਸਾਫ਼' ਦੇ ਕੋ-ਡਾਇਰੈਕਟਰ ਸੁਖਮਨ ਧਾਮੀ ਨੇ ਦੱਸਿਆ ਕਿ ਪੂਰੇ ਅਮਰੀਕਾ 'ਚ ਸਿੱਖਾਂ ਨੂੰ ਪੁਲਿਸ ਨੇ ਸੰਭਾਵੀ ਖ਼ਤਰਿਆਂ ਬਾਰੇ ਚਿਤਾਵਨੀ ਦਿੱਤੀ ਸੀ।

## ਕੈਨੇਡਾ ਨੇ ਕੋਈ ਖਾਸ ਜਾਣਕਾਰੀ ਸਾਂਝੀ ਨਹੀਂ ਕੀਤੀ: ਭਾਰਤੀ ਵਿਦੇਸ਼ ਮੰਤਰਾਲਾ

ਕੈਨੇਡਾ ਵੱਲੋਂ ਇਸ ਮਾਮਲੇ ਵਿਚ ਕੋਈ ਸੂਚਨਾ ਭਾਰਤ ਨਾਲ ਸਾਂਝੀ ਕੀਤੇ ਜਾਣ ਬਾਰੇ ਪੁੱਛਣ 'ਤੇ ਨਵੀਂ ਦਿੱਲੀ ਵਿਚ ਵਿਦੇਸ਼ ਮੰਤਰਾਲੇ ਨੇ ਕਿਹਾ, 'ਕੈਨੇਡਾ ਨੇ ਇਸ ਮਾਮਲੇ 'ਤੇ ਉਦੋਂ ਜਾਂ ਉਸ ਤੋਂ ਪਹਿਲਾਂ ਜਾਂ ਬਾਅਦ ਵਿਚ ਕੋਈ ਖਾਸ ਜਾਣਕਾਰੀ ਸਾਂਝੀ ਨਹੀਂ ਕੀਤੀ। ਤੁਸੀਂ ਜਾਣਦੇ ਹੋ, ਜਿਵੇਂ ਅਸੀਂ ਪਹਿਲਾਂ ਵੀ ਕਿਹਾ ਹੈ ਤੇ ਸਪੱਸ਼ਟ ਕੀਤਾ ਹੈ ਕਿ ਅਸੀਂ ਕਿਸੇ ਵੀ ਵਿਸ਼ੇਸ਼ ਸੂਚਨਾ ਉਤੇ ਵਿਚਾਰ ਕਰਨ ਲਈ ਤਿਆਰ ਹਾਂ।' ਗੌਰਤਲਬ ਹੈ ਕਿ ਟਰੂਡੋ ਦੇ ਦੋਸ਼ਾਂ ਮਗਰੋਂ ਦੋਵਾਂ ਮੁਲਕਾਂ ਦਰਮਿਆਨ ਕੂਟਨੀਤਕ ਟਕਰਾਅ ਸਿਖ਼ਰਾਂ 'ਤੇ ਹੈ। ਇਸ ਘਟਨਾਕ੍ਰਮ ਤੋਂ ਬਾਅਦ ਭਾਰਤ ਤੇ ਕੈਨੇਡਾ ਇਕ-ਦੂਜੇ ਦੇ ਡਿਪਲੋਮੈਟ ਨੂੰ ਮੁਲਕ ਛੱਡਣ ਲਈ ਵੀ ਕਹਿ ਚੁੱਕੇ ਹਨ। ਭਾਰਤ ਨੇ ਕੈਨੇਡਾ ਵਿਚਲੀਆਂ ਆਪਣੀਆਂ ਵੀਜ਼ਾ ਸੇਵਾਵਾਂ ਬੰਦ ਕੀਤੀਆਂ ਹੋਈਆਂ ਹਨ ਤੇ ਕੈਨੇਡਾ ਨੂੰ ਨਵੀਂ ਦਿੱਲੀ ਵਿਚਲਾ ਆਪਣਾ ਮਿਸ਼ਨ ਸਟਾਫ਼ ਵੀ ਘਟਾਉਣ ਲਈ ਕਿਹਾ ਹੈ।

## ਕੈਨੇਡਾ ਨੂੰ ਅਮਰੀਕਾ ਤੋਂ ਮਿਲੀ ਸੀ ਖ਼ੁਫ਼ੀਆ ਜਾਣਕਾਰੀ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਅਖ਼ਬਾਰ 'ਦਿ ਨਿਊਯਾਰਕ ਟਾਈਮਜ਼' ਨੇ ਸੂਤਰਾਂ ਦੇ ਹਵਾਲੇ ਨਾਲ ਆਪਣੀ ਇਕ ਰਿਪੋਰਟ ਵਿਚ ਕਿਹਾ ਹੈ ਕਿ ਸਿੱਖ ਵੱਖਵਾਦੀ ਆਗੂ ਹਰਦੀਪ ਸਿੰਘ ਨਿੱਝਰ ਦੀ ਜੂਨ ਵਿਚ ਸਰੀ (ਕੈਨੇਡਾ) ਦੇ ਇਕ ਗੁਰਦੁਆਰੇ ਦੇ ਬਾਹਰ ਹੋਈ ਹੱਤਿਆ ਦੇ ਮਾਮਲੇ ਵਿਚ ਅਮਰੀਕਾ ਨੇ ਕੈਨੇਡਾ ਨੂੰ ਖ਼ੁਫ਼ੀਆ ਜਾਣਕਾਰੀ ਮੁਹੱਈਆ ਕਰਵਾਈ ਸੀ। ਹਾਲਾਂਕਿ ਕੈਨੇਡਾ ਨੇ ਜਿਹੜੀ ਜਾਣਕਾਰੀ (ਗੱਲਬਾਤ) ਇਕੱਠੀ ਕੀਤੀ ਹੈ, ਉਹ ਵਧੇਰੇ ਠੋਸ ਹੈ ਤੇ ਉਸੇ ਦੇ ਅਧਾਰ 'ਤੇ ਕੈਨੇਡਾ ਨੇ ਭਾਰਤ 'ਤੇ ਨਿੱਝਰ ਦੀ ਹੱਤਿਆ ਦੀ ਸਾਜ਼ਿਸ਼ ਦੇ ਦੋਸ਼ ਲਾਏ ਹਨ। ਭਾਰਤ ਹਾਲਾਂਕਿ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਲਾਏ ਦੋਸ਼ਾਂ ਨੂੰ 'ਬੇਬੁਨਿਆਦ' ਤੇ 'ਪ੍ਰੇਰਿਤ' ਦੱਸ ਕੇ ਖਾਰਜ ਕਰ ਚੁੱਕਾ ਹੈ। ਇਹ ਖ਼ਬਰ ਸ਼ਨਿਚਰਵਾਰ ਨੂੰ ਉਦੋਂ ਪ੍ਰਕਾਸ਼ਿਤ ਹੋਈ, ਜਦ ਕੈਨੇਡਾ ਵਿਚ ਅਮਰੀਕਾ ਦੇ ਇਕ ਚੋਟੀ ਦੇ ਡਿਪਲੋਮੈਟ ਨੇ ਪੁਸ਼ਟੀ ਕੀਤੀ ਕਿ, 'ਫਾਈਵ ਆਈਜ਼ ਦੇ ਭਾਈਵਾਲਾਂ ਵਿਚਾਲੇ ਖ਼ੁਫ਼ੀਆ ਜਾਣਕਾਰੀ ਸਾਂਝੀ ਕੀਤੀ ਗਈ ਸੀ', ਜਿਸ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਸੰਸਦ ਵਿਚ ਇਕ ਖਾਲਿਸਤਾਨੀ ਵੱਖਵਾਦੀ ਦੀ ਕੈਨੇਡਾ ਦੀ ਧਰਤੀ 'ਤੇ ਹੋਈ ਹੱਤਿਆ ਵਿਚ ਭਾਰਤੀ ਏਜੰਟਾਂ ਦੇ ਸ਼ਾਮਲ ਹੋਣ ਦਾ ਦੋਸ਼ ਲਾਉਣ ਲਈ ਪ੍ਰੇਰਿਤ ਕੀਤਾ।

# ਅਮਰੀਕਾ 'ਚ ਦੰਦਾਂ ਦੇ ਡਾਕਟਰ ਦਾ ਵਿੱਲਖਣ ਸ਼ੌਕ; 2000 ਤੋਂ ਵੱਧ ਟੂਥਪੇਸਟਾਂ ਦਾ ਸੰਗ੍ਰਹਿ

- ਗਿਨੀਜ਼ ਬੁੱਕ ਆਫ਼ ਵਰਲਡ ਰਿਕਾਰਡ ਵਿਚ ਨਾਂ ਦਰਜ ਹੋਇਆ



ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ)- ਅਮਰੀਕਾ ਦਾ ਇਕ ਦੰਦਾਂ ਦਾ ਡਾਕਟਰ ਇਸ ਸਮੇਂ ਟੂਥਪੇਸਟ ਦੇ ਸ਼ੌਕ ਕਾਰਨ ਸੁਰਖੀਆਂ ਵਿਚ ਹੈ। ਅਮਰੀਕਾ ਦੇ ਸੂਬੇ ਜਾਰਜੀਆ ਦਾ ਵੈਲ ਕੋਲਪਾਕੋਵ ਨਾਂ ਦਾ ਦੰਦਾਂ ਦਾ ਡਾਕਟਰ ਟੂਥਪੇਸਟ ਟਿਊਬਾਂ ਨੂੰ ਇਕੱਠਾ ਕਰ ਰਿਹਾ ਹੈ। ਉਨ੍ਹਾਂ ਕੋਲ ਟੂਥਪੇਸਟ ਦੀਆਂ ਲਗਭਗ 2037 ਟਿਊਬਾਂ ਹਨ। ਇਸ ਕੰਮ ਲਈ ਉਸ ਦਾ ਨਾਂ ਹਾਲ ਹੀ ਵਿਚ ਗਿਨੀਜ਼ ਬੁੱਕ ਆਫ਼ ਵਰਲਡ ਰਿਕਾਰਡ ਵਿਚ ਵੀ ਦਰਜ ਹੋਇਆ ਹੈ। ਉਹ ਦੁਨੀਆਂ ਦਾ ਸਭ ਤੋਂ ਵੱਡਾ ਟੂਥਪੇਸਟ ਕੁਲੈਕਟਰ ਬਣ ਗਿਆ ਹੈ। ਦੰਦਾਂ ਦੇ ਡਾਕਟਰ ਨੇ ਸੰਨ 2001 ਵਿਚ ਸੰਗ੍ਰਹਿ ਸ਼ੁਰੂ ਕੀਤਾ ਪਰ 1960 ਦੇ ਦਹਾਕੇ ਦੇ ਟੂਥਪੇਸਟ ਵੀ ਹੈ। ਉਨ੍ਹਾਂ ਦੇ ਸੰਗ੍ਰਹਿ ਵਿਚ ਜਾਪਾਨ, ਕੋਰੀਆ, ਚੀਨ, ਰੂਸ ਅਤੇ ਭਾਰਤ ਦੀਆਂ ਕੰਪਨੀਆਂ ਦੇ ਟੂਥਪੇਸਟ ਵੀ ਸ਼ਾਮਲ ਹਨ। ਇਸ ਵਿਚ 400 ਤੋਂ ਵੱਧ ਦੰਦਾਂ ਦੇ ਪਾਊਡਰਾਂ ਦਾ ਸੰਗ੍ਰਹਿ ਵੀ ਸ਼ਾਮਲ ਹੈ।

# ਟਰਾਂਸਪੋਰਟ ਟੈਂਡਰ ਘਪਲਾ: ਭਾਰਤ ਭੂਸ਼ਣ ਆਸ਼ੂ ਦੇ 2 ਕਰੀਬੀ ਸਾਥੀਆਂ ਵੱਲੋਂ ਸਰੰਡਰ

**ਲੁਧਿਆਣਾ, (ਪੰਜਾਬ ਮੇਲ)**- ਵਿਜੀਲੈਂਸ ਬਿਊਰੋ ਵੱਲੋਂ ਦਰਜ ਕੀਤੇ ਗਏ ਬਹੁ-ਚਰਚਿਤ ਮਾਮਲੇ ਫੂਡ ਐਂਡ ਸਪਲਾਈ ਵਿਭਾਗ 'ਚ ਕਥਿਤ ਟਰਾਂਸਪੋਰਟ ਟੈਂਡਰ ਘਪਲੇ ਵਿਚ ਮੁਲਜ਼ਮ ਮੁੱਲਾਂਪੁਰ ਦਾਖਾ ਦੇ ਰਹਿਣ ਵਾਲੇ ਕਮਿਸ਼ਨ ਏਜੰਟ ਅਤੇ ਰਾਇਸ ਮਿੱਲ ਦੇ ਮਾਲਕ ਸੁਰਿੰਦਰ ਕੁਮਾਰ ਧੋਤੀਵਾਲਾ ਦੀ ਮਾਣਯੋਗ ਸੁਪਰੀਮ ਕੋਰਟ 'ਚ ਅਗਲੀ ਜ਼ਮਾਨਤ ਯਾਚਿਕਾ ਸੋਮਵਾਰ ਨੂੰ ਰੱਦ ਕਰ ਦਿੱਤੀ ਗਈ ਸੀ। ਮਾਣਯੋਗ ਸੁਪਰੀਮ ਕੋਰਟ ਦੇ ਜਸਟਿਸ ਅਤੇ ਏ.ਐੱਸ. ਬੋਪਾਨਾ ਤੇ ਜਸਟਿਸ ਐੱਮ.ਐੱਮ. ਸਨਦਰੇਸ਼ ਦੀ ਕੋਰਟ ਵੱਲੋਂ ਸੁਣਵਾਈ ਕੀਤੀ ਗਈ ਸੀ। ਕੋਰਟ ਨੇ ਦੋਵਾਂ ਧਿਰਾਂ ਦੀ ਸੁਣਵਾਈ ਤੋਂ ਬਾਅਦ ਅਗਲੀ ਜ਼ਮਾਨਤ ਰੱਦ ਕਰ ਦਿੱਤੀ ਸੀ ਅਤੇ 2 ਹਫ਼ਤਿਆਂ 'ਚ ਵਿਭਾਗ ਕੋਲ ਸਰੰਡਰ ਕਰਨ ਲਈ ਨਿਰਦੇਸ਼ ਦਿੱਤੇ ਸਨ, ਜਿਸ ਕਾਰਨ ਮੁਲਜ਼ਮ ਸੁਰਿੰਦਰ ਕੁਮਾਰ ਧੋਤੀਵਾਲ ਨੇ ਮੰਗਲਵਾਰ ਨੂੰ ਮਾਣਯੋਗ ਸੀ.ਜੇ.ਐੱਮ. ਅਨੁਰਾਧਿਕਾ ਪੁਰੀ ਦੀ ਕੋਰਟ 'ਚ ਸਰੰਡਰ ਕਰ ਦਿੱਤਾ, ਜਦਕਿ ਇਕ ਹੋਰ ਮੁਲਜ਼ਮ ਸੰਦੀਪ ਭਾਟੀਆ ਨੇ ਅਗਲੀ ਜ਼ਮਾਨਤ ਨਾ ਮਿਲਣ 'ਤੇ ਉਪਰੋਕਤ ਕੋਰਟ ਵਿਚ ਸਰੰਡਰ ਕਰ ਦਿੱਤਾ। ਮੁਲਜ਼ਮ ਨੂੰ ਸੁਰਿੰਦਰ ਕੁਮਾਰ ਧੋਤੀਵਾਲਾ ਦੀ ਸਿਫਾਰਸ਼ 'ਤੇ ਨਿਯਮਾਂ ਨੂੰ ਤਾਕ 'ਤੇ ਰੱਖ ਕੇ ਟੈਂਡਰ ਦਿੱਤਾ ਗਿਆ ਸੀ।




# ਸਿਆਟਲ ਵਿਚ 25ਵੀਂ ਬਰਸੀ 'ਤੇ ਮਰਜੀਵੜਾ ਜਸਵੰਤ ਸਿੰਘ ਖਾਲੜਾ ਪੁਸਤਕ ਲੋਕ ਅਰਪਨ



ਗੁਰਮਤਿ ਖਾਲਸਾ ਸੈਂਟਰ ਦੇ ਵਿਦਿਆਰਥੀਆਂ ਵੱਲੋਂ 25ਵੀਂ ਬਰਸੀ 'ਤੇ ਮੁੱਖ ਮਹਿਮਾਨ ਬੀਬੀ ਪਰਮਜੀਤ ਕੌਰ ਖਾਲੜਾ ਤੇ ਅਮਰੀਕਾ ਦੇ ਸਟੇਟ ਸੈਲੇਟਰ ਪਰਮਿਲਾ ਜੈਪਾਲ, ਮੋਨਿਕਾ ਢੀਂਗਰਾ, ਕੈਨੇਡਾ ਦੇ ਐੱਮ.ਪੀ. ਇਕਵਿੰਦਰ ਸਿੰਘ ਗੁਹੀਰ, ਬਲਤੇਜ ਸਿੰਘ ਢਿੱਲੋਂ, ਸਮਮੀਤ ਸਿੰਘ ਸੱਚਲ, ਟੀਨਾ ਸਿੰਘ, ਸ਼ਰਨਜੀਤ ਸਿੰਘ ਮੰਡ, ਪਲਵੀਰ ਸਿੰਘ ਬਾਂਧ ਤੇ ਲੇਖਕਾ ਗੁਰਮੀਤ ਕੌਰ ਅਤੇ ਪ੍ਰਬੰਧਕ ਨਜ਼ਰ ਆ ਰਹੇ ਹਨ।

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)**- ਸਿਆਟਲ ਦੇ ਫੈਡਰਲ ਵੇਅ ਸ਼ਹਿਰ ਗੁਰਮਤਿ ਖਾਲਸਾ ਸੈਂਟਰ ਵਿਚ 25ਵੀਂ ਬਰਸੀ ਮਨਾਉਂਦੇ ਸਮੇਂ ਲੇਖਕਾ ਬੀਬੀ ਗੁਰਮੀਤ ਕੌਰ ਦੀ ਲਿਖੀ ਪੁਸਤਕ ਮਰਜੀਵੜਾ ਜਸਵੰਤ ਸਿੰਘ ਖਾਲੜਾ ਪੁਸਤਕ ਲੋਕ ਅਰਪਨ ਕੀਤੀ ਗਈ। ਇਸ ਸਮਾਗਮ ਵਿਚ ਜਸਵੰਤ ਸਿੰਘ ਖਾਲੜਾ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਬਤੌਰ ਮੁੱਖ ਮਹਿਮਾਨ ਪਹੁੰਚੇ ਅਤੇ ਅਮਰੀਕਾ ਸਟੇਟ ਦੀ ਸੈਨੇਟਰ ਪਰਮਿਲਾ ਜੈਪਾਲ, ਕੈਨੇਡਾ ਦੇ ਐੱਮ.ਪੀ. ਇਕਵਿੰਦਰ ਸਿੰਘ ਗੁਹੀਰ, ਅਮਰੀਕਾ ਦੇ ਵਾਸ਼ਿੰਗਟਨ ਸਟੇਟ ਸੈਨੇਟਰ ਮੋਨਿਕਾ ਢੀਂਗਰਾ, ਕੈਨੇਡਾ ਦੇ ਆਰ.ਸੀ.ਐੱਮ.ਪੀ. ਤੇ ਕਮਿਊਨਿਟੀ ਨੇਤਾ ਬਲਤੇਜ ਸਿੰਘ ਢਿੱਲੋਂ, ਸੁਖਮੀਤ ਸਿੰਘ ਸੱਚਲ, ਪਲਵੀਰ ਸਿੰਘ ਬਾਂਧ, ਟੀਨਾ ਸਿੰਘ ਤੇ ਸ਼ਰਨਜੀਤ ਸਿੰਘ ਮੰਡ ਬਤੌਰ ਵਿਸ਼ੇਸ਼ ਮਹਿਮਾਨ ਹਾਜ਼ਰ ਹੋਏ। ਮਰੀਜਵੜਾ ਜਸਵੰਤ ਸਿੰਘ ਖਾਲੜਾ ਦੀ ਪੁਸਤਕ ਵਿਚ ਬੇਕਸੂਰ ਲੋਕਾਂ ਦੇ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਮਾਰੇ ਗਏ 25 ਹਜ਼ਾਰ ਲੋਕਾਂ ਦਾ ਸਸਕਾਰ ਕੀਤਾ ਗਿਆ ਪਰੰਤੂ ਅਖੀਰ ਵਿਚ ਜਸਵੰਤ ਸਿੰਘ ਖਾਲੜਾ ਨੂੰ ਪੁਲਿਸ ਤੋਂ ਚੁੱਕ ਮਾਰ ਮੁਕਾਇਆ।

ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਜਸਵੰਤ ਸਿੰਘ ਖਾਲੜਾ ਦੇ ਜੀਵਨ, ਕੌਮ ਪ੍ਰਤੀ ਕੁਰਬਾਨੀਆਂ ਦੀ ਸ਼ਲਾਘਾ ਕੀਤੀ ਤੇ ਬਰਸੀ ਮਨਾਈ ਗਈ। ਹੀਰਾ ਸਿੰਘ ਭੁੱਲਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜਸਵੰਤ ਸਿੰਘ ਖਾਲੜਾ ਦੀ ਕੁਰਬਾਨੀ ਨੂੰ ਭੁਲਾਇਆ ਨਹੀਂ ਜਾ ਸਕਦਾ। ਅਖੀਰ ਵਿਚ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਤੇ ਗੁਰੂ ਕਾ ਅਟੁੱਟ ਲੰਗਰ ਵਰਤਿਆ।

# ਸਿਆਟਲ ਵਿਚ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਜਨਮ ਦਿਵਸ 6, 7, 8 ਅਕਤੂਬਰ ਨੂੰ; ਤਿਆਰੀਆਂ ਸ਼ੁਰੂ

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)**- ਬਾਬਾ ਬੁੱਢਾ ਜੀ ਸੰਸਥਾ ਵੱਲੋਂ ਹਰੇਕ ਸਾਲ ਦੀ ਤਰ੍ਹਾਂ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਜਨਮ ਦਿਵਸ 6, 7, 8 ਅਕਤੂਬਰ ਨੂੰ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਜਿਥੇ ਤਿੰਨੇ ਦਿਨ ਸੰਸਥਾ ਵੱਲੋਂ ਲੰਗਰ ਬੜੀ ਸ਼ਰਧਾ ਨਾਲ ਤਿਆਰ ਕੀਤੇ ਜਾਣਗੇ। ਬਾਬਾ ਬੁੱਢਾ ਜੀ ਸੰਸਥਾ ਅਮਰੀਕਾ ਦੇ ਪ੍ਰਧਾਨ ਸਤਵਿੰਦਰ ਸਿੰਘ ਸੰਧੂ ਨੇ ਦੱਸਿਆ ਕਿ 6 ਅਕਤੂਬਰ ਨੂੰ ਸਵੇਰੇ 10 ਵਜੇ ਪਾਠ ਆਰੰਭ ਹੋਣਗੇ ਤੇ 8 ਅਕਤੂਬਰ, ਦਿਨ ਐਤਵਾਰ ਨੂੰ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ। ਕਥਾ ਕੀਰਤਨ ਤੇ ਧਾਰਮਿਕ ਵਿਚਾਰਾਂ ਵਿਚ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ ਜਾਵੇਗਾ। ਇਸ ਸਾਲ ਸੁਰਿੰਦਰ ਸਿੰਘ ਤੂੰਗ ਨੂੰ ਸਮਾਗਮਾਂ ਦੀ ਜਾਣਕਾਰੀ ਲਈ ਸੰਪਰਕ ਕੀਤਾ ਜਾ ਸਕਦਾ ਹੈ ਅਤੇ ਬਾਕੀ ਮੈਂਬਰ ਹਾਜ਼ਰ ਰਹਿਣਗੇ।





ਬਾਬਾ ਬੁੱਢਾ ਜੀ ਸੰਸਥਾ ਅਮਰੀਕਾ ਦੇ ਮੈਂਬਰ ਮੀਟਿੰਗ ਤੋਂ ਬਾਅਦ ਜਾਣਕਾਰੀ ਦਿੰਦੇ ਸਮੇਂ।

# ਨਿੱਝਰ ਹੱਤਿਆ ਖ਼ਿਲਾਫ਼ ਖ਼ਾਲਿਸਤਾਨੀ ਪੱਖੀਆਂ ਵੱਲੋਂ ਕੈਨੇਡਾ ਦੇ ਕਈ ਸ਼ਹਿਰਾਂ 'ਚ ਭਾਰਤੀ ਕੌਂਸਲਖਾਨਿਆਂ ਬਾਹਰ ਪ੍ਰਦਰਸ਼ਨ

**ਟੋਰਾਂਟੋ, (ਪੰਜਾਬ ਮੇਲ)**- ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੱਟੜਪੰਥੀ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਵਿਚ ਭਾਰਤ ਦੀ ਸ਼ਮੂਲੀਅਤ ਦੇ ਦੋਸ਼ਾਂ ਤੋਂ ਬਾਅਦ ਕਈ ਖਾਲਿਸਤਾਨ ਸਮਰਥਕਾਂ ਨੇ ਕੈਨੇਡੀਅਨ ਸ਼ਹਿਰਾਂ ਵੈਨਕੂਵਰ, ਓਟਵਾ ਅਤੇ ਟੋਰਾਂਟੋ ਵਿਚ ਭਾਰਤੀ ਡਿਪਲੋਮੈਟਿਕ ਮਿਸ਼ਨਾਂ ਦੇ ਬਾਹਰ ਰੈਲੀਆਂ ਕੀਤੀਆਂ। ਡਾਊਨਟਾਊਨ ਵੈਨਕੂਵਰ ਵਿਚ ਪ੍ਰਦਰਸ਼ਨਕਾਰੀ ਭਾਰਤ ਦੇ ਕੌਂਸਲ ਜਨਰਲ ਦੇ ਬਾਹਰ ਇਕੱਠੇ ਹੋਏ ਤੇ ਖਾਲਿਸਤਾਨੀ ਪੱਖੀ ਨਾਅਰੇਬਾਜ਼ੀ ਕੀਤੀ। ਟੋਰਾਂਟੋ ਅਤੇ ਓਟਵਾ ਵਿਚ ਵੀ ਭਾਰਤੀ ਹਾਈ ਕਮਿਸ਼ਨ ਦੇ ਸਾਹਮਣੇ ਪ੍ਰਦਰਸ਼ਨ ਕਰਦਿਆਂ ਭਾਰਤ ਨੂੰ ਨਿੱਝਰ ਦੇ ਕਤਲ ਦੀ ਜਾਂਚ ਵਿਚ ਕੈਨੇਡੀਅਨ ਸਰਕਾਰ ਨਾਲ ਸਹਿਯੋਗ ਕਰਨ ਦਾ ਸੱਦਾ ਦਿੱਤਾ।

# ਨਿੱਝਰ ਹੱਤਿਆ ਮਾਮਲਾ: ਕੈਨੇਡਾ ਦੀ ਜਾਂਚ ਅੱਗੇ ਵਧੇ ਤੇ ਦੋਸ਼ੀ ਨਿਆਂ ਦੇ ਕਟਹਿਰੇ 'ਚ ਲਿਆਂਦੇ ਜਾਣ : ਅਮਰੀਕਾ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਨੇ ਕਿਹਾ ਹੈ ਕਿ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਮਾਮਲੇ 'ਚ ਕੈਨੇਡਾ ਦੀ ਜਾਂਚ ਅੱਗੇ ਵਧਣੀ ਚਾਹੀਦੀ ਹੈ ਅਤੇ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿਚ ਲਿਆਂਦਾ ਜਾਣਾ ਚਾਹੀਦਾ ਹੈ। ਕੈਨੇਡਾ ਨੇ ਦੋਸ਼ ਲਾਇਆ ਹੈ ਕਿ ਨਿੱਝਰ ਦੇ ਕਤਲ ਪਿੱਛੇ ਭਾਰਤੀ ਅਧਿਕਾਰੀਆਂ ਦਾ ਹੱਥ ਹੈ। ਭਾਰਤ ਨੇ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਦੱਸਦਿਆਂ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਿਊ ਮਿਲਰ ਨੇ ਆਪਣੀ ਰੋਜ਼ਾਨਾ ਪ੍ਰੈੱਸ ਕਾਨਫਰੰਸ 'ਚ ਕਿਹਾ, 'ਅਸੀਂ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਲਾਏ ਗਏ ਦੋਸ਼ਾਂ ਬਾਰੇ ਬਹੁਤ ਚਿੰਤਤ ਹਾਂ। ਅਸੀਂ ਆਪਣੇ ਕੈਨੇਡੀਅਨ ਭਾਈਵਾਲਾਂ ਨਾਲ ਨਜ਼ਦੀਕੀ ਸੰਪਰਕ ਵਿਚ ਹਾਂ।'


Global Allianz

ਕਾਨੂੰਨੀ ਸਲਾਹ

LAW FIRM LLP

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਕੈਨੇਡਾ 'ਚ ਭਾਰਤੀ ਡਿਪਲੋਮੈਟਿਕ ਮਿਸ਼ਨਾਂ ਦੇ ਬਾਹਰ ਖਾਲਿਸਤਾਨ ਪੱਖੀ ਪ੍ਰਦਰਸ਼ਨ

**ਟੋਰਾਂਟੋ, (ਸੁਰਜੀਤ ਸਿੰਘ ਫਲੋਰਾ/ਪੰਜਾਬ ਮੇਲ)**- ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੱਟੜਪੰਥੀ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਵਿਚ ਭਾਰਤ ਦੀ ਸ਼ਮੂਲੀਅਤ ਦੇ ਦੋਸ਼ਾਂ ਤੋਂ ਬਾਅਦ ਕਈ ਖਾਲਿਸਤਾਨ ਸਮਰਥਕਾਂ ਨੇ ਕੈਨੇਡਾ ਦੇ ਸ਼ਹਿਰ ਵੈਨਕੂਵਰ, ਓਟਵਾ ਅਤੇ ਟੋਰਾਂਟੋ ਵਿਚ ਭਾਰਤੀ ਡਿਪਲੋਮੈਟਿਕ ਮਿਸ਼ਨਾਂ ਦੇ ਬਾਹਰ ਰੈਲੀਆਂ ਕੀਤੀਆਂ।




ਡਾਊਨਟਾਊਨ ਵੈਨਕੂਵਰ ਵਿਚ ਲਗਭਗ 75 ਲੋਕ ਸੋਮਵਾਰ ਨੂੰ ਭਾਰਤ ਦੇ ਕੌਂਸਲ ਜਨਰਲ ਦਫਤਰ ਦੇ ਬਾਹਰ ਇਕੱਠੇ ਹੋਏ, ਖਾਲਿਸਤਾਨੀ ਪੱਖੀ ਨਾਅਰੇ ਲਗਾਉਂਦੇ ਹੋਏ, ਜਿੱਥੇ ਗਿੱਲੇ ਮੈਦਾਨ ਵਿਚ ਭਾਰਤ ਦੇ ਇੱਕ ਵੱਡੇ ਝੰਡੇ ਦੇ ਉੱਪਰ ਪ੍ਰਦਰਸ਼ਨ ਕੀਤਾ ਗਿਆ।

ਵੈਨਕੂਵਰ ਪੁਲਿਸ ਨੇ ਇਸ ਸਮਾਗਮ ਦੀ ਉਮੀਦ ਵਿਚ ਹੋਵ ਸਟਰੀਟ ਦੇ 300 ਬਲਾਕ ਨੂੰ ਬੰਦ ਕਰ ਦਿੱਤਾ। ਖਾਲਿਸਤਾਨੀ ਜਥੇਬੰਦੀ ਸਿੱਖਸ ਫਾਰ ਜਸਟਿਸ ਦੁਆਰਾ ਬੁਲਾਇਆ ਗਿਆ, ਜੋ ਕਿ ਭਾਰੀ ਪੁਲਿਸ ਮੌਜੂਦਗੀ ਦੇ ਵਿਚਕਾਰ ਆਇਆ ਸੀ।

ਮੀਰਾ ਬੈਂਸ, ਇੱਕ ਸਿੱਖ-ਕੈਨੇਡੀਅਨ ਪੱਤਰਕਾਰ ਨੇ ਐਕਸ 'ਤੇ ਵਿਰੋਧ ਪ੍ਰਦਰਸ਼ਨ ਦੀ ਇੱਕ ਵੀਡੀਓ ਪੋਸਟ ਕੀਤੀ, ਜਿਸ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਇੱਕ ਪੋਸਟਰ ਚੱਪਲਾਂ ਦੇ ਮਾਲਾ ਨਾਲ ਪਾਇਆ ਹੋਇਆ ਦਿਖਾਇਆ ਗਿਆ ਹੈ।

ਉਸਨੇ ਲਿਖਿਆ: ਵੈਨਕੂਵਰ ਵਿਚ ਹੋਵ ਸਟ੍ਰੀਟ ਉੱਤੇ ਭਾਰਤੀ ਕੌਂਸਲੇਟ ਦੇ ਸਾਹਮਣੇ ਪ੍ਰਦਰਸ਼ਨ ਚੱਲ ਰਿਹਾ ਹੈ। ਹੁਣ ਤੱਕ ਕੁਝ ਦਰਜਨ ਲੋਕ ਝੰਡੇ ਤੇ ਲਾਊਡ ਸਪੀਕਰ ਅਤੇ ਪੀ.ਐੱਮ. ਮੋਦੀ ਦੀ ਤਸਵੀਰ ਨਾਲ ਬਹੁਤ ਸੰਗਠਿਤ ਹਨ।

2019 ਵਿਚ ਭਾਰਤ ਦੁਆਰਾ ਪਾਬੰਦੀਸ਼ੁਦਾ ਆਗੂ ਗੁਰਪਤਵੰਤ ਸਿੰਘ ਪੰਨੂ ਵੀ ਵੈਨਕੂਵਰ ਵਿਚ ਹੋਏ ਵਿਰੋਧ ਪ੍ਰਦਰਸ਼ਨ ਦੌਰਾਨ ਮੌਜੂਦ ਸਨ ਅਤੇ ਕਿਹਾ ਕਿ ਉਹ ਇੱਥੇ "ਅੱਜ ਦੁਨੀਆਂ ਵਿਚ ਹਰ ਭਾਰਤੀ ਕੌਂਸਲੇਟ ਨੂੰ ਬੰਦ ਕਰਨ ਲਈ ਹਨ ਕਿਉਂਕਿ ਭਾਰਤ ਦਾ ਪਿਛਲਾ ਚਿਹਰਾ ਸਾਹਮਣੇ ਆ ਗਿਆ ਹੈ।"

ਇੱਕ ਹਫ਼ਤਾ ਪਹਿਲਾਂ ਧਰਨੇ ਦਾ ਐਲਾਨ ਕਰਦਿਆਂ ਪੰਨੂ ਨੇ ਕਿਹਾ ਸੀ ਕਿ ਉਹ ਹਾਈ ਕਮਿਸ਼ਨਰ ਸੰਜੇ ਵਰਮਾ ਨੂੰ ਕੱਢਣ ਦੀ ਮੰਗ ਵੀ ਕਰਨਗੇ।

ਪੰਨੂ, ਜਿਸ ਦੀਆਂ ਪੰਜਾਬ ਵਿਚ ਜਾਇਦਾਦਾਂ ਨੂੰ ਹਾਲ ਹੀ ਵਿਚ ਭਾਰਤ ਸਰਕਾਰ ਨੇ ਜ਼ਬਤ ਕੀਤਾ ਸੀ, ਨੇ ਹਾਲ ਹੀ ਵਿਚ ਕੈਨੇਡਾ ਵਿਚ ਹਿੰਦੂ ਅਤੇ ਸਿੱਖ ਭਾਈਚਾਰਿਆਂ ਨੂੰ ਵੰਡਣ ਦੇ ਉਦੇਸ਼ ਨਾਲ ਇੱਕ ਵੀਡੀਓ ਜਾਰੀ ਕੀਤਾ ਸੀ, ਜਿਸ ਵਿਚ ਭਾਰਤੀ ਮੂਲ ਦੇ ਸਾਰੇ ਹਿੰਦੂਆਂ ਨੂੰ ਆਪਣੇ ਦੇਸ਼ ਵਾਪਸ ਜਾਣ ਲਈ ਕਿਹਾ ਗਿਆ ਸੀ।

# ਭਾਰਤ-ਕੈਨੇਡਾ ਤਣਾਅ: ਓ.ਸੀ.ਆਈ. ਐਪਲੀਕੇਸ਼ਨ ਸੇਵਾਵਾਂ 'ਤੇ ਨਹੀਂ ਕੋਈ ਪ੍ਰਭਾਵ

**ਨਵੀਂ ਦਿੱਲੀ, (ਪੰਜਾਬ ਮੇਲ)**- ਭਾਰਤ ਨੇ ਹਾਲ ਹੀ ਵਿਚ ਕੈਨੇਡੀਅਨ ਨਾਗਰਿਕਾਂ ਲਈ ਵੀਜ਼ਾ ਸੇਵਾਵਾਂ ਨੂੰ ਅਸਥਾਈ ਸਮੇਂ ਲਈ ਮੁਅੱਤਲ ਕਰ ਦਿੱਤਾ ਹੈ। ਚੰਗੀ ਗੱਲ ਇਹ ਹੈ ਕਿ ਭਾਰਤ ਦੇ ਨਵੇਂ ਓਵਰਸੀਜ਼ ਸਿਟੀਜ਼ਨ ਜਾਂ ਓ.ਸੀ.ਆਈ. ਨੂੰ ਜਾਰੀ ਕਰਨ ਲਈ ਅਰਜ਼ੀਆਂ 'ਤੇ ਕੋਈ ਅਸਰ ਨਹੀਂ ਪਿਆ ਹੈ। ਹਾਲਾਂਕਿ ਇਸ ਬਾਰੇ ਉਲਝਣ ਸੀ ਕਿ ਕੀ ਹਾਲ ਹੀ ਵਿਚ ਭਾਰਤੀ ਪਾਸਪੋਰਟ ਬਿਨੈਕਾਰ ਕੈਨੇਡੀਅਨ ਨਾਗਰਿਕ ਅਤੇ ਭਾਰਤੀ ਮੂਲ ਦੇ ਹੋਰ ਲੋਕ ਇੱਕ ਨਵੇਂ ਓ.ਸੀ.ਆਈ. ਕਾਰਡ ਲਈ ਅਰਜ਼ੀ ਦੇ ਸਕਦੇ ਹਨ ਜਾਂ ਨਹੀਂ। ਇਸ ਬਾਰੇ ਇੱਕ ਸੀਨੀਅਰ ਭਾਰਤੀ ਅਧਿਕਾਰੀ ਨੇ ਕਿਹਾ ਕਿ ਸਸਪੈਂਸ਼ਨ ਸਿਰਫ ਵੀਜ਼ਾ ਸੇਵਾਵਾਂ ਲਈ ਹੈ। ਓ.ਸੀ.ਆਈ. ਸੇਵਾਵਾਂ ਮੁਅੱਤਲੀ ਨਾਲ ਪ੍ਰਭਾਵਿਤ ਨਹੀਂ ਹੋਣਗੀਆਂ। ਇਹ ਮੁਅੱਤਲੀ ਬੁੱਧਵਾਰ ਰਾਤ ਨੂੰ ਕੈਨੇਡਾ ਅਤੇ ਭਾਰਤ ਦੇ ਸਬੰਧਾਂ ਵਿਚ ਉਥਲ-ਪੁਥਲ ਅਤੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਹਾਊਸ ਆਫ ਕਾਮਨਜ਼ ਵਿਚ ਦਿੱਤੇ ਬਿਆਨ ਤੋਂ ਬਾਅਦ ਕੀਤੀ ਗਈ ਸੀ। ਬਿਆਨ ਮੁਤਾਬਕ 18 ਜੂਨ ਨੂੰ ਖਾਲਿਸਤਾਨੀ ਹਰਦੀਪ ਸਿੰਘ ਨਿੱਝਰ ਦੇ ਕਤਲ ਵਿਚ ਭਾਰਤੀ ਏਜੰਟਾਂ ਦਾ ਹੱਥ ਹੋਣ ਦੇ "ਦੋਸ਼" ਸਨ।

# ਪੰਜਾਬੀ ਨੌਜਵਾਨ ਦੀ ਅਮਰੀਕਾ 'ਚ ਦਿਲ ਦਾ ਦੌਰਾ ਪੈਣ ਕਾਰਨ ਮੌਤ

**ਜਲੰਧਰ, (ਪੰਜਾਬ ਮੇਲ)**- ਆਦਮਪੁਰ ਦੇ ਪਿੰਡ ਪਧਿਆਣਾ ਦੇ ਨੌਜਵਾਨ ਦਮਨਜੋਤ ਸਿੰਘ ਦੀ ਅਮਰੀਕਾ 'ਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਪਿੰਡ ਪਧਿਆਣਾ ਦੇ ਨੰਬਰਦਾਰ ਬਲਜੀਤ ਸਿੰਘ ਪਧਿਆਣਾ ਨੇ ਦੱਸਿਆ ਕਿ ਦਮਨਜੋਤ ਸਿੰਘ ਪੁੱਤਰ ਬਲਜੀਤ ਸਿੰਘ ਕਰੀਬ 6 ਮਹੀਨੇ ਪਹਿਲਾਂ 40 ਲੱਖ ਦੇ ਕਰੀਬ ਕਰਜ਼ਾ ਚੁੱਕ ਕੇ ਵਿਦੇਸ਼ (ਅਮਰੀਕਾ) ਰੋਜ਼ੀ ਰੋਟੀ ਕਮਾਉਣ ਲਈ ਗਿਆ ਸੀ। 



20 ਸਤੰਬਰ ਨੂੰ ਅਮਰੀਕਾ ਤੋਂ ਫੋਨ ਆਇਆ ਕਿ ਦਮਨਜੋਤ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਦਮਨਜੋਤ ਸਿੰਘ ਮਾਤਾ-ਪਿਤਾ ਦਾ ਇਕਲੌਤਾ ਪੁੱਤਰ ਸੀ, ਉਸ ਦੇ ਪਰਿਵਾਰ ਵਿਚ ਮਾਤਾ ਤੇ ਭੈਣ ਹਨ।


## MATRIMONIAL

Jath Sikh, 28 yrs, height 6'-2" feet, Australia work Visa Holder since 2022 (At present in Australia), Study : BTech Productions 2017 (GNE Ludhiana). Mother Retired principal (Govt Of Punjab) USA GREEN CARD HOLDER. Looking for a USA Citizen Girl. for Contact # 951-934-8655

## MATRIMONIAL

Jath Sikh, 32 yrs, height 6 feet, USA Multiple Visa Holder 10 years, Study BTech Electronics and Communications (GNE Ludhiana 2013), MEngg. Electrical and Computer Eng (Ottawa Carlton University Canada 2017. Mother Retired principal (Govt Of Punjab) USA GREEN CARD HOLDER. Looking for a USA Citizen Girl. Contact # 951-934-8655

## MATRIMONIAL

Seeking alliance for a beautiful 33 year old Sikh Rajput girl height 5'3" Canadian citizen in US. Family is well settled in US. Innocently divorced shortly after marriage. Looking for a Green card holder or US citizen boy. Upper caste-no bar. Please send pictures and bio data on (510) 506-2319






EXPO
FURNITURE
Gallery
FALL SAVINGS
PRICES ARE FALLING!
SAVE UP TO
70%
OFF IN STORE
7310 Home Leisure Plaza
Sacramento, CA 95823
(916) 392-3233
11415 Folsom Blvd. STE #105
Rancho Cordova, CA 95742
(916) 635-3976
Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

# ਵਾਸ਼ਿੰਗਟਨ ਡੀ.ਸੀ. ਵਿਚ ਗਲੋਬਲ ਜਸ਼ਨ ਵਿਸ਼ਵ ਸੱਭਿਆਚਾਰ ਉਤਸਵ 29 ਸਤੰਬਰ ਤੋਂ 1 ਅਕਤੂਬਰ ਤੱਕ

■ 17,000 ਕਲਾਕਾਰ, ਦੁਨੀਆਂ ਦੇ ਨਾਮਵਰ ਮੁਖੀ, 100 ਤੋਂ ਵੱਧ ਦੇਸ਼ਾਂ ਦੇ ਨੇਤਾ ਇਸ ਇਕੱਠ 'ਚ ਹੋਣਗੇ ਸ਼ਾਮਲ




**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਇਸ ਹਫਤੇ ਦੇ ਅੰਤ ਵਿਚ, ਦੁਨੀਆਂ ਭਰ ਦੀਆਂ ਸਾਰੀਆਂ ਨਜ਼ਰਾਂ ਵਾਸ਼ਿੰਗਟਨ ਡੀ.ਸੀ. 'ਤੇ ਹੋਣਗੀਆਂ, ਕਿਉਂਕਿ 29 ਸਤੰਬਰ ਤੋਂ 1 ਅਕਤੂਬਰ ਤੱਕ ਅਮਰੀਕੀ ਰਾਜਧਾਨੀ ਵਿਭਿੰਨਤਾ ਅਤੇ ਏਕਤਾ ਦੇ ਇੱਕ ਅਭੁੱਲ ਜਸ਼ਨ ਦੀ ਮੇਜ਼ਬਾਨੀ ਕਰੇਗੀ, ਇਹ ਆਰਟ ਆਫ਼ ਲਿਵਿੰਗ ਦੇ ਵਿਸ਼ਵ ਸੱਭਿਆਚਾਰ ਉਤਸਵ ਹਜ਼ਾਰਾਂ ਲੋਕਾਂ ਦੇ ਸਿਰ ਚੜ੍ਹ ਬੋਲੇਗਾ। ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ.ਸੀ. ਦੇ ਵਿਚ ਸੈੱਟ ਕੀਤਾ ਗਿਆ ਸਟੇਜ ਫੁੱਟਬਾਲ ਦੇ ਮੈਦਾਨ ਦੇ ਆਕਾਰ ਦਾ ਹੈ। ਇਹ ਸਮਾਗਮ 17,000 ਕਲਾਕਾਰਾਂ, ਰਾਜਾਂ ਦੇ ਕਈ ਮੁਖੀਆਂ ਅਤੇ 100 ਤੋਂ ਵੱਧ ਦੇਸ਼ਾਂ ਦੇ ਵਿਚਾਰਵਾਨ ਨੇਤਾਵਾਂ ਦੇ ਇੱਕ ਯਾਦਗਾਰੀ ਇਕੱਠ ਦਾ ਗਵਾਹ ਹੋਵੇਗਾ, ਸਾਰੇ ਨੈਸ਼ਨਲ ਮਾਲ ਵਿਚ ਇਕੱਠੇ ਹੋਣਗੇ। ਇਸ ਨੂੰ ਬੇਮਿਸਾਲ ਅਨੁਪਾਤ ਦਾ ਇੱਕ ਵਿਸ਼ਵ ਰੰਗਮੰਚ ਬਣਾਉਂਦੇ ਹੋਏ ਹੈਰਾਨੀਜਨਕ ਅੱਧਾ ਮਿਲੀਅਨ ਲੋਕਾਂ ਦੇ ਭਾਗ ਲੈਣ ਦੀ ਉਮੀਦ ਹੈ। ਇਸ ਵੱਡੇ ਸਮਾਗਮ ਵਿਚ 50 ਤੋਂ ਵੱਧ ਪ੍ਰਦਰਸ਼ਨ ਸ਼ਾਮਲ ਹਨ, ਜਿਨ੍ਹਾਂ 'ਚ 1,000 ਗਾਇਕਾਂ ਅਤੇ ਡਾਂਸਰਾਂ ਨਾਲ ਇੱਕ ਰਵਾਇਤੀ ਚੀਨੀ ਸੱਭਿਆਚਾਰਕ ਪ੍ਰਦਰਸ਼ਨ, 7,000 ਡਾਂਸਰਾਂ ਦੇ ਨਾਲ ਇੱਕ ਅਸਾਧਾਰਨ ਗਰਬਾ, ਲਾਈਵ ਜੁਗਲਬੰਦੀ ਦੇ ਨਾਲ 700 ਭਾਰਤੀ ਕਲਾਸੀਕਲ ਡਾਂਸਰ, ਕਿੰਗ ਚਾਰਲਸ ਅਤੇ ਕੈਲੀ ਫੋਰਮੈਨ ਦੁਆਰਾ ਕੋਰੀਓਗ੍ਰਾਫੀ ਦੀ ਸ਼ੁਰੂਆਤ ਕਰਨ ਵਾਲੇ 100 ਬ੍ਰੇਕ ਡਾਂਸਰਾਂ ਦੇ ਨਾਲ ਕੁਰਟਿਸ ਬਲੋ, SHA-ਰੌਕ, ਸੀਕਵੈਂਸ ਗਰਲਜ਼ ਅਤੇ ਡੀਜੇ ਕੂਲ ਅਤੇ ਹਿਪ-ਹੌਪ ਦੇ ਹੋਰ ਦੰਤਕਥਾਵਾਂ ਦੁਆਰਾ ਹਿੱਪ-ਹੌਪ ਨੂੰ 50ਵੀਂ ਵਰ੍ਹੇਗੰਢ ਦੀ ਸ਼ਰਧਾਂਜਲੀ, 100 ਯੂਕਰੇਨੀ ਡਾਂਸਰ ਆਪਣੇ ਰਵਾਇਤੀ ਹੋਪਾਕ ਦਾ ਪ੍ਰਦਰਸ਼ਨ, ਗ੍ਰੈਮੀ ਅਵਾਰਡ ਜੇਤੂ ਮਿਕੀ ਫ੍ਰੀ ਦੀ ਅਗਵਾਈ ਵਿਚ 1000 ਗਿਟਾਰਿਸਟ, ਬੌਬ ਮਾਰਲੇ ਦੇ ਮਹਾਨ ਕਲਾਸਿਕ "ਵਨ ਲਵ" ਦਾ ਉਸਦੇ ਪੋਤੇ ਸਕਿੱਪ ਮਾਰਲੇ ਦੁਆਰਾ ਮਨੋਰੰਜਨ ਹੋਵੇਗਾ। ਵਰਨਣਯੋਗ ਹੈ ਕਿ ਇਸ ਨੈਸ਼ਨਲ ਮਾਲ ਵਿਖੇ ਮਾਰਟਿਨ ਲੂਥਰ ਕਿੰਗਜ਼ ਨੇ 1963 ਵਿਚ ਵਿਸ਼ਵ ਵਿਚ ਸਮਾਨਤਾ ਅਤੇ ਏਕਤਾ ਦਾ ਸੰਦੇਸ਼ ਫੈਲਾਉਣ ਲਈ ਮਸ਼ਹੂਰ "ਆਈ ਹੈਵ ਏ ਡ੍ਰੀਮ" ਭਾਸ਼ਣ ਦਿੱਤਾ ਸੀ। ਇਸ ਤੋਂ ਇੱਕ ਸਦੀ ਪਹਿਲਾਂ, ਸ਼ਿਕਾਗੋ ਵਿਚ ਪਹਿਲੀ ਵਿਸ਼ਵ ਧਰਮ ਸੰਸਦ ਵਿਚ, ਸਵਾਮੀ ਵਿਵੇਕਾਨੰਦ ਨੇ ਇੱਕ ਇਤਿਹਾਸਿਕ ਭਾਸ਼ਣ ਦਿੱਤਾ, ਜਿਨ੍ਹਾਂ ਦੀ ਹਾਜ਼ਰੀ ਨੇ ਹਰ ਕਿਸੇ ਨੂੰ ਆਪਣੇ ਪੈਰਾਂ 'ਤੇ ਲਿਆ ਦਿੱਤਾ। ਉਨ੍ਹਾਂ ਨੇ ਦੁਨੀਆਂ ਦੇ ਪ੍ਰਮੁੱਖ ਧਰਮਾਂ ਦੇ ਪ੍ਰਤੀਨਿਧਾਂ ਨੂੰ ਆਪਣੇ ਭਰਾਵਾਂ ਅਤੇ ਭੈਣਾਂ ਵਜੋਂ ਸੰਬੋਧਿਤ ਕੀਤਾ ਅਤੇ ਧਾਰਮਿਕ ਕੱਟੜਤਾ ਅਤੇ ਅਸਹਿਣਸ਼ੀਲਤਾ ਨੂੰ ਖਤਮ ਕਰਨ ਲਈ ਕਿਹਾ।

# ਅਮਰੀਕਾ 'ਚ ਕਮਿਸ਼ਨਰ ਦੀ ਚੋਣ ਲੜ ਰਹੇ ਭਾਰਤੀ-ਅਮਰੀਕੀ ਉਮੀਦਵਾਰ 'ਤੇ ਕੀਤੀਆਂ ਨਸਲੀ ਟਿੱਪਣੀਆਂ



**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ 'ਚ ਫੋਰਟ ਬੈਂਡ ਕਾਊਂਟੀ ਕਮਿਸ਼ਨਰ (ਟੈਕਸਾਸ) ਦੀ ਚੋਣ ਲੜੇ ਰਹੇ ਇਕ ਭਾਰਤੀ-ਅਮਰੀਕੀ ਉਮੀਦਵਾਰ ਬਾਰੇ ਭੱਦੀਆਂ ਨਸਲੀ ਟਿੱਪਣੀਆਂ ਕਰਨ ਦੀ ਰਿਪੋਰਟ ਹੈ ਤੇ ਉਸ ਨੂੰ ਵਾਪਸ ਆਪਣੇ ਦੇਸ਼ ਚਲੇ ਜਾਣ ਵਰਗੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। 29 ਸਾਲਾ ਨੀਤੀ ਮਾਹਿਰ ਡੈਮੋਕਰੈਟਿਕ ਆਗੂ ਤਾਰਲ ਵੀ ਪਟੇਲ ਨੇ ਕਿਹਾ ਹੈ ਕਿ ਉਸ ਬਾਰੇ ਸੋਸ਼ਲ ਮੀਡੀਆ ਉਪਰ ਨਫਰਤ ਭਰੀਆਂ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਵਿਚ ਉਸ ਦੀ ਜਾਤ, ਕੌਮੀਅਤ ਤੇ ਧਾਰਮਿਕ ਵਿਸ਼ਵਾਸ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪਟੇਲ ਜੋ ਰਿਪਬਲੀਕਨ ਉਮੀਦਵਾਰ ਐਂਡੀ ਮੇਅਰਜ ਵਿਰੁੱਧ ਚੋਣ ਲੜ ਰਿਹਾ ਹੈ, ਨੇ ਕਿਹਾ ਹੈ ਕਿ ਨਫਰਤੀ ਟਿੱਪਣੀਆਂ ਵਿਚ ਉਸ ਤੋਂ ਇਲਾਵਾ ਉਸ ਦੇ ਪਰਿਵਾਰ, ਭਾਈਚਾਰੇ ਤੇ ਦੋਸਤਾਂ-ਮਿੱਤਰਾਂ ਨੂੰ ਵੀ ਨਹੀਂ ਬਖਸ਼ਿਆ ਗਿਆ। ਉਨ੍ਹਾਂ ਕਿਹਾ ਕਿ ਮੇਰੇ ਵਿਰੋਧੀ ਆਪਣੀਆਂ ਹੱਦਾਂ ਪਾਰ ਕਰ ਚੁੱਕੇ ਹਨ। ਪਟੇਲ ਦਾ ਪਰਿਵਾਰ 1980ਵਿਆਂ ਵਿਚ ਭਾਰਤ ਤੋਂ ਅਮਰੀਕਾ ਆਇਆ ਸੀ। ਉਹ ਗਰੇਟਰ ਹਿਊਸਟਨ ਵਿਚ ਵੱਡਾ ਹੋਇਆ ਤੇ ਉਸ ਨੇ ਸਿਨਕੋ ਰੈਂਚ ਹਾਈ ਸਕੂਲ ਤੋਂ ਪੜ੍ਹਾਈ ਕਰਨ ਉਪਰੰਤ 2016 ਵਿਚ ਯੂਨੀਵਰਸਿਟੀ ਆਫ ਟੈਕਸਾਸ, ਆਸਟਿਨ ਵਿਚੋਂ ਗ੍ਰੈਜੂਏਸ਼ਨ ਕੀਤੀ। 2021 'ਚ ਰਾਸ਼ਟਰਪਤੀ ਜੋਅ ਬਾਈਡਨ ਨੇ ਵਾਇਟ ਹਾਊਸ ਵਿਚ ਉਨ੍ਹਾਂ ਦੀ ਨਿਯੁਕਤੀ ਸੰਪਰਕ ਅਧਿਕਾਰੀ ਵਜੋਂ ਕੀਤੀ ਸੀ।

# ਅਮਰੀਕਾ 'ਚ ਡੇਢ ਸੌ ਫੁੱਟ ਉੱਚੀ ਚੱਟਾਨ ਤੋਂ ਡਿੱਗ ਕੇ ਔਰਤ ਦੀ ਮੌਤ

■ ਵਾਟਰਫਾਲ ਦਾ ਨਜ਼ਾਰਾ ਵੇਖਣ ਲਈ ਜਾਂਦੇ ਹਨ ਇਸ ਪਹਾੜੀ 'ਤੇ ਲੋਕ



**ਉਸ ਚੱਟਾਨ ਦੇ ਉਪਰ ਨਜ਼ਰ ਆ ਰਹੇ ਰਾਹਤ ਕਾਮੇ, ਜਿਥੋਂ ਡਿੱਗ ਕੇ ਔਰਤ ਦੀ ਮੌਤ ਹੋਈ।**

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ ਦੇ ਉੱਤਰੀ ਕੈਰੋਲੀਨਾ ਰਾਜ ਵਿਚ ਬਲਿਊ ਰਿਜ਼ ਪਾਰਕਵੇਅ ਉਪਰ ਇਕ ਉੱਚੀ ਚੱਟਾਨ ਤੋਂ ਡਿੱਗ ਕੇ ਇਕ 61 ਸਾਲਾ ਸੈਲਾਨੀ ਔਰਤ ਦੀ ਮੌਤ ਹੋ ਜਾਣ ਦੀ ਰਿਪੋਰਟ ਹੈ। ਇਹ ਉਹ ਜਗ੍ਹਾ ਹੈ, ਜਿਥੇ ਸੈਲਾਨੀ ਨਾਲ ਲੱਗਦੇ ਗਲਾਸਮਾਈਨ ਵਾਟਰਫਾਲ ਦਾ ਨਜ਼ਾਰਾ ਵੇਖਣ ਜਾਂਦੇ ਹਨ। ਨੈਸ਼ਨਲ ਪਾਰਕ ਸਰਵਿਸ ਨੇ ਇਕ ਪ੍ਰੈੱਸ ਬਿਆਨ ਵਿਚ ਕਿਹਾ ਹੈ ਕਿ ਸੂਚਨਾ ਮਿਲਣ ਉਪਰੰਤ ਬਚਾਅ ਟੀਮ ਨੇ ਇਕ ਮੋਟੇ ਅੰਦਾਜੇ ਅਨੁਸਾਰ ਚੱਟਾਨ ਤੋਂ 150 ਫੁੱਟ ਹੇਠਾਂ ਔਰਤ ਦੀ ਮ੍ਰਿਤਕ ਦੇਹ ਨੂੰ ਬਰਾਮਦ ਕਰ ਲਿਆ। ਮ੍ਰਿਤਕ ਔਰਤ ਦੀ ਪਛਾਣ ਨੈਨਸੀ ਸੈਂਪਸਨ ਵਜੋਂ ਹੋਈ ਹੈ ਜੋ ਗਰੀਰ, ਦੱਖਣੀ ਕੈਰੋਲੀਨਾ ਦੀ ਵਸਨੀਕ ਹੈ। ਰੀਮਸ ਕਰੀਕ ਫਾਇਰ ਵਿਭਾਗ ਅਨੁਸਾਰ ਔਰਤ ਦੀ ਮੌਤ ਉਸ ਦੇ ਜ਼ਖਮਾਂ ਕਾਰਨ ਹੋਈ ਹੈ ਤੇ ਜਿਸ ਸਮੇਂ ਉਹ ਪਹਾੜੀ ਉਪਰੋਂ ਡਿੱਗੀ, ਉਸ ਦੇ ਨਾਲ ਪਰਿਵਾਰ ਦਾ ਇਕ ਹੋਰ ਮੈਂਬਰ ਵੀ ਮੌਜੂਦ ਸੀ, ਜੋ ਔਰਤ ਦੇ ਹੇਠਾਂ ਡਿੱਗਣ ਉਪਰੰਤ ਬੁਰੀ ਤਰ੍ਹਾਂ ਘਬਰਾ ਗਿਆ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਕੈਨੇਡਾ ਵੱਲੋਂ ਸਖਤੀ; ਭਾਰਤ ਵਿਰੋਧੀ ਪੋਸਟਰ ਹਟਾਉਣ ਦੇ ਨਿਰਦੇਸ਼

**ਟੋਰਾਂਟੋ, (ਪੰਜਾਬ ਮੇਲ)**- ਹਰਦੀਪ ਸਿੰਘ ਨਿੱਝਰ ਦੇ ਕਤਲ ਮਾਮਲੇ ਵਿਚ ਭਾਰਤ ਵੱਲੋਂ ਦਿੱਤੇ ਮੂੰਹਤੋੜ ਜਵਾਬ ਤੋਂ ਬਾਅਦ ਕੈਨੇਡਾ ਦਾ ਰਵੱਈਆ ਨਰਮ ਹੁੰਦਾ ਨਜ਼ਰ ਆ ਰਿਹਾ ਹੈ। ਖਾਲਿਸਤਾਨੀ ਵੱਖਵਾਦੀਆਂ ਅਤੇ ਸਮਰਥਕਾਂ ਖ਼ਿਲਾਫ਼ ਭਾਰਤੀ ਦਬਾਅ ਤੋਂ ਬਾਅਦ ਕੈਨੇਡੀਅਨ ਪ੍ਰਸ਼ਾਸਨ ਨੇ ਆਪਣੀ ਸਖ਼ਤੀ ਵਧਾ ਦਿੱਤੀ ਹੈ। ਬ੍ਰਿਟਿਸ਼ ਕੋਲੰਬੀਆ ਸੂਬੇ 'ਚ ਅਹਿਮ ਥਾਵਾਂ 'ਤੇ ਖਾਲਿਸਤਾਨ ਦੇ ਸਮਰਥਨ 'ਚ ਲੱਗੇ ਹੋਰਡਿੰਗ ਅਤੇ ਬੈਨਰ ਹਟਾਉਣ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ। ਖਾਲਿਸਤਾਨੀ ਸਮਰਥਕਾਂ ਨੇ ਆਪਣੇ ਪ੍ਰਚਾਰ ਨੂੰ ਅੱਗੇ ਵਧਾਉਂਦੇ ਹੋਏ ਵੱਖ-ਵੱਖ ਥਾਵਾਂ 'ਤੇ ਹੋਰਡਿੰਗ ਅਤੇ ਬੈਨਰ ਲਗਾ ਦਿੱਤੇ ਸਨ, ਤਾਂ ਜੋ ਲੋਕ ਇਨ੍ਹਾਂ ਨੂੰ ਦੇਖ ਸਕਣ ਅਤੇ ਪ੍ਰਭਾਵਿਤ ਹੋ ਸਕਣ। ਪਰ ਹੁਣ ਉਨ੍ਹਾਂ ਨੂੰ ਹਟਾਇਆ ਜਾ ਰਿਹਾ ਹੈ। ਸਥਾਨਕ ਅਧਿਕਾਰੀਆਂ ਦੇ ਦਖਲ ਤੋਂ ਬਾਅਦ ਕੈਨੇਡਾ ਦੇ ਸਰੀ ਦੇ ਇੱਕ ਗੁਰਦੁਆਰੇ ਤੋਂ ਭਾਰਤੀ ਡਿਪਲੋਮੈਟਾਂ ਦੇ ਕਤਲ ਦਾ ਸੱਦਾ ਦੇਣ ਵਾਲੇ ਪੋਸਟਰ ਹਟਾ ਦਿੱਤੇ ਗਏ ਹਨ। ਸੂਤਰਾਂ ਅਨੁਸਾਰ ਸਰੀ ਦੇ ਗੁਰਦੁਆਰੇ ਨੂੰ ਤਿੰਨ ਭਾਰਤੀ ਡਿਪਲੋਮੈਟਾਂ ਦੇ ਕਤਲ ਦਾ ਸੱਦਾ ਦੇਣ ਵਾਲੇ ਪੋਸਟਰਾਂ ਨੂੰ ਹਟਾਉਣ ਲਈ ਕਿਹਾ ਗਿਆ ਸੀ ਕਿਉਂਕਿ ਅਧਿਕਾਰੀਆਂ ਨੂੰ ਇਸ ਮੁੱਦੇ ਦੀ ਗੰਭੀਰਤਾ ਅਤੇ ਕੈਨੇਡੀਅਨ ਧਰਤੀ ਤੋਂ ਅਜਿਹੇ ਸੰਦੇਸ਼ ਆਉਣ ਦੀ ਸੰਭਾਵਨਾ ਦਾ ਅਹਿਸਾਸ ਹੋਇਆ ਸੀ।



# ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ, ਸੈਕਰਾਮੈਂਟੋ ਵੱਲੋਂ ਇੰਟਰਨੈਸ਼ਨਲ ਕਬੱਡੀ ਕੱਪ 1 ਅਕਤੂਬਰ ਨੂੰ; ਤਿਆਰੀਆਂ ਮੁਕੰਮਲ



ਸੈਕਰਾਮੈਂਟੋ, (ਪੰਜਾਬ ਮੇਲ)- ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ, ਸੈਕਰਾਮੈਂਟੋ ਵੱਲੋਂ ਇੰਟਰਨੈਸ਼ਨਲ ਕਬੱਡੀ ਕੱਪ-2023, ਇਸ ਵਾਰ 1 ਅਕਤੂਬਰ, ਦਿਨ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸੰਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਦੀ ਗਰਾਊਂਡ ਵਿਚ ਹੋਣ ਵਾਲੇ ਇਸ ਟੂਰਨਾਮੈਂਟ ਵਿਚ ਦੁਨੀਆਂ ਭਰ ਦੇ ਚੋਟੀ ਦੇ ਕਬੱਡੀ ਖਿਡਾਰੀ ਹਿੱਸਾ ਲੈਣਗੇ। ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ.ਐੱਸ.ਏ. ਵੱਲੋਂ ਬਣੇ ਨਿਯਮ ਅਤੇ ਸ਼ਰਤਾਂ, ਸਮੂਹ ਟੀਮਾਂ ਅਤੇ ਖਿਡਾਰੀਆਂ 'ਤੇ ਲਾਗੂ ਹੋਣਗੀਆਂ। ਖਿਡਾਰੀਆਂ ਨੂੰ ਵੱਡੇ ਕੈਸ਼ ਪ੍ਰਾਈਜ਼ ਦੇ ਕੇ ਨਿਵਾਜਿਆ ਜਾਵੇਗਾ। ਜੇਤੂ ਟੀਮਾਂ 'ਚੋਂ ਪਹਿਲੇ ਨੰਬਰ 'ਤੇ ਆਉਣ ਵਾਲੀ ਟੀਮ ਨੂੰ ਇਨਾਮ ਚੜ੍ਹਦਾ ਪੰਜਾਬ ਕਲੱਬ ਸੈਕਰਾਮੈਂਟੋ ਵੱਲੋਂ ਦਿੱਤਾ ਜਾਵੇਗਾ। ਸੈਕਿੰਡ ਪ੍ਰਾਈਜ਼ ਚੜ੍ਹਦੀ ਕਲਾ ਗਰੁੱਪ ਵੱਲੋਂ, ਤੀਜਾ ਪ੍ਰਾਈਜ਼ ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਵੱਲੋਂ, ਚੌਥਾ ਪ੍ਰਾਈਜ਼ ਸੈਕ ਬ੍ਰਦਰਜ਼ ਵੱਲੋਂ ਅਤੇ ਪੰਜਵੇਂ ਨੰਬਰ 'ਤੇ ਆਉਣ ਵਾਲੀ ਟੀਮ ਨੂੰ ਯੂਬਾ ਬ੍ਰਦਰਜ਼ ਯੂਬਾ ਸਿਟੀ ਵੱਲੋਂ ਕੈਸ਼ ਪ੍ਰਾਈਜ਼ ਦੇ ਕੇ ਨਿਵਾਜਿਆ ਜਾਵੇਗਾ। ਇਸ ਤੋਂ ਇਲਾਵਾ ਟਾਪ ਰੇਡਰ ਅਤੇ ਜਾਫੀਆਂ ਨੂੰ ਵਿਸ਼ੇਸ਼ ਇਨਾਮ ਦਿੱਤੇ ਜਾਣਗੇ। ਸਮੂਹ ਭਾਈਚਾਰੇ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਕਬੱਡੀ ਦੇ ਇਸ ਮਹਾਨ ਕੁੰਭ ਵਿਚ ਹੁੰਮਹੁਮਾ ਕੇ ਪਹੁੰਚੋ। ਔਰਤਾਂ ਦੇ ਬੈਠਣ ਦਾ ਵੱਖਰਾ ਬੰਦੋਬਸਤ ਕੀਤਾ ਗਿਆ ਹੈ। ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਹੋ ਰਹੇ ਇਸ ਖੇਡ ਮੇਲੇ ਦੌਰਾਨ ਨਸ਼ਾ ਕਰਕੇ ਆਉਣ ਅਤੇ ਹਥਿਆਰ ਆਦਿ ਲਿਆਉਣ ਦੀ ਮਨਾਹੀ ਕੀਤੀ ਗਈ ਹੈ।

ਪਤਾ ਹੈ : 7676, ਬਰਾਡਸ਼ਾਅ ਰੋਡ, ਸੈਕਰਾਮੈਂਟੋ, ਕੈਲੀਫੋਰਨੀਆ

ਹੋਰ ਜਾਣਕਾਰੀ ਲਈ ਪਰਗਟ ਸੰਧੂ : 209-810-5667, ਧੀਰਾ ਨਿੱਜਰ : 916-416-9527 ਅਤੇ ਹੈਪੀ ਬਰਿਆਣਾ ਨੂੰ 916-240-4110 'ਤੇ ਕਾਲ ਕਰ ਸਕਦੇ ਹੋ।

# ਬਾਇਡਨ ਪ੍ਰਸ਼ਾਸਨ ਇਜ਼ਰਾਈਲੀ ਨਾਗਰਿਕਾਂ ਨੂੰ ਦੇਵੇਗਾ ਬਿਨਾਂ ਵੀਜ਼ੇ ਦੇ ਅਮਰੀਕਾ ਯਾਤਰਾ ਦੀ ਇਜਾਜ਼ਤ

ਵਾਸ਼ਿੰਗਟਨ, (ਪੰਜਾਬ ਮੇਲ)- ਬਾਇਡਨ ਪ੍ਰਸ਼ਾਸਨ ਇਸ ਹਫ਼ਤੇ ਇਜ਼ਰਾਈਲ ਨੂੰ ਇਕ 'ਵਿਸ਼ੇਸ਼ ਕਲੱਬ' ਵਿਚ ਸ਼ਾਮਲ ਕਰਨ ਲਈ ਤਿਆਰ ਹੈ, ਜਿਸ ਦੇ ਤਹਿਤ ਇਜ਼ਰਾਈਲੀ ਨਾਗਰਿਕਾਂ ਨੂੰ ਬਿਨਾਂ ਵੀਜ਼ੇ ਦੇ ਅਮਰੀਕਾ ਦੀ ਯਾਤਰਾ ਕਰਨ ਦੀ ਇਜਾਜ਼ਤ ਹੋਵੇਗੀ। ਅਮਰੀਕੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਵੀਜ਼ਾ ਛੋਟ ਪ੍ਰੋਗਰਾਮ ਵਿਚ ਇਜ਼ਰਾਈਲ ਨੂੰ ਸ਼ਾਮਲ ਕਰਨ ਦੀ ਘੋਸ਼ਣਾ ਇਸ ਹਫ਼ਤੇ ਦੇ ਅੰਤ ਵਿਚ ਕਰਨ ਦੀ ਯੋਜਨਾ ਹੈ। ਹੋਮਲੈਂਡ ਸਕਿਓਰਿਟੀ ਵਿਭਾਗ ਇਸ ਪ੍ਰੋਗਰਾਮ ਦਾ ਸੰਚਾਲਨ ਕਰਦਾ ਹੈ, ਜੋ ਵਰਤਮਾਨ ਵਿਚ 40 ਦੇਸ਼ਾਂ ਦੇ ਨਾਗਰਿਕਾਂ ਨੂੰ ਬਿਨਾਂ ਵੀਜ਼ਾ ਦੇ 3 ਮਹੀਨਿਆਂ ਲਈ ਅਮਰੀਕਾ ਦੀ ਯਾਤਰਾ ਕਰਨ ਦੀ ਇਜਾਜ਼ਤ ਦਿੰਦਾ ਹੈ।

ਮਾਮਲੇ ਦੀ ਜਾਣਕਾਰੀ ਰੱਖਣ ਵਾਲੇ 5 ਅਧਿਕਾਰੀਆਂ ਨੇ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਹੋਮਲੈਂਡ ਸਕਿਓਰਿਟੀ ਡਿਪਾਰਟਮੈਂਟ ਦੇ ਮੰਤਰੀ ਅਲੇਜਾਂਦਰੋ ਮਯੋਰਕਾਸ ਇਜ਼ਰਾਈਲ ਨੂੰ ਵੀਜ਼ਾ ਛੋਟ ਪ੍ਰੋਗਰਾਮ 'ਚ ਸ਼ਾਮਲ ਕਰਨ ਦੇ ਸਬੰਧ 'ਚ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਤੋਂ ਹਰੀ ਝੰਡੀ ਮਿਲਣ ਤੋਂ ਵੀਰਵਾਰ ਨੂੰ ਇਸ ਬਾਰੇ ਐਲਾਨ ਕਰ ਸਕਦੇ ਹਨ। ਅਧਿਕਾਰੀਆਂ ਨੇ ਕਿਹਾ ਕਿ ਇਸ ਗੱਲ ਦੀ ਸੰਭਾਵਨਾ ਹੈ ਕਿ ਬਲਿੰਕਨ ਮੰਗਲਵਾਰ ਤੱਕ ਇਜ਼ਰਾਈਲ ਨੂੰ ਵੀਜ਼ਾ ਛੋਟ ਪ੍ਰੋਗਰਾਮ ਵਿਚ ਸ਼ਾਮਲ ਕਰਨ ਦੀ ਸਿਫਾਰਸ਼ ਕਰ ਸਕਦੇ ਹਨ।

# ਕੈਨੇਡਾ 'ਚ ਗੈਂਗਸਟਰ ਸੁੱਖਾ ਦੁੱਨੇਕੇ ਦਾ ਗੋਲੀ ਮਾਰ ਕੇ ਕਤਲ



ਟੋਰਾਂਟੋ, (ਪੰਜਾਬ ਮੇਲ)- ਭਾਰਤ-ਕੈਨੇਡਾ ਵਿਚਾਲੇ ਤਣਾਅ ਦਰਮਿਆਨ ਇਥੇ ਕੈਨੇਡਾ 'ਚ 'ਏ' ਕੈਟਾਗਰੀ ਦੇ ਗੈਂਗਸਟਰ ਸੁਖਦੂਲ ਸਿੰਘ ਗਿੱਲ ਉਰਫ ਸੁੱਖਾ ਦੁੱਨੇਕੇ ਦਾ ਕਤਲ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਉਹ ਸਾਲ 2017 ਵਿਚ ਜਾਅਲੀ ਪਾਸਪੋਰਟ ਬਣਵਾ ਕੇ ਪੰਜਾਬ ਤੋਂ ਕੈਨੇਡਾ ਭੱਜ ਗਿਆ ਸੀ। ਇਥੇ ਦੱਸ ਦੇਈਏ ਕਿ ਇਸ ਕਤਲ ਸਬੰਧੀ ਫਿਲਹਾਲ ਕੈਨੇਡਾ ਪੁਲਿਸ ਨੇ ਕੋਈ ਪੁਸ਼ਟੀ ਨਹੀਂ ਕੀਤੀ ਹੈ। ਸੁੱਖਾ 41 ਅੱਤਵਾਦੀਆਂ ਅਤੇ ਗੈਂਗਸਟਰਾਂ ਦੀ ਸੂਚੀ ਵਿਚ ਸ਼ਾਮਲ ਸੀ, ਜਿਸ ਨੂੰ ਐੱਨ.ਆਈ.ਏ. ਨੇ ਵੀ ਜਾਰੀ ਕੀਤਾ ਸੀ।

# ਸਿੱਖ ਕਤਲੇਆਮ : ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਬਰੀ

■ ਦਿੱਲੀ ਦੀ ਅਦਾਲਤ ਨੇ ਮੁਲਜ਼ਮਾਂ ਨੂੰ ਦਿੱਤਾ 'ਸ਼ੱਕ ਦਾ ਲਾਭ'



ਨਵੀਂ ਦਿੱਲੀ, (ਪੰਜਾਬ ਮੇਲ)- ਇਥੋਂ ਦੀ ਅਦਾਲਤ ਨੇ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਨੂੰ 1984 ਵਿਚ ਹੋਏ ਸਿੱਖ ਕਤਲੇਆਮ ਦੌਰਾਨ ਇਕ ਵਿਅਕਤੀ ਦੀ ਹੱਤਿਆ ਨਾਲ ਸਬੰਧਤ ਮਾਮਲੇ ਵਿਚ 'ਸ਼ੱਕ ਦਾ ਲਾਭ' ਦਿੰਦਿਆਂ ਬਰੀ ਕਰ ਦਿੱਤਾ। ਵਿਸ਼ੇਸ਼ ਜੱਜ ਗੀਤਾਂਜਲੀ ਗੋਇਲ ਨੇ ਦੋ ਹੋਰ ਮੁਲਜ਼ਮਾਂ ਵੇਦ ਪ੍ਰਕਾਸ਼ ਪਿਆਲ ਅਤੇ ਬ੍ਰਹਮਾਨੰਦ ਗੁਪਤਾ ਨੂੰ ਵੀ ਇਹ ਕਹਿੰਦਿਆਂ ਬਰੀ ਕਰ ਦਿੱਤਾ ਕਿ ਇਸਤਗਾਸਾ ਪੱਖ ਉਨ੍ਹਾਂ ਖ਼ਿਲਾਫ਼ ਹੱਤਿਆ ਦੇ ਦੰਗਿਆਂ ਦੇ ਦੋਸ਼ ਸਾਬਤ ਕਰਨ ਵਿਚ ਨਾਕਾਮ ਰਿਹਾ ਹੈ। ਸੁਲਤਾਨਪੁਰੀ ਵਿਚ ਵਾਪਰੀ ਇਸ ਘਟਨਾ ਦੌਰਾਨ ਸਿੱਖ ਸੁਰਜੀਤ ਸਿੰਘ ਦੀ ਮੌਤ ਹੋ ਗਈ ਸੀ। ਜੱਜ ਨੇ ਕਿਹਾ, "ਮੁਲਜ਼ਮ ਸੱਜਣ ਕੁਮਾਰ ਨੂੰ ਸ਼ੱਕ ਦਾ ਲਾਭ ਦਿੰਦਿਆਂ ਬਰੀ ਕੀਤਾ ਜਾਂਦਾ ਹੈ।" ਸੱਜਣ ਕੁਮਾਰ ਖ਼ਿਲਾਫ਼ ਆਈ.ਪੀ.ਸੀ. ਦੀਆਂ ਧਾਰਾਵਾਂ 153-ਏ, 109, 302 ਅਤੇ 147 ਤਹਿਤ ਕੇਸ ਦਰਜ ਕੀਤਾ ਗਿਆ ਸੀ। ਦੱਸ ਦੇਈਏ ਕਿ ਸੱਜਣ ਕੁਮਾਰ ਕਦੇ ਕਾਂਗਰਸ ਦਾ ਵੱਡਾ ਆਗੂ ਸੀ ਪਰ ਸਿੱਖ ਵਿਰੋਧੀ ਦੰਗਿਆਂ ਵਿਚ ਉਸਦਾ ਨਾਂ ਆਉਣ ਤੋਂ ਬਾਅਦ ਉਸਦੇ ਕਰੀਅਰ ਦਾ ਗ੍ਰਾਫ ਹੇਠਾਂ ਜਾਣਾ ਸ਼ੁਰੂ ਹੋ ਗਿਆ। ਅਦਾਲਤ ਨੇ ਇਕ ਕੇਸ ਵਿਚ ਸਜ਼ਾ ਸੁਣਾਈ ਤਾਂ ਉਸ ਨੂੰ ਜੇਲ੍ਹ ਜਾਣਾ ਪਿਆ। ਉਦੋਂ ਤੋਂ ਉਹ ਕਾਂਗਰਸ ਦੀ ਰਾਜਨੀਤੀ ਵਿਚ ਹਾਸ਼ੀਏ 'ਤੇ ਚਲਾ ਗਿਆ।

# ਇਲਾਹਾਬਾਦ ਹਾਈਕੋਰਟ ਨੇ ਗੈਂਗਸਟਰ ਮਾਮਲੇ 'ਚ ਮੁਖਤਾਰ ਅੰਸਾਰੀ ਨੂੰ ਜ਼ਮਾਨਤ

ਪ੍ਰਯਾਗਰਾਜ, (ਪੰਜਾਬ ਮੇਲ)- ਇਲਾਹਾਬਾਦ ਹਾਈ ਕੋਰਟ ਨੇ 2007 ਦੇ ਗੈਂਗਸਟਰ ਮਾਮਲੇ ਵਿੱਚ ਗੈਂਗਸਟਰ ਤੋਂ ਸਿਆਸਤਦਾਨ ਬਣੇ ਸਾਬਕਾ ਵਿਧਾਇਕ ਮੁਖਤਾਰ ਅੰਸਾਰੀ ਨੂੰ ਜ਼ਮਾਨਤ ਦੇ ਦਿੱਤੀ ਹੈ ਅਤੇ ਨਾਲ ਹੀ ਉਸ 'ਤੇ ਲਗਾਏ ਗਏ ਪੰਜ ਲੱਖ ਰੁਪਏ ਦੇ ਜੁਰਮਾਨੇ 'ਤੇ ਵੀ ਰੋਕ ਲਗਾ ਦਿੱਤੀ ਹੈ। ਮੁਖਤਾਰ ਅੰਸਾਰੀ ਨੇ ਗਾਜੀਪੁਰ ਦੀ ਵਿਸ਼ੇਸ਼ ਸੰਸਦ ਮੈਂਬਰ-ਵਿਧਾਇਕ ਅਦਾਲਤ ਦੇ ਫ਼ੈਸਲੇ ਖ਼ਿਲਾਫ਼ ਪਟੀਸ਼ਨ ਪਾਈ ਸੀ। ਵਿਸ਼ੇਸ਼ ਅਦਾਲਤ ਨੇ ਅੰਸਾਰੀ ਨੂੰ ਦੋਸ਼ੀ ਠਹਿਰਾਉਂਦਿਆਂ ਉਸ ਨੂੰ ਦਸ ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ ਸੀ ਅਤੇ ਪੰਜ ਲੱਖ ਰੁਪਏ ਦਾ ਜੁਰਮਾਨਾ ਵੀ ਕੀਤਾ ਸੀ।

# ਮੱਧ ਪ੍ਰਦੇਸ਼ ਅਸੈਂਬਲੀ ਚੋਣਾਂ ਲਈ ਭਾਜਪਾ ਨੇ ਤੋਮਰ ਸਮੇਤ 3 ਕੇਂਦਰੀ ਮੰਤਰੀਆਂ ਨੂੰ ਐਲਾਨਿਆ ਉਮੀਦਵਾਰ

ਨਵੀਂ ਦਿੱਲੀ, (ਪੰਜਾਬ ਮੇਲ)- ਭਾਜਪਾ ਨੇ ਕੇਂਦਰੀ ਮੰਤਰੀਆਂ ਨਰੇਂਦਰ ਸਿੰਘ ਤੋਮਰ, ਪ੍ਰਹਿਲਾਦ ਸਿੰਘ ਪਟੇਲ ਤੇ ਫੱਗਣ ਸਿੰਘ ਕੁਲਸਤੇ ਤੇ ਪਾਰਟੀ ਨਾਲ ਸਬੰਧਤ ਕਈ ਸੰਸਦ ਮੈਂਬਰਾਂ ਨੂੰ ਮੱਧ ਪ੍ਰਦੇਸ਼ ਅਸੈਂਬਲੀ ਚੋਣਾਂ ਲਈ ਆਪਣੇ ਉਮੀਦਵਾਰ ਵਜੋਂ ਮੈਦਾਨ ਵਿਚ ਉਤਾਰਿਆ ਹੈ। ਭਾਜਪਾ ਵੱਲੋਂ ਜਾਰੀ 39 ਉਮੀਦਵਾਰਾਂ ਦੀ ਦੂਜੀ ਸੂਚੀ ਇਨ੍ਹਾਂ ਆਗੂਆਂ ਦੇ ਨਾਂ ਸ਼ਾਮਲ ਹਨ। ਭਾਜਪਾ ਦੇ ਕੌਮੀ ਜਨਰਲ ਸਕੱਤਰ ਕੈਲਾਸ਼ ਵਿਜੈਵਰਗੀਆ ਇੰਦੌਰ-1 ਤੋਂ ਚੋਣ ਲੜਨਗੇ।

# ਦਸਤਾਵੇਜ਼ੀ ਮਾਮਲਾ: ਦਿੱਲੀ ਹਾਈ ਕੋਰਟ ਵੱਲੋਂ ਬੀ.ਬੀ.ਸੀ. ਨੂੰ ਨਵਾਂ ਨੋਟਿਸ ਜਾਰੀ

ਨਵੀਂ ਦਿੱਲੀ, (ਪੰਜਾਬ ਮੇਲ)- ਦਿੱਲੀ ਹਾਈ ਕੋਰਟ ਨੇ ਦਸਤਾਵੇਜ਼ੀ 'ਇੰਡੀਆ: ਦਿ ਮੋਦੀ ਕੁਐਸਚਨ' ਬਾਰੇ ਗੁਜਰਾਤ ਦੇ ਇਕ ਐੱਨ.ਜੀ.ਓ. ਵੱਲੋਂ ਦਾਇਰ ਪਟੀਸ਼ਨ ਉਤੇ ਬੀ.ਬੀ.ਸੀ. ਨੂੰ ਨਵਾਂ ਨੋਟਿਸ ਜਾਰੀ ਕੀਤਾ ਹੈ। 'ਜਸਟਿਸ ਆਨ ਟਰਾਇਲ' ਨੇ ਆਪਣੀ ਪਟੀਸ਼ਨ ਵਿਚ ਦਾਅਵਾ ਕੀਤਾ ਹੈ ਕਿ ਬੀ.ਬੀ.ਸੀ. ਦੀ ਦਸਤਾਵੇਜ਼ੀ ਦੇਸ਼ ਦੀ ਸਾਖ਼ ਖਰਾਬ ਕਰਦੀ ਹੈ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਰਤੀ ਨਿਆਂਪਾਲਿਕਾ ਵਿਰੁੱਧ ਝੂਠੇ ਤੇ ਨਿਰਾਦਰ ਕਰਨ ਵਾਲੇ ਦੋਸ਼ ਲਾਉਂਦੀ ਹੈ। ਜਸਟਿਸ ਸਚਿਨ ਦੱਤਾ ਨੇ ਬੀ.ਬੀ.ਸੀ. (ਬਰਤਾਨੀਆ) ਤੋਂ ਇਲਾਵਾ ਬੀ.ਬੀ.ਸੀ. (ਭਾਰਤ) ਨੂੰ ਵੀ ਨਵਾਂ ਨੋਟਿਸ ਜਾਰੀ ਕੀਤਾ ਹੈ।



# ਦਿੱਲੀ ਪੁਲਿਸ ਵੱਲੋਂ ਦਾਅਵਾ: ਬ੍ਰਿਜ ਭੂਸ਼ਨ ਨੇ ਮਹਿਲਾ ਪਹਿਲਵਾਨਾਂ ਨੂੰ ਜਿਨਸੀ ਪ੍ਰੇਸ਼ਾਨ ਕਰਨ ਦਾ ਕਦੇ ਕੋਈ ਮੌਕਾ ਨਹੀਂ ਛੱਡਿਆ


ਨਵੀਂ ਦਿੱਲੀ, (ਪੰਜਾਬ ਮੇਲ)- ਦਿੱਲੀ ਪੁਲਿਸ ਨੇ ਮਹਿਲਾ ਪਹਿਲਵਾਨਾਂ ਦੇ ਕਥਿਤ ਜਿਨਸੀ ਸ਼ੋਸ਼ਣ ਨਾਲ ਸਬੰਧਤ ਮਾਮਲੇ ਵਿਚ ਦਾਅਵਾ ਕੀਤਾ ਹੈ ਕਿ ਭਾਰਤ ਕੁਸ਼ਤੀ ਫੈਡਰੇਸ਼ਨ (ਡਬਲਯੂ.ਐੱਫ.ਆਈ.) ਦੇ ਸਾਬਕਾ ਪ੍ਰਧਾਨ ਤੇ ਭਾਜਪਾ ਦੇ ਸੰਸਦ ਮੈਂਬਰ ਬ੍ਰਿਜ ਭੂਸ਼ਨ ਸ਼ਰਨ ਸਿੰਘ ਨੇ ਮਹਿਲਾ ਪਹਿਲਵਾਨਾਂ ਨੂੰ ਜਿਨਸੀ ਤੌਰ 'ਤੇ ਤੰਗ ਪ੍ਰੇਸ਼ਾਨ ਕਰਨ ਦਾ ਕਦੇ ਕੋਈ ਮੌਕਾ ਨਹੀਂ ਛੱਡਿਆ। ਕੋਰਟ ਨੇ ਹਾਲਾਂਕਿ ਬ੍ਰਿਜ ਭੂਸ਼ਨ ਨੂੰ ਇਸ ਕੇਸ ਵਿਚ ਪੇਸ਼ੀ ਤੋਂ ਇਕ ਦਿਨ ਦੀ ਛੋਟ ਦੇ ਦਿੱਤੀ ਹੈ। ਦਿੱਲੀ ਪੁਲਿਸ ਨੇ ਇਹ ਦਾਅਵਾ ਵਧੀਕ ਚੀਫ਼ ਮੈਟਰੋਪਾਲਿਟਨ ਮੈਜਿਸਟਰੇਟ ਹਰਜੀਤ ਸਿੰਘ ਜਸਪਾਲ ਦੀ ਰਾਊਜ਼ ਐਵੇਨਿਊ ਕੋਰਟ ਵਿਚ ਬੀਤੇ ਦਿਨੀਂ ਦਾਖਲ ਹਲਫ਼ਨਾਮੇ ਵਿਚ ਕੀਤਾ ਹੈ। ਪੁਲਿਸ ਨੇ ਕਿਹਾ ਕਿ ਉਨ੍ਹਾਂ ਕੋਲ ਬ੍ਰਿਜ ਭੂਸ਼ਨ ਸਿੰਘ ਖਿਲਾਫ਼ ਕਾਫ਼ੀ ਸਬੂਤ ਮੌਜੂਦ ਹਨ। ਦਿੱਲੀ ਪੁਲਿਸ ਨੇ ਹਲਫ਼ਨਾਮੇ ਵਿਚ ਤਾਜਿਕਿਸਤਾਨ ਦੀਆਂ ਕੁਝ ਕਥਿਤ ਘਟਨਾਵਾਂ ਦਾ ਹਵਾਲਾ ਦਿੰਦਿਆਂ ਦਾਅਵਾ ਕੀਤਾ ਕਿ ਇਹ ਘਟਨਾਵਾਂ ਆਪਣੇ ਆਪ ਵਿਚ ਬੋਲਦੀਆਂ ਹਨ ਕਿ ਬ੍ਰਿਜ ਭੂਸ਼ਨ ਆਪਣੀਆਂ ਕੀਤੀਆਂ ਕਾਰਵਾਈਆਂ ਬਾਰੇ ਭਲੀਭਾਂਤ ਜਾਣੂ ਸੀ। ਪੁਲਿਸ ਮੁਤਾਬਕ ਤਾਜ਼ਿਕਿਸਤਾਨ ਵਿਚ ਇਕ ਸਮਾਗਮ ਦੌਰਾਨ ਉਸ ਨੇ ਮਹਿਲਾ ਪਹਿਲਵਾਨ ਨੂੰ ਜਬਰੀ ਜੱਫੀ ਪਾਉਣ ਦੀ ਕੋਸ਼ਿਸ਼ ਕੀਤੀ ਤੇ ਮਗਰੋਂ ਆਪਣੀ ਇਸ ਕਾਰਵਾਈ ਨੂੰ ਇਹ ਕਹਿੰਦਿਆਂ ਤਰਕਸੰਗਤ ਦੱਸਿਆ ਕਿ ਉਹ ਤਾਂ ਮਹਿਲਾ ਪਹਿਲਵਾਨ ਦੇ ਪਿਤਾ ਵਾਂਗ ਹੈ। ਤਾਜ਼ਿਕਿਸਤਾਨ ਵਿਚ ਹੋਈ ਏਸ਼ੀਅਨ ਚੈਂਪੀਅਨਸ਼ਿਪ ਨਾਲ ਸਬੰਧਤ ਇਕ ਹੋਰ ਸ਼ਿਕਾਇਤ ਵਿਚ ਦਾਅਵਾ ਕੀਤਾ ਗਿਆ ਕਿ ਬ੍ਰਿਜ ਭੂਸ਼ਨ ਨੇ ਮਹਿਲਾ ਪਹਿਲਵਾਨ ਦੀ ਪ੍ਰਵਾਨਗੀ ਤੋਂ ਬਗੈਰ ਉਸ ਨਾਲ ਛੇੜਛਾੜ ਕੀਤੀ।


## ਕੈਨੇਡਾ ਵੱਲੋਂ ਭਾਰਤ ਵਿਚਲੇ ਆਪਣੇ ਨਾਗਰਿਕਾਂ ਨੂੰ ਚੌਕਸ ਰਹਿਣ ਤੇ ਸਾਵਧਾਨੀ ਵਰਤਣ ਦੀ ਐਡਵਾਈਜ਼ਰੀ ਜਾਰੀ

ਟੋਰਾਂਟੋ, (ਪੰਜਾਬ ਮੇਲ)- ਖਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਕਾਰਨ ਪੈਦਾ ਹੋਏ ਕੂਟਨੀਤਕ ਵਿਵਾਦ ਦੇ ਮੱਦੇਨਜ਼ਰ ਕੈਨੇਡਾ ਨੇ ਭਾਰਤ ਵਿਚ ਆਪਣੇ ਨਾਗਰਿਕਾਂ ਲਈ ਟਰੈਵਲ ਐਡਵਾਈਜ਼ਰੀ ਨੂੰ ਅੱਪਡੇਟ ਕਰਦੇ ਹੋਏ ਉਨ੍ਹਾਂ ਨੂੰ ਚੌਕਸ ਰਹਿਣ ਅਤੇ ਸਾਵਧਾਨੀ ਵਰਤਣ ਲਈ ਕਿਹਾ ਹੈ। ਕੈਨੇਡੀਅਨ ਸਰਕਾਰ ਨੇ ਅਪਡੇਟ ਵਿਚ ਕਿਹਾ, 'ਕੈਨੇਡਾ ਅਤੇ ਭਾਰਤ ਵਿਚ ਹਾਲ ਹੀ ਦੇ ਘਟਨਾਕ੍ਰਮ ਦੇ ਸੰਦਰਭ ਵਿਚ ਸੋਸ਼ਲ ਮੀਡੀਆ 'ਤੇ ਕੈਨੇਡਾ ਪ੍ਰਤੀ ਵਿਰੋਧ ਪ੍ਰਦਰਸ਼ਨ ਅਤੇ ਕੁਝ ਨਕਾਰਾਤਮਕ ਭਾਵਨਾਵਾਂ ਸਾਹਮਣੇ ਆਈਆਂ ਹਨ।

## ਕੈਨੇਡਾ-ਭਾਰਤ ਵਿਵਾਦ: ਅਕਾਲੀ ਦਲ (ਅੰਮ੍ਰਿਤਸਰ) ਵੀਜ਼ੇ ਰੋਕਣ ਖ਼ਿਲਾਫ਼ ਕੱਢੇਗਾ ਕੌਮੀ ਇਨਸਾਫ਼ ਮਾਰਚ

ਮਾਨਸਾ, (ਪੰਜਾਬ ਮੇਲ)- ਭਾਰਤ ਵੱਲੋਂ ਕੈਨੇਡਾ ਤੋਂ ਆਉਣ ਵਾਲਿਆਂ ਨੂੰ ਵੀਜ਼ੇ ਨਾ ਦੇਣ ਦੇ ਐਲਾਨ ਤੋਂ ਬਾਅਦ ਅਕਾਲੀ ਦਲ (ਅੰਮ੍ਰਿਤਸਰ) ਨੇ 1 ਅਕਤੂਬਰ ਨੂੰ ਤਖਤ ਦਮਦਮਾ ਸਾਹਿਬ ਤਲਵੰਡੀ ਸਾਬੋ ਤੋਂ ਲੈ ਕੇ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਤੱਕ ਕੌਮੀ ਇਨਸਾਫ਼ ਮਾਰਚ ਕਰਨ ਦਾ ਐਲਾਨ ਕੀਤਾ। ਅਕਾਲੀ ਦਲ (ਅੰਮ੍ਰਿਤਸਰ) ਦਾ ਕਹਿਣਾ ਹੈ ਕਿ ਇਸ ਕਾਰਨ ਉਹ ਮਾਪੇ ਚਿੰਤਾ ਵਿਚ ਹਨ, ਜਿਨ੍ਹਾਂ ਦੇ ਧੀਆਂ-ਪੁੱਤ ਲੰਮੇ ਸਮੇਂ ਤੋਂ ਕੈਨੇਡਾ ਵੱਸ ਰਹੇ ਹਨ। ਪਾਰਟੀ ਦਾ ਕਹਿਣਾ ਹੈ ਕਿ ਇਸ ਨਾਲ ਸਿੱਖਾਂ ਦਾ ਵੀ ਕੌਮਾਂਤਰੀ ਪੱਧਰ 'ਤੇ ਅਕਸ ਖ਼ਰਾਬ ਕੀਤਾ ਜਾ ਰਿਹਾ ਹੈ। ਅਕਾਲੀ ਦਲ (ਅੰਮ੍ਰਿਤਸਰ) ਦੇ ਕੌਮੀ ਜਰਨਲ ਸਕੱਤਰ ਗੁਰਸੇਵਕ ਸਿੰਘ ਜਵਾਹਰਕੇ ਨੇ ਦੱਸਿਆ ਕਿ ਕੈਨੇਡਾ-ਭਾਰਤ ਵਿਵਾਦ ਨਾਲ ਸਿੱਖਾਂ ਦੀ ਮਾੜੀ ਤਸਵੀਰ ਪੇਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਸਮੂਹ ਮਾਪਿਆਂ ਨੂੰ ਅਪੀਲ ਕੀਤੀ ਕਿ ਕੈਨੇਡਾ ਵੱਸਦੇ ਪੰਜਾਬੀ ਮੁੰਡੇ-ਕੁੜੀਆਂ ਦੇ ਮਾਪੇ 1 ਅਕਤੂਬਰ ਨੂੰ ਕੱਢੇ ਜਾ ਰਹੇ ਕੌਮੀ ਮਾਰਚ ਵਿਚ ਆਪਣੇ ਵਹੀਕਲ ਵੱਡੀ ਗਿਣਤੀ ਵਿਚ ਲੈ ਕੇ ਪਹੁੰਚਣ, ਤਾਂ ਜੋ ਇਸ ਨਾਲ ਭਾਰਤ ਸਰਕਾਰ ਨੂੰ ਹਲੂਣਾ ਦਿੱਤਾ ਜਾ ਸਕੇ ਕਿ ਇਸ ਵਿਵਾਦ ਵਿਚ ਪੰਜਾਬੀਆਂ ਨੂੰ ਪ੍ਰੇਸ਼ਾਨ ਨਾ ਕੀਤਾ ਜਾਵੇ।




# ਪੰਜਾਬ ਭਾਜਪਾ 'ਚ 'ਨਵੇਂ ਤੇ ਪੁਰਾਣੇ' ਚਿਹਰਿਆਂ ਨੂੰ ਲੈ ਕੇ ਖਿੱਚੋਤਾਣ

**ਟਕਸਾਲੀ ਨੇਤਾਵਾਂ ਨੇ ਪਾਰਟੀ ਦੇ ਰਵੱਈਏ 'ਤੇ ਖੜ੍ਹੇ ਕੀਤੇ ਸਵਾਲ**

**ਜਲੰਧਰ, (ਪੰਜਾਬ ਮੇਲ)-** ਪੰਜਾਬ 'ਚ ਭਾਰਤੀ ਜਨਤਾ ਪਾਰਟੀ ਅੰਦਰ ਇਨ੍ਹੀਂ ਦਿਨੀਂ 'ਨਵੇਂ ਤੇ ਪੁਰਾਣੇ' ਚਿਹਰਿਆਂ ਨੂੰ ਲੈ ਕੇ ਖ਼ੂਬ ਖਿੱਚੋਤਾਣ ਚੱਲ ਰਹੀ ਹੈ। ਇੰਪੋਰਟਿਡ ਅਤੇ ਨਵੇਂ ਲੋਕ ਪਾਰਟੀ 'ਚ ਅਹਿਮ ਅਹੁਦੇ ਵੇਖ ਰਹੇ ਹਨ ਤਾਂ ਪਾਰਟੀ ਲਈ ਜੀਅ-ਜਾਨ ਲਾਉਣ ਵਾਲੇ 'ਆਪਣੀ ਜਗ੍ਹਾ' ਲੱਭ ਰਹੇ ਹਨ। ਇਸ ਖਿੱਚੋਤਾਣ ਵਿਚਾਲੇ ਇਸ ਵੇਲੇ ਪਾਰਟੀ ਅੰਦਰ ਬੇਹੱਦ ਅਜੀਬ ਸਥਿਤੀ ਬਣੀ ਹੋਈ ਹੈ। ਪਾਰਟੀ 'ਚ ਸਾਲਾਂ ਤੱਕ ਕੰਮ ਕਰਨ ਦੇ ਬਾਵਜੂਦ ਹੁਣ ਇੰਪੋਰਟਿਡ ਭਾਜਪਾਈਆਂ ਨੂੰ ਅਹਿਮ ਅਹੁਦੇ ਦਿੱਤੇ ਜਾਣ ਦਾ ਮਾਮਲਾ ਭਾਜਪਾ 'ਚ ਤੂਲ ਫੜਦਾ ਜਾ ਰਿਹਾ ਹੈ। ਖ਼ਬਰ ਮਿਲੀ ਹੈ ਕਿ ਪਾਰਟੀ ਵਿਚ ਬਾਹਰਲੇ ਲੋਕਾਂ ਦੀ ਐਂਟਰੀ 'ਤੇ ਸੰਗਰੂਰ 'ਚ ਇਕ ਬੈਠਕ ਹੋਈ ਸੀ, ਜਿਸ ਵਿਚ ਟਕਸਾਲੀ ਭਾਜਪਾ ਨੇਤਾਵਾਂ ਨੇ ਪਾਰਟੀ ਦੇ ਰਵੱਈਏ 'ਤੇ ਸਵਾਲ ਖੜ੍ਹੇ ਕੀਤੇ ਸਨ। ਇਸ ਦੌਰਾਨ ਨੇਤਾਵਾਂ ਤੇ ਵਰਕਰਾਂ ਨੇ ਦਾਗੀ ਲੋਕਾਂ ਦੇ ਪਾਰਟੀ ਵਿਚ ਆਉਣ ਅਤੇ ਉਨ੍ਹਾਂ ਨੂੰ ਸੁਰੱਖਿਆ ਤੇ ਅਹਿਮ ਅਹੁਦੇ ਦਿੱਤੇ ਜਾਣ 'ਤੇ ਇਤਰਾਜ਼ ਪ੍ਰਗਟ ਕੀਤਾ ਸੀ।

ਪੰਜਾਬ 'ਚ ਭਾਜਪਾ ਅੰਦਰ ਚੱਲ ਰਹੀ ਇਸ ਪੂਰੀ ਸਥਿਤੀ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਇਨ੍ਹੀਂ ਦਿਨੀਂ ਪਾਰਟੀ ਦੇ ਬੇਹੱਦ ਨਜ਼ਦੀਕੀ ਵਰਕਰ ਵਿਰੋਧ ਦੇ ਸੁਰ ਕੱਢਣ ਲੱਗੇ ਹਨ। ਇਸ ਸਬੰਧੀ ਇਕ ਆਡੀਓ ਵਾਇਰਲ ਹੋ ਰਹੀ ਹੈ, ਜੋ ਜਲੰਧਰ ਦੇ ਇਕ ਯੁਵਾ ਨੇਤਾ ਦੀ ਦੱਸੀ ਜਾ ਰਹੀ ਹੈ। ਇਸ ਨੇਤਾ ਵੱਲੋਂ ਕਿਹਾ ਗਿਆ ਹੈ ਕਿ ਭਾਜਪਾ ਵਿਚ ਇੰਨੇ ਸਾਲਾਂ ਤੱਕ ਕੰਮ ਕਰਨ ਵਾਲੇ ਵਰਕਰ ਕੀ ਇੰਨੇ ਸਮਰੱਥ ਨਹੀਂ ਕਿ ਉਨ੍ਹਾਂ ਨੂੰ ਅਹਿਮ ਜ਼ਿੰਮੇਵਾਰੀਆਂ ਦਿੱਤੀਆਂ ਜਾ ਸਕਣ?

ਮਾਈਨਿੰਗ 'ਤੇ ਚਰਚਾ 'ਚ ਰਹੇ ਯੁਵਾ ਨੇਤਾ ਨੂੰ ਵੀ ਇੰਪੋਰਟ ਕਰਨ ਦੀ ਤਿਆਰੀ

ਸ਼ੁੱਕਰਵਾਰ ਨੂੰ ਪੰਜਾਬ ਯੂਥ ਕਾਂਗਰਸ ਦੇ ਉੱਪ-ਪ੍ਰਧਾਨ ਅਕਸ਼ੈ ਸ਼ਰਮਾ ਭਾਜਪਾ 'ਚ ਸ਼ਾਮਲ ਹੋ ਗਏ ਪਰ ਹੁਣ ਇਹ ਸੂਚੀ ਹੋਰ ਲੰਮੀ ਹੁੰਦੀ ਨਜ਼ਰ ਆ ਰਹੀ ਹੈ। ਪਤਾ ਲੱਗਾ ਹੈ ਕਿ ਪੰਜਾਬ 'ਚ ਯੂਥ ਕਾਂਗਰਸ ਦਾ ਇਕ ਹੋਰ ਵੱਡਾ ਨੇਤਾ ਸ਼ਾਮਲ ਹੋਣ ਦੀ ਤਿਆਰੀ ਕਰ ਰਿਹਾ ਹੈ, ਜਿਸ ਦੇ ਨਾਂ 'ਤੇ ਭਾਜਪਾ ਦੇ ਵਰਕਰ ਕਾਫ਼ੀ ਇਤਰਾਜ਼ ਕਰ ਰਹੇ ਹਨ ਕਿਉਂਕਿ ਮਾਈਨਿੰਗ ਨੂੰ ਲੈ ਕੇ ਇਹ ਨੇਤਾ ਕਾਫ਼ੀ ਬਦਨਾਮ ਰਿਹਾ ਹੈ। ਉਂਝ ਕਹਿਣ ਵਾਲੇ ਤਾਂ ਇਹ ਵੀ ਕਹਿ ਰਹੇ ਹਨ ਕਿ ਭਾਜਪਾ ਸੂਬਾ ਯੁਵਾ ਮੋਰਚਾ ਪ੍ਰਧਾਨ ਦੇ ਅਹੁਦੇ 'ਤੇ ਅਕਸ਼ੈ ਸ਼ਰਮਾ ਜਾਂ ਇਸ 'ਸੰਭਾਵਤ ਇੰਪੋਰਟ ਪ੍ਰੋਡਕਟ' ਦੇ ਨਾਂ 'ਤੇ ਮੋਹਰ ਲੱਗ ਸਕਦੀ ਹੈ।

ਸਫਾ 1 ਦਾ ਬਾਕੀ

## ਅਮਰੀਕਾ ਨੇ ਭਾਰਤੀ ਵਿਦਿਆਰਥੀਆਂ ਨੂੰ ਰਿਕਾਰਡ...

ਆਈ.ਆਈ.ਟੀ. ਦਿੱਲੀ ਵਿਖੇ ਬੋਲਦਿਆਂ ਗਾਰਸੇਟੀ ਨੇ ਵੀਜ਼ਾ ਪ੍ਰੋਸੈਸਿੰਗ ਵਿਚ ਹੋਈ ਪ੍ਰਗਤੀ ਨੂੰ ਉਜਾਗਰ ਕਰਦੇ ਹੋਏ ਕਿਹਾ ਕਿ ਭਾਰਤ ਵਿਚ ਯੂ.ਐੱਸ. ਮਿਸ਼ਨ ਵਰਤਮਾਨ ਵਿਚ ਵੀਜ਼ਾ ਦੀ ਪ੍ਰਕਿਰਿਆ ਪਹਿਲਾਂ ਨਾਲੋਂ ਤੇਜ਼ੀ ਨਾਲ ਕੰਮ ਕਰ ਰਿਹਾ ਹੈ। ਗਾਰਸੇਟੀ ਨੇ ਕਿਹਾ ਕਿ "ਅਸੀਂ ਇਸ ਸਮੇਂ ਭਾਰਤ ਵਿਚ ਅਮਰੀਕੀ ਮਿਸ਼ਨ ਦੇ ਮੁਕਾਬਲੇ ਜ਼ਿਆਦਾ ਤੇਜ਼ੀ ਨਾਲ ਵੀਜ਼ਿਆਂ ਦੀ ਪ੍ਰਕਿਰਿਆ ਕਰ ਰਹੇ ਹਾਂ। ਅਸੀਂ ਆਪਣੇ ਲਈ ਘੱਟੋ-ਘੱਟ ਇੱਕ ਪ੍ਰੋਸੈਸ ਕਰਨ ਦਾ ਟੀਚਾ ਰੱਖਿਆ ਹੈ। 2023 ਵਿਚ ਮਿਲੀਅਨ ਵੀਜ਼ੇ ਅਤੇ ਅਸੀਂ ਪਹਿਲਾਂ ਹੀ ਉਸ ਟੀਚੇ ਤੱਕ ਪਹੁੰਚਣ ਲਈ ਅੱਧੇ ਤੋਂ ਵੀ ਵੱਧ ਰਸਤੇ ਵਿਚ ਹਾਂ।" ਉੱਧਰ ਭਾਰਤ ਅਤੇ ਅਮਰੀਕਾ ਨੇ ਵੀਜ਼ਾ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ ਕਈ ਪਹਿਲਕਦਮੀਆਂ ਕੀਤੀਆਂ ਹਨ। ਇਸ ਤੋਂ ਪਹਿਲਾਂ ਆਪਣੀ ਸੰਯੁਕਤ ਰਾਜ ਦੀ ਯਾਤਰਾ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਲਾਨ ਕੀਤਾ ਸੀ ਕਿ ਭਾਰਤੀ ਪੇਸ਼ੇਵਰਾਂ ਨੂੰ ਹੁਣ ਆਪਣੇ ਐੱਚ-1ਬੀ ਵੀਜ਼ਾ ਦੇ ਨਵੀਨੀਕਰਨ ਲਈ ਅਮਰੀਕਾ ਛੱਡਣ ਦੀ ਜ਼ਰੂਰਤ ਨਹੀਂ ਹੋਵੇਗੀ।

ਸੰਯੁਕਤ ਰਾਜ ਦੇ ਅਧਿਕਾਰੀਆਂ ਨੇ ਘੋਸ਼ਣਾ ਕੀਤੀ ਕਿ ਉਹ ਐੱਚ-1ਬੀ ਵੀਜ਼ਾ ਨਵਿਆਉਣ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ ਲੋਕਾਂ ਤੋਂ ਲੋਕਾਂ ਦੀ ਪਹਿਲਕਦਮੀ ਦੇ ਹਿੱਸੇ ਵਜੋਂ 'ਦੇਸ਼ ਵਿਚ' ਨਵਿਆਉਣਯੋਗ ਐੱਚ-1ਬੀ ਵੀਜ਼ਾ ਪੇਸ਼ ਕਰਨਗੇ। ਪ੍ਰਧਾਨ ਮੰਤਰੀ ਮੋਦੀ ਨੇ ਇਹ ਵੀ ਐਲਾਨ ਕੀਤਾ ਸੀ ਕਿ ਅਮਰੀਕਾ ਬੈਂਗਲੁਰੂ ਅਤੇ ਅਹਿਮਦਾਬਾਦ ਵਿਚ ਨਵੇਂ ਕੌਂਸਲੇਟ ਖੋਲ੍ਹੇਗਾ। ਇਸੇ ਦੌਰਾਨ ਭਾਰਤ ਇਸ ਸਾਲ ਸਿਆਟਲ ਵਿਚ ਇੱਕ ਨਵਾਂ ਕੌਂਸਲੇਟ ਖੋਲ੍ਹਣ ਜਾ ਰਿਹਾ ਹੈ

ਸਫਾ 1 ਦਾ ਬਾਕੀ

## ਪੰਜਾਬ ਸਰਕਾਰ ਵੱਲੋਂ ਐੱਨ.ਆਰ.ਆਈ. ਸਭਾ ਦੀ ਚੋਣ ...

ਉਨ੍ਹਾਂ ਕਿਹਾ ਕਿ ਚੋਣ ਕਰਵਾਉਣ ਦਾ ਇਹ ਬਿਲਕੁੱਲ ਸਹੀ ਸਮਾਂ ਹੈ। ਸ. ਧਾਲੀਵਾਲ ਨੇ ਦੱਸਿਆ ਕਿ ਐੱਨ.ਆਰ.ਆਈ. ਸਭਾ ਪੰਜਾਬ ਸਰਕਾਰ ਦੀ ਸਰਪ੍ਰਸਤੀ ਹੇਠ ਕੰਮ ਕਰਦੀ ਹੈ ਅਤੇ ਸਭਾ ਦਾ ਮੁੱਖ ਉਦੇਸ਼ ਪੰਜਾਬ ਦੇ ਪ੍ਰਵਾਸੀ ਭਾਰਤੀਆਂ ਦੀ ਭਲਾਈ ਅਤੇ ਹਿੱਤਾਂ ਲਈ ਕੰਮ ਕਰਨਾ ਹੈ। ਉਨ੍ਹਾਂ ਕਿਹਾ ਕਿ ਐੱਨ.ਆਰ.ਆਈ. ਸਭਾ ਪੰਜਾਬ ਦਾ ਮੁੱਖ ਉਦੇਸ਼ ਪ੍ਰਵਾਸੀ ਪੰਜਾਬੀਆਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ, ਉਨ੍ਹਾਂ ਦੇ ਹੱਕਾਂ ਅਤੇ ਜਾਇਦਾਦਾਂ ਦੀ ਰਾਖੀ ਕਰਨਾ ਹੈ।

ਵਰਣਨਯੋਗ ਹੈ ਕਿ ਐੱਨ.ਆਰ.ਆਈ. ਸਭਾ ਪੰਜਾਬ ਇੱਕ ਸੁਸਾਇਟੀ ਹੈ, ਜੋ ਪੰਜਾਬ ਸਰਕਾਰ ਦੀ ਪ੍ਰਵਾਨਗੀ ਨਾਲ ਸੁਸਾਇਟੀਜ਼ ਰਜਿਸਟ੍ਰੇਸ਼ਨ ਐਕਟ 1860 ਤਹਿਤ ਰਜਿਸਟਰਡ ਹੈ ਅਤੇ ਮੁੱਖ ਮੰਤਰੀ ਪੰਜਾਬ ਇਸ ਸਭਾ ਦੇ ਚੀਫ਼ ਪੈਟਰਨ ਹਨ। ਉਨ੍ਹਾਂ ਕਿਹਾ ਕਿ ਕਮਿਸ਼ਨਰ ਜਲੰਧਰ ਡਵੀਜ਼ਨ, ਸਭਾ ਦੇ ਚੇਅਰਮੈਨ ਹਨ, ਜਦਕਿ ਸੂਬੇ ਦੇ ਸਾਰੇ ਡਿਪਟੀ ਕਮਿਸ਼ਨਰ ਐੱਨ.ਆਰ.ਆਈ. ਸਭਾ ਦੀਆਂ ਜ਼ਿਲ੍ਹਾ ਇਕਾਈਆਂ ਦੇ ਚੇਅਰਮੈਨ ਹਨ।

ਸਫਾ 1 ਦਾ ਬਾਕੀ

## ਅਮਰੀਕਾ-ਮੈਕਸੀਕੋ ਸਰਹੱਦ ਰਾਹੀਂ ਅਮਰੀਕਾ ਦਾਖਲ...

ਪੰਜ ਦਿਨਾਂ ਵਿਚ ਪ੍ਰਵੇਸ਼ ਦੀਆਂ ਬੰਦਰਗਾਹਾਂ ਅਤੇ ਉਨ੍ਹਾਂ ਦੇ ਵਿਚਕਾਰ 45,000 ਤੋਂ ਵੱਧ ਪ੍ਰਵਾਸੀਆਂ ਦਾ ਸਾਹਮਣਾ ਕੀਤਾ ਹੈ। ਬਾਇਡਨ ਪ੍ਰਸ਼ਾਸਨ ਨੇ ਬੀਤੇ ਹਫਤੇ ਬੁੱਧਵਾਰ ਨੂੰ ਘੋਸ਼ਣਾ ਕੀਤੀ ਕਿ ਉਹ 470,000 ਤੋਂ ਵੱਧ ਵੈਨੇਜ਼ੁਏਲਾ ਪ੍ਰਵਾਸੀਆਂ ਨੂੰ ਅਸਥਾਈ ਕਾਨੂੰਨੀ ਸਥਿਤੀ ਦੀ ਪੇਸ਼ਕਸ਼ ਕਰੇਗਾ, ਜੋ 31 ਜੁਲਾਈ ਤੱਕ ਅਮਰੀਕਾ ਵਿਚ ਦਾਖਲ ਹੋਏ ਸਨ। ਇਹ ਪੇਸ਼ਕਸ਼ ਯੋਗ ਪ੍ਰਵਾਸੀਆਂ ਦੀ ਸਹਾਇਤਾ ਲਈ ਅਮਰੀਕੀ ਵਰਕ ਪਰਮਿਟ ਪ੍ਰਾਪਤ ਕਰਨ ਦੀ ਪ੍ਰਕਿਰਿਆ ਨੂੰ ਤੇਜ਼ ਕਰੇਗੀ, ਤਾਂ ਜੋ ਤਣਾਅਪੂਰਨ ਆਸਰਾ ਅਤੇ ਸਮਾਜਿਕ ਸੇਵਾਵਾਂ ਚਾਹੁਣ ਵਾਲੇ ਪ੍ਰਵਾਸੀਆਂ ਦਾ ਸਮਰਥਨ ਕਰਨ ਲਈ ਨਿਊਯਾਰਕ, ਸ਼ਿਕਾਗੋ ਅਤੇ ਹੋਰ ਸ਼ਹਿਰਾਂ 'ਤੇ ਦਬਾਅ ਘੱਟ ਹੋ ਸਕੇ।

ਸਫਾ 1 ਦਾ ਬਾਕੀ

## ਐੱਨ.ਆਈ.ਏ. ਵੱਲੋਂ ਪੰਜਾਬ ਭਰ 'ਚ ਵੱਡੇ ਪੱਧਰ 'ਤੇ...

ਫਿਰੌਤੀ ਮੰਗੀ ਗਈ ਸੀ ਅਤੇ ਫਿਰੌਤੀ ਦੀ ਕੁੱਝ ਰਕਮ ਇਸ ਠੇਕੇਦਾਰ ਵਲੋਂ ਅਰਸ਼ ਡਾਲਾ ਨੂੰ ਦੇ ਦਿੱਤੀ ਗਈ ਸੀ। ਇਸ ਦੇ ਚੱਲਦਿਆਂ ਐੱਨ.ਆਈ.ਏ. ਵੱਲੋਂ ਇਹ ਛਾਪੇਮਾਰੀ ਕੀਤੀ ਜਾ ਰਹੀ ਹੈ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਐੱਨ.ਆਈ.ਏ. ਦੀ ਟੀਮ ਵੱਲੋਂ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕੀਤੀ ਗਈ ਸੀ। ਬਠਿੰਡਾ ਦੇ ਜੇਠੂਕੇ ਪਿੰਡ ਵਿਚ ਅਤੇ ਮੌੜ ਮੰਡੀ 'ਚ ਐੱਨ.ਆਈ.ਏ. ਵਲੋਂ ਤੜਕੇ ਛਾਪੇਮਾਰੀ ਕੀਤੀ ਗਈ। ਇਹ ਰੇਡ ਗੁਰਪ੍ਰੀਤ ਸਿੰਘ ਨਾਮ ਦੇ ਸ਼ਖਸ ਦੇ ਘਰ ਕੀਤੀ ਗਈ ਹੈ। ਇਸ ਤੋਂ ਇਲਾਵਾ ਹੈਰੀ ਨਾਮਕ ਗੈਂਗਸਟਰ ਵੀ ਐੱਨ.ਆਈ.ਏ. ਦੀ ਸੂਚੀ ਵਿਚ ਸ਼ਾਮਲ ਹੈ। ਜਾਣਕਾਰੀ ਮੁਤਾਬਕ ਗੁਰਪ੍ਰੀਤ ਖ਼ਿਲਾਫ ਜਲੰਧਰ 'ਚ ਧਾਰਾ 302 ਦੇ ਤਹਿਤ ਮੁਕੱਦਮਾ ਦਰਜ ਹੈ।

ਸਫਾ 1 ਦਾ ਬਾਕੀ

## ਸਾਬਕਾ ਅਮਰੀਕੀ ਰਾਸ਼ਟਰਪਤੀ ਟਰੰਪ ਅਰਬਾਂ ਡਾਲਰਾਂ...

ਸ਼ਾਮਲ ਹਨ, ਜੋ ਬਚਾਅ ਪੱਖ ਨੇ ਕਾਰੋਬਾਰ ਵਿਚ ਵਰਤੇ ਹਨ"। ਨਿਊਯਾਰਕ ਦੇ ਅਟਾਰਨੀ ਜਨਰਲ ਜੇਮਸ ਨੇ ਕਿਹਾ ਕਿ ਟਰੰਪ ਪ੍ਰਭਾਵਸ਼ਾਲੀ ਢੰਗ ਨਾਲ "ਚਾਰਾ ਅਤੇ ਸਵਿਚ" ਕਾਰਵਾਈ ਵਿਚ ਰੁੱਝਿਆ ਹੋਇਆ ਸੀ, ਜਿਸ ਨੇ ਬੈਂਕਾਂ ਅਤੇ ਬੀਮਾਕਰਤਾਵਾਂ ਨੂੰ ਦਿੱਤੇ ਗਏ ਸਾਲਾਨਾ ਵਿੱਤੀ ਬਿਆਨਾਂ 'ਤੇ ਉਸ ਦੀ ਕੁੱਲ ਜਾਇਦਾਦ 2.23 ਬਿਲੀਅਨ ਡਾਲਰ ਤੋਂ 3.6 ਬਿਲੀਅਨ ਡਾਲਰ ਤੱਕ ਵੱਧ ਗਈ।

ਜਸਟਿਸ ਐਂਗੋਰੋਨ ਨੇ ਹੁਕਮ ਦਿੱਤਾ ਕਿ ਸਜ਼ਾ ਵਜੋਂ ਟਰੰਪ ਦੇ ਬਹੁਤ ਸਾਰੇ ਕਾਰੋਬਾਰਾਂ ਦੇ ਲਾਇਸੈਂਸ ਰੱਦ ਕਰ ਦਿੱਤੇ ਜਾਣ, ਜਿਸ ਨਾਲ ਉਸ ਲਈ ਨਿਊਯਾਰਕ ਵਿਚ ਕਾਰੋਬਾਰ ਕਰਨਾ ਮੁਸ਼ਕਲ ਜਾਂ ਅਸੰਭਵ ਹੋ ਜਾਵੇਗਾ। ਨਾਲ ਹੀ ਕਿਹਾ ਕਿ ਉਹ ਟਰੰਪ ਸਮੂਹ ਦੇ ਸੰਚਾਲਨ ਦੀ ਨਿਗਰਾਨੀ ਲਈ ਇੱਕ ਸੁਤੰਤਰ ਮਾਨੀਟਰ ਨੂੰ ਨਿਯੁਕਤ ਕਰਨਾ ਜਾਰੀ ਰੱਖੇਗਾ। ਇਸ ਦੇ ਨਾਲ ਹੀ ਟਰੰਪ ਦੀ ਵਕੀਲ ਅਤੇ ਬੁਲਾਰੇ ਅਲੀਨਾ ਹੱਬਾ ਨੇ ਕਿਹਾ ਕਿ ਉਹ ਇਸ ਫ਼ੈਸਲੇ ਖ਼ਿਲਾਫ਼ ਅਪੀਲ ਕਰੇਗੀ। ਉਨ੍ਹਾਂ ਇਸ ਫ਼ੈਸਲੇ ਨੂੰ ਕਾਨੂੰਨੀ ਪ੍ਰਣਾਲੀ ਦਾ ਅਪਮਾਨ ਅਤੇ ਹਰ ਪੱਧਰ 'ਤੇ ਬੁਨਿਆਦੀ ਤੌਰ 'ਤੇ ਗ਼ਲਤ ਦੱਸਿਆ ਹੈ। ਉੱਧਰ ਟਰੰਪ ਲੰਬੇ ਸਮੇਂ ਤੋਂ ਜ਼ੋਰ ਦੇ ਰਹੇ ਹਨ ਕਿ ਉਨ੍ਹਾਂ ਨੇ ਕੁਝ ਵੀ ਗ਼ਲਤ ਨਹੀਂ ਕੀਤਾ ਹੈ।






# ਪੰਜਾਬ ਤੋਂ ਸਿੱਖਾਂ ਦਾ ਪਰਵਾਸ ਕਿਵੇਂ ਸ਼ੁਰੂ ਹੋਇਆ ਤੇ ਕੈਨੇਡਾ ’ਚ ਸਿੱਖਾਂ ਦੀ ਆਬਾਦੀ ਦੇ ਵਾਧੇ ਦਾ ਕੀ ਕਾਰਨ ਸੀ

ਭਾਰਤ ਅਤੇ ਕੈਨੇਡਾ ਦਰਮਿਆਨ ਪਹਿਲਾਂ ਤੋਂ ਹੀ ਤਣਾਅਪੂਰਨ ਸਬੰਧਾਂ ਵਿਚ ਇੱਕ ਵਾਰ ਫਿਰ ਖਟਾਸ ਆ ਗਈ, ਜਦੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਹਾਲ ਹੀ ਵਿਚ ਇੱਕ ਵਿਸਫੋਟਕ ਬਿਆਨ ਦਿੰਦੇ ਹੋਏ ਕਿਹਾ ਕਿ ਕੈਨੇਡੀਅਨ ਸੁਰੱਖਿਆ ਏਜੰਸੀਆਂ "ਸਰਕਾਰ ਦੇ ਏਜੰਟਾਂ ਵਿਚਕਾਰ ਇੱਕ ਸੰਭਾਵੀ ਸਬੰਧਾਂ ਦੇ ਭਰੋਸੇਯੋਗ ਦੋਸ਼ਾਂ ਦੀ ਸਰਗਰਮੀ ਨਾਲ ਪੈਰਵੀ ਕਰ ਰਹੀਆਂ ਹਨ।" ਭਾਰਤ ਵੱਲੋਂ ਇੱਕ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਝਰ ਦੀ ਹੱਤਿਆ।

ਦੋਵਾਂ ਦੇਸ਼ਾਂ ਨੇ ਖ਼ਾਲਿਸਤਾਨੀ ਅੱਤਵਾਦੀ ਦੀ ਹੱਤਿਆ ਨੂੰ ਲੈ ਕੇ ਕੈਨੇਡਾ ਦੇ ਵਾਰ-ਵਾਰ ਦੋਸ਼ਾਂ ਕਾਰਨ ਪੈਦਾ ਹੋਈ ਕੂਟਨੀਤਕ ਅਸ਼ਾਂਤੀ ਦੇ ਜਵਾਬ ਵਿਚ ਕਈ ਕਦਮ ਚੁੱਕੇ ਹਨ। ਅੱਤਵਾਦੀ ਤੱਤਾਂ ਖ਼ਿਲਾਫ਼ ਧਮਕੀਆਂ ਦੇ ਸਬੰਧ ਵਿਚ ਔਟਵਾ ਦੀ ਅਯੋਗਤਾ ਦੇ ਜਵਾਬ ਵਿਚ, ਭਾਰਤ ਸਰਕਾਰ ਨੇ ਅਗਲੇ ਨੋਟਿਸ ਤੱਕ ਤੁਰੰਤ ਪ੍ਰਭਾਵ ਨਾਲ ਕੈਨੇਡੀਅਨ ਨਾਗਰਿਕਾਂ ਲਈ ਇਲੈਕਟ੍ਰਾਨਿਕ ਵੀਜ਼ਿਆਂ ਸਮੇਤ ਸਾਰੇ ਵੀਜ਼ੇ ਮੁਅੱਤਲ ਕਰ ਦਿੱਤੇ ਹਨ।

ਭਾਰਤ ਅਤੇ ਪੱਛਮੀ ਦੇਸ਼ਾਂ ਦਰਮਿਆਨ ਵਧਦੇ ਤਣਾਅ ਨੇ ਇੱਕ ਵਾਰ ਫਿਰ ਕੈਨੇਡਾ ਵਿਚ ਵਸਦੇ ਸਿੱਖ ਭਾਈਚਾਰੇ ਨੂੰ ਸੁਰਖੀਆਂ ਵਿਚ ਲਿਆ ਦਿੱਤਾ ਹੈ। 2021 ਦੀ ਕੈਨੇਡੀਅਨ ਜਨਗਣਨਾ ਦੇ ਅਨੁਸਾਰ, ਸਿੱਖ ਦੇਸ਼ ਦੀ ਆਬਾਦੀ ਦਾ 2.1 ਪ੍ਰਤੀਸ਼ਤ ਬਣਦੇ ਹਨ। ਕਿਉਂਕਿ ਕੈਨੇਡਾ ਭਾਰਤ ਤੋਂ ਬਾਹਰ ਸਭ ਤੋਂ ਵੱਧ ਸਿੱਖ ਆਬਾਦੀ ਦਾ ਘਰ ਹੈ, ਆਓ ਇਸ ਇਤਿਹਾਸ ’ਤੇ ਇੱਕ ਨਜ਼ਰ ਮਾਰੀਏ ਕਿ ਸਿੱਖਾਂ ਦਾ ਪੱਛਮੀ ਦੇਸ਼ ਵੱਲ ਪਰਵਾਸ ਕਿਵੇਂ ਸ਼ੁਰੂ ਹੋਇਆ ਅਤੇ ਉਨ੍ਹਾਂ ਨੂੰ ਕਿਹੜੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਕੈਨੇਡਾ ਵਿਚ ਸਿੱਖਾਂ ਦੀ ਗਿਣਤੀ 1991 ਤੋਂ ਬਾਅਦ ਵਧਣ ਲੱਗੀ। ਭਾਰਤ ਦੇ ਪੰਜਾਬ ਰਾਜ ਤੋਂ ਪਰਵਾਸ ਵਿਚ ਵਾਧਾ ਆਰਥਿਕ ਅਤੇ ਰੁਜ਼ਗਾਰ ਕਾਰਨਾਂ ਕਰਕੇ ਹੋਇਆ ਸੀ, ਜੋ ਕਿ ਅਜੇ ਵੀ ਮੁੱਖ ਕਾਰਨ ਮੰਨੇ ਜਾਂਦੇ ਹਨ। ਸ਼ੁਰੂ ਵਿਚ, ਸਿੱਖ ਆਬਾਦੀ ਵਿਚ ਵਾਧਾ ਪੰਜਾਬ ਵਿਚ ਬਗਾਵਤ ਦੇ ਸਮੇਂ ਦੇ ਨਾਲ ਮੇਲ ਖਾਂਦਾ ਸੀ।



ਯੂਨੀਵਰਸਿਟੀ ਆਫ ਕੈਲਗਰੀ, ਵਾਸ਼ਿੰਗਟਨ ਵਿਚ ਕਲਾਸਿਕ ਅਤੇ ਧਰਮ ਵਿਭਾਗ ਦੇ ਪ੍ਰੋਫੈਸਰ ਹਰਜੀਤ ਸਿੰਘ ਗਰੇਵਾਲ ਨੇ ਕਿਹਾ, 1900 ਦੇ ਦਹਾਕੇ ਵਿਚ, ਸਿੱਖਾਂ ਦੀ ਪਹਿਲੀ ਵੱਡੀ ਲਹਿਰ ਕੈਨੇਡਾ ਵਿਚ ਚਲੀ ਗਈ, ਜ਼ਿਆਦਾਤਰ ਬ੍ਰਿਟਿਸ਼ ਕੋਲੰਬੀਆ ਅਤੇ ਓਨਟਾਰੀਓ ਵਿਚ ਮਜ਼ਦੂਰਾਂ ਵਜੋਂ ਕੰਮ ਕਰਨ ਲਈ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਵੰਡ ਕਾਰਨ ਪੈਦਾ ਹੋਈ ਅਸਥਿਰਤਾ, 1947 ਵਿਚ ਬਰਤਾਨਵੀ ਬਸਤੀਵਾਦੀ ਰਾਜ ਦੇ ਅੰਤ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਦੇ ਵੱਖ ਹੋਣ ਕਾਰਨ ਪੰਜਾਬ ਤੋਂ ਸਿੱਖਾਂ ਦੀ ਹਿਜਰਤ ਵਿਚ ਵਾਧਾ ਹੋਇਆ।

1960 ਅਤੇ 1970 ਦੇ ਦਹਾਕੇ ਵਿਚ, ਹਜ਼ਾਰਾਂ ਹੁਨਰਮੰਦ ਸਿੱਖ, ਜਿਨ੍ਹਾਂ ਵਿਚੋਂ ਕੁਝ ਉੱਚ-ਸਿੱਖਿਅਤ ਸਨ, ਪੂਰੇ ਕੈਨੇਡਾ ਵਿਚ ਵਸ ਗਏ, ਖਾਸ ਕਰਕੇ ਟੋਰਾਂਟੋ ਤੋਂ ਵਿੰਡਸਰ ਤੱਕ ਦੇ ਸ਼ਹਿਰੀ ਗਲਿਆਰੇ ਵਿਚ। ਜਿਵੇਂ-ਜਿਵੇਂ ਉਨ੍ਹਾਂ ਦੀ ਗਿਣਤੀ ਵਧਦੀ ਗਈ, ਸਿੱਖਾਂ ਨੇ ਹਰ ਵੱਡੇ ਸ਼ਹਿਰ ਵਿਚ ਅਸਥਾਈ ਗੁਰਦੁਆਰੇ ਸਥਾਪਿਤ ਕੀਤੇ ਅਤੇ ਗੁਰਦੁਆਰਾ ਨੈੱਟਵਰਕਿੰਗ ਨੂੰ ਵੀ ਕੈਨੇਡਾ ਵਿਚ ਭਾਈਚਾਰੇ ਦੇ ਵੱਡੇ ਵਾਧੇ ਵਿਚ ਇੱਕ ਹੋਰ ਮਹੱਤਵਪੂਰਨ ਕਾਰਕ ਮੰਨਿਆ ਜਾਂਦਾ ਹੈ।

ਕੈਨੇਡਾ ਵਿਚ ਸਿੱਖਾਂ ਦੀ ਆਮਦ 1897 ਵਿਚ ਮਹਾਰਾਣੀ ਵਿਕਟੋਰੀਆ ਦੀ ਡਾਇਮੰਡ ਜੁਬਲੀ ਨਾਲ ਸ਼ੁਰੂ ਹੋਈ ਸੀ। ਬ੍ਰਿਟਿਸ਼ ਇੰਡੀਅਨ ਆਰਮੀ ਵਿਚ ਇੱਕ ਰਿਸਾਲਦਾਰ ਮੇਜਰ ਕੇਸੂਰ ਸਿੰਘ ਨੂੰ 1897 ਵਿਚ ਦੇਸ਼ ਵਿਚ ਆਉਣ ਵਾਲਾ ਪਹਿਲਾ ਸਿੱਖ ਨਿਵਾਸੀ ਮੰਨਿਆ ਜਾਂਦਾ ਹੈ। ਉਹ ਹਾਂਗਕਾਂਗ ਰੈਜੀਮੈਂਟ ਦੇ ਹਿੱਸੇ ਵਜੋਂ ਵੈਨਕੂਵਰ ਪਹੁੰਚਣ ਵਾਲੇ ਸਿੱਖ ਸਿਪਾਹੀਆਂ ਦੇ ਪਹਿਲੇ ਸਮੂਹ ਵਿਚੋਂ ਸੀ, ਜਿਸ ਵਿਚ ਚੀਨੀ ਅਤੇ ਜਾਪਾਨੀ ਸੈਨਿਕ ਜੈਅੰਤੀ ਮਨਾਉਣ ਲਈ ਰਸਤੇ ਵਿਚ ਸਨ।

ਮਹਾਰਾਣੀ ਵਿਕਟੋਰੀਆ ਦੀ ਡਾਇਮੰਡ ਜੁਬਲੀ ਦੇ ਸਮੇਂ, ਸਿੱਖਾਂ ਨੂੰ ਕੈਨੇਡੀਅਨ ਪੈਸੀਫਿਕ ਰੇਲਵੇ, ਲੰਬਰ ਮਿੱਲਾਂ ਅਤੇ ਖਾਣਾਂ ਵਿਚ ਰੁਜ਼ਗਾਰ ਮਿਲਿਆ। ਉਹ ਗੋਰੇ ਕਾਮਿਆਂ ਨਾਲੋਂ ਘੱਟ ਕਮਾਈ ਕਰਦੇ ਸਨ, ਪਰ ਉਨ੍ਹਾਂ ਕੋਲ ਇਸ ਵਿਚੋਂ ਕੁਝ ਭਾਰਤ ਭੇਜਣ ਅਤੇ ਆਪਣੇ ਰਿਸ਼ਤੇਦਾਰਾਂ ਲਈ ਕੈਨੇਡਾ ਆਵਾਸ ਕਰਨ ਲਈ ਕਾਫ਼ੀ ਪੈਸਾ ਸੀ। ਰੁਜ਼ਗਾਰ ਨੇ ਵੀ ਸਿੱਖਾਂ ਨੂੰ ਕੈਨੇਡਾ ਜਾਣ ਲਈ ਪ੍ਰੇਰਿਤ ਕੀਤਾ ਹੈ।

ਪ੍ਰਵਾਸੀਆਂ ਨੂੰ ਕੰਮ ਲੱਭਣ ਵਿਚ ਕੋਈ ਮੁਸ਼ਕਲ ਨਹੀਂ ਸੀ, ਪਰ ਉਨ੍ਹਾਂ ਨੂੰ ਇਸ ਧਾਰਨਾ ਦੇ ਆਧਾਰ ’ਤੇ ਦੁਸ਼ਮਣੀ ਦਾ ਸਾਹਮਣਾ ਕਰਨਾ ਪਿਆ ਕਿ ਉਹ ਖੇਤਰਾਂ ਤੋਂ ਦੂਰ ਨੌਕਰੀਆਂ ਲੈ ਰਹੇ ਹਨ। ਸਿੱਖਾਂ ਨੂੰ ਆਪਣੀ ਨਸਲ ਅਤੇ ਸੱਭਿਆਚਾਰ ਕਾਰਨ ਵੀ ਪੱਖਪਾਤ ਦਾ ਸਾਹਮਣਾ ਕਰਨਾ ਪਿਆ। ਜਿਉਂ-ਜਿਉਂ ਹੋਰ ਸਿੱਖ ਦੇਸ਼ ਵਿਚ ਦਾਖਲ ਹੋਏ, ਸਥਿਤੀ ਬਦਤਰ ਹੁੰਦੀ ਗਈ।

ਸਿੱਖ ਹੁਣ ਕੈਨੇਡੀਅਨ ਰਾਜਨੀਤੀ ਅਤੇ ਸਮਾਜ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਨਿਊ ਡੈਮੋਕ੍ਰੇਟਿਕ ਪਾਰਟੀ ਦੇ ਆਗੂ ਜਗਮੀਤ ਸਿੰਘ ਸਿੱਖ ਹਨ। ਉਹ ਭਾਰਤ ਵਿਚ ਸਿੱਖਾਂ ਨਾਲ ਕਿਸ ਤਰ੍ਹਾਂ ਦਾ ਸਲੂਕ ਕੀਤਾ ਜਾਂਦਾ ਹੈ, ਦੇ ਖ਼ਿਲਾਫ਼ ਆਵਾਜ਼ ਉਠਾਉਂਦਾ ਰਿਹਾ ਹੈ ਅਤੇ 2013 ਵਿਚ ਉਸਦੇ ਵਿਚਾਰਾਂ ਦੇ ਕਾਰਨ ਉਸਨੂੰ ਭਾਰਤ ਵਿਚ ਦਾਖਲ ਹੋਣ ਲਈ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ।










# ਕਾਵਿ ਸੰਗ੍ਰਹਿ 'ਵੜੈਚ ਦੇ ਵਿਅੰਗ' ਸਮਾਜਿਕ ਕੁਰੀਤੀਆਂ ਦੇ ਮਾਰਦੇ ਡੰਗ






-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਅਮਰਜੀਤ ਸਿੰਘ ਵੜੈਚ ਦਾ ਪਲੇਠਾ ਵਿਅੰਗ ਕਾਵਿ ਸੰਗ੍ਰਹਿ 'ਵੜੈਚ ਦੇ ਵਿਅੰਗ' ਸਮਾਜਿਕ ਤਾਣੇ-ਬਾਣੇ ਵਿਚ ਬੁਰੀ ਤਰ੍ਹਾਂ ਪੈਰ ਫਸਾਈ ਬੈਠੀਆਂ ਸਮਾਜਿਕ ਕੁਰੀਤੀਆਂ ਦੀ ਲਾਹਣਤ ਉਪਰ ਤਕੜਾ ਵਿਅੰਗ ਕਰਦਾ ਹੋਇਆ, ਇਨ੍ਹਾਂ ਬੁਰਾਈਆਂ ਵਿਚ ਗ੍ਰਸੇ ਹੋਏ ਲੋਕਾਂ ਨੂੰ ਸੋਚਣ ਲਈ ਮਜਬੂਰ ਕਰੇਗਾ। ਇਸ ਤੋਂ ਪਹਿਲਾਂ ਅਮਰਜੀਤ ਸਿੰਘ ਵੜੈਚ ਦੀਆਂ ਦੋ ਪ੍ਰੋਫੈਸ਼ਨਲ ਪੁਸਤਕਾਂ ਆਕਾਸ਼ਬਾਣੀ ਸੰਬੰਧੀ 'ਏਹ ਆਕਾਸ਼ਬਾਣੀ ਏਂ' ਅਤੇ 'ਹੁਣ ਤੁਸੀਂ ਖ਼ਬਰਾਂ ਸੁਣੋ' ਪੰਜਾਬੀ ਯੂਨੀਵਰਸਿਟੀ ਨੇ ਪ੍ਰਕਾਸ਼ਤ ਕੀਤੀਆਂ ਹਨ। ਸਾਹਿਤਕ ਖੇਤਰ ਵਿਚ ਉਨ੍ਹਾਂ ਦਾ ਇਹ ਪਹਿਲਾ ਕਾਵਿ ਸੰਗ੍ਰਹਿ ਹੈ, ਜਿਹੜਾ ਵਿਅੰਗ ਦੇ ਖੇਤਰ ਵਿਚ ਹਲਚਲ ਪੈਦਾ ਕਰੇਗਾ ਕਿਉਂਕਿ ਵਿਅੰਗ ਕਰਨ ਲੱਗਿਆਂ ਉਸ ਨੇ ਕਿਸੇ ਦਾ ਲਿਹਾਜ਼ ਨਹੀਂ ਕੀਤਾ। ਅਮਰਜੀਤ ਸਿੰਘ ਵੜੈਚ ਬੇਬਾਕ ਸ਼ਾਇਰ ਹੈ। ਉਹ ਹਮੇਸ਼ਾ ਹੱਕ ਤੇ ਸੱਚ ਦੇ ਸਿਧਾਂਤ 'ਤੇ ਪਹਿਰਾ ਦਿੰਦਾ ਹੈ। ਉਸ ਦੀਆਂ ਕਵਿਤਾਵਾਂ ਦੀ ਵਿਲੱਖਣਾ ਇਹੋ ਹੈ ਕਿ ਉਹ ਸੱਚਾਈ ਦਾ ਪੱਖ ਪੂਰਦਾ ਹੋਇਆ ਲਿਖਦਾ ਹੈ, ਭਾਵੇਂ ਉਸ ਦੀ ਕਵਿਤਾ ਕਿਸੇ ਦੇ ਗੋਡੇ ਜਾਂ ਗਿੱਟੇ ਲੱਗੇ। ਡਰ ਅਤੇ ਭੈਅ ਉਸ ਦੇ ਨੇੜੇ-ਤੇੜੇ ਨਹੀਂ, ਇਸ ਕਰਕੇ ਉਸ ਨੇ ਸਮਾਜ ਦੀ ਹਰ ਵਿਸੰਗਤੀ ਬਾਰੇ ਦਲੇਰੀ ਨਾਲ ਲਿਖਿਆ ਹੈ। ਇੱਥੋਂ ਤੱਕ ਕਿ ਉਨ੍ਹਾਂ ਨੇ ਆਪਣੇ ਪੱਤਰਕਾਰੀ ਭਾਈਚਾਰੇ ਵਿਚ ਆਈਆਂ ਕੁਰੀਤੀਆਂ ਦੇ ਵੀ ਵੱਖੀਏ ਉਧੇੜ ਦਿੱਤੇ ਹਨ। ਇਸੇ ਤਰ੍ਹਾਂ ਇਨਾਮਾਂ ਦੀ ਦੌੜ ਵਿਚ ਸ਼ਾਮਲ ਸਾਹਿਤਕਾਰਾਂ ਅਤੇ ਬੁੱਧੀਜੀਵੀਆਂ ਨੂੰ ਵੀ ਨਹੀਂ ਬਖ਼ਸ਼ਿਆ। ਆਮ ਤੌਰ 'ਤੇ ਅਧਿਕਾਰੀ ਸਾਰੀ ਉਮਰ ਸਰਕਾਰੀ ਨੌਕਰੀ ਵਿਚ ਰਹਿਣ ਕਰਕੇ ਸੇਵਾਮੁਕਤੀ ਤੋਂ ਬਾਅਦ ਵੀ ਪ੍ਰਣਾਲੀ ਦੇ ਵਿਰੁੱਧ ਬੋਲਣ ਦੀ ਹਿੰਮਤ ਨਹੀਂ ਕਰਦੇ। ਕਿਉਂਕਿ ਉਨ੍ਹਾਂ ਦਾ ਮੱਚ ਮਰ ਜਾਂਦਾ ਹੈ, ਜ਼ਮੀਰ ਖਤਾ ਖਾ ਜਾਂਦੀ ਹੈ ਪ੍ਰੰਤੂ ਅਮਰਜੀਤ ਸਿੰਘ ਵੜੈਚ ਭਾਵੇਂ ਸਾਰੀ ਉਮਰ ਸਰਕਾਰ ਦੀਆਂ ਨੀਤੀਆਂ ਦੀ ਨਾ ਚਾਹੁੰਦਾ ਹੋਇਆ ਵੀ ਪਾਲਣਾ ਕਰਦਾ ਰਿਹਾ ਪ੍ਰੰਤੂ ਉਸ ਦੀਆਂ ਕਵਿਤਾਵਾਂ ਵਿਚ ਵਰਤਮਾਨ ਪ੍ਰਣਾਲੀ ਵਿਰੁੱਧ ਬੇਬਾਕੀ ਅਤੇ ਬਗਾਵਤ ਦੀ ਕਨਸੋਅ ਆ ਰਹੀ ਹੈ। ਦਲੇਰੀ ਸਾਹਿਤਕਾਰ ਦੀ ਲੇਖਣੀ ਦੀ ਸ਼ੋਭਾ ਵਧਾਉਂਦੀ ਹੈ। ਉਸ ਦੇ ਇਸ ਵਿਅੰਗ ਕਾਵਿ ਸੰਗ੍ਰਹਿ ਵਿਚ 61 ਵਿਅੰਗਾਤਮਿਕ ਕਵਿਤਾਵਾਂ ਹਨ, ਜਿਹੜੀਆਂ ਸਮਾਜ ਵਿਚ ਵਾਪਰ ਰਹੀਆਂ ਗ਼ੈਰ ਸਮਾਜੀ ਤੇ ਅਣਮਨੁੱਖੀ ਸਰਗਰਮੀਆਂ ਜਿਨ੍ਹਾਂ ਵਿਚ ਧੋਖਾ, ਫ਼ਰੇਬ, ਚੋਰੀ ਚਕਾਰੀ, ਲਾਲਚ, ਜ਼ਾਤ-ਪਾਤ, ਧਾਰਮਿਕ ਕੱਟੜਤਾ, ਭ੍ਰਿਸ਼ਟਾਚਾਰ, ਰਾਜਨੀਤਿਕ ਗੰਧਲਾਪਣ ਆਦਿ ਦਾ ਪਰਦਾਫਾਸ਼ ਕਰਦੀਆਂ ਹਨ। ਇਸ ਕਾਵਿ ਵਿਅੰਗ ਸੰਗ੍ਰਹਿ ਨੂੰ ਪੜ੍ਹਨ ਤੋਂ ਬਾਅਦ ਮਹਿਸੂਸ ਹੁੰਦਾ ਹੈ ਕਿ ਇਹ ਵਿਅੰਗਾਤਮਿਕ ਕਵਿਤਾਵਾਂ ਸ਼ਾਇਰ ਦੇ ਗਹਿਰੇ ਅਨੁਭਵ ਦਾ ਪ੍ਰਗਟਾਵਾ ਕਰਦੀਆਂ ਹਨ। ਅਮਰਜੀਤ ਸਿੰਘ ਵੜੈਚ ਦੀ ਤੀਖਣ ਬੁੱਧੀ ਨੇ ਸਮਾਜ ਵਿਚ ਵਿਚਰਦਿਆਂ ਜੋ ਆਪਣੀ ਅੱਖੀਂ ਵੇਖਿਆ ਅਤੇ ਲੋਕਾਂ ਤੋਂ ਸੁਣਿਆਂ, ਲੋਕਾਈ ਦੇ ਉਸ ਦਰਦ ਨੂੰ ਉਸ ਨੇ ਆਪਣੀਆਂ ਕਵਿਤਾਵਾਂ ਵਿਚ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ। ਕਵਿਤਾਵਾਂ ਪੜ੍ਹਨ ਤੋਂ ਬਾਅਦ ਬਹੁਤ ਸਾਰੇ ਕਾਵਿਕ ਰੰਗਾਂ ਦੇ ਪ੍ਰਭਾਵ ਸਤਰੰਗੀ ਪੀਂਘ ਦੀ ਤਰ੍ਹਾਂ ਵਿਖਾਈ ਦਿੰਦੇ ਹਨ, ਜਿਨ੍ਹਾਂ ਦੀ ਮਹਿਕ ਸਾਹਿਤਕ ਵਾਤਾਵਰਨ ਨੂੰ ਖ਼ੁਸ਼ਬੂਦਾਰ ਬਣਾਉਂਦੀ ਹੈ। ਸ਼ਾਇਰ ਨੇ ਸਮਾਜ ਵਿਚ ਹੋ ਰਹੀਆਂ ਅਸਮਾਜਿਕ ਕਾਰਵਾਈਆਂ ਦਾ ਕੋਈ ਅਜਿਹਾ ਪੱਖ ਨਹੀਂ ਛੱਡਿਆ, ਜਿਨ੍ਹਾਂ ਰਾਹੀਂ ਹੋ ਰਹੇ ਅੱਤਿਆਚਾਰ ਦਾ ਪ੍ਰਗਟਾਵਾ ਆਪਣੀਆਂ ਕਵਿਤਾਵਾਂ ਵਿਚ ਨਹੀਂ ਕੀਤਾ। ਕਿਸਾਨ, ਮਜ਼ਦੂਰ, ਸਿਆਸਤਦਾਨ, ਪਰਿਵਾਰਵਾਦ, ਸਾਧੂ, ਗੁਰੂ ਚੇਲੇ, ਗੋਲਕ ਚੋਰ, ਡੇਰੇ ਵਾਲੇ, ਵਹਿਮ-ਭਰਮ, ਪੁਲਿਸ, ਵਿਰਾਸਤ ਦੇ ਅਖੌਤੀ ਪਹਿਰੇਦਾਰ, ਭ੍ਰਿਸ਼ਟਾਚਾਰ, ਸਿਆਸਤਦਾਨ, ਚੋਰ ਉਚੱਕੇ, ਧਾਰਮਿਕ ਪਖੰਡੀ ਲੋਕ, ਅਖਾਉਤੀ ਲੇਖਕ, ਪੱਤਰਕਾਰ, ਬੁੱਧੀਜੀਵੀ ਆਦਿ ਦੇ ਵਿਵਹਾਰ ਨੂੰ ਦ੍ਰਿਸ਼ਟਾਂਤਿਕ ਰੂਪ ਵਿਚ ਪੇਸ਼ ਕੀਤਾ ਹੈ। ਕਿਸਾਨ ਦੀ ਤ੍ਰਾਸਦੀ ਦਾ ਜ਼ਿਕਰ ਕਰਦਾ ਵੜੈਚ ਆਪਣੀ ਪਹਿਲੀ ਕਵਿਤਾ ਵਿਚ ਹੀ ਦਰਸਾਉਂਦਾ ਹੈ ਕਿ ਜਦੋਂ ਉਸ ਦੀ ਮਿਹਨਤ ਦਾ ਪੂਰਾ ਮੁੱਲ ਨਹੀਂ ਮਿਲਦਾ, ਤਾਂ ਉਹ ਹਥਿਆਰ ਹੀ ਚੁੱਕੇਗਾ। ਆਪਣੇ ਹੱਕ ਨਾ ਮਿਲਦੇ ਵੇਖ ਕੇ ਉਹ ਹੱਕ ਖੋਹਣ ਦੀ ਕੋਸ਼ਿਸ਼ ਕਰੇਗਾ।

ਜਦੋਂ ਹਲਾਂ ਦੇ ਮੁੱਠਿਆਂ 'ਤੇ ਰੱਖੇ ਹੱਥ
ਅੱਟਣਾਂ ਤੋਂ ਤੰਗ ਹੋ ਜਾਂਦੇ ਨੇ
ਤਾਂ ਉਹ ਹੱਥ ਹਲ ਸੁੱਟ ਦਿੰਦੇ ਨੇ
ਹਥਿਆਰ ਚੁੱਕ ਲੈਂਦੇ ਨੇ।

ਇਕ ਕਿਸਮ ਨਾਲ ਇਹ ਵਰਤਮਾਨ ਸ਼ਾਸਕਾਂ ਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਉਹ ਸੁਧਰ ਜਾਣ, ਨਹੀਂ ਲੋਕ ਆਪਣੇ ਹੱਕ ਖੋਹ ਲੈਣਗੇ। ਅਮਰਜੀਤ ਸਿੰਘ ਵੜੈਚ ਦੇ ਵਿਅੰਗਾਂ ਨੇ ਸਿਆਸਤਦਾਨਾਂ ਦੇ ਕਾਰਨਾਮਿਆਂ 'ਤੇ ਬੜੇ ਤਿੱਖੇ ਤੀਰ ਚਲਾਏ ਹਨ। ਸਿਆਸਤਦਾਨ ਵੀ ਅਜਿਹੇ ਢੀਠ ਹਨ, ਜਿਹੜੇ ਅਜਿਹੇ ਵਿਅੰਗਾਂ ਤੋਂ ਝਿਜਕਦੇ ਨਹੀਂ। ਸਿਆਸਤਦਾਨ ਮਖੌਟੇ ਪਾਈ ਫਿਰਦੇ ਹਨ। ਵੜੈਚ ਨੇ ਆਪਣੀਆਂ ਕਵਿਤਾਵਾਂ ਵਿਚ ਸਿਆਸਤਦਾਨਾਂ ਦੇ ਭਿਉਂ-ਭਿਉਂ ਕੇ ਜੁੱਤੀ ਮਾਰੀਆਂ ਹਨ ਪ੍ਰੰਤੂ ਬੇਸ਼ਰਮ ਲੋਕ ਆਪਣੀਆਂ ਕਰਤੂਤਾਂ ਤੋਂ ਬਾਜ਼ ਨਹੀਂ ਆਉਂਦੇ। ਉਨ੍ਹਾਂ ਦੀਆਂ ਕਵਿਤਾਵਾਂ ਵਿਚੋਂ ਸਿਆਸਤਦਾਨਾਂ ਦੀਆਂ ਮਨਮਰਜ਼ੀਆਂ ਸੰਬੰਧੀ ਕੁਝ ਸ਼ਿਅਰ ਇਸ ਪ੍ਰਕਾਰ ਹਨ।

ਸੜਕ, ਸਿਹਤ ਤੇ ਸਿੱਖਿਆ ਚੜ੍ਹ ਗਏ ਭੇਂਟ ਸਿਆਸਤ ਦੀ
ਫਿਰ ਵੀ ਕਹਿੰਦੇ ਤੂਤੀ ਬੋਲੇ ਏਸ ਰਿਆਸਤ ਦੀ।
ਲੀਡਰ ਨੂੰ ਹੁਣ ਭੁੱਖ ਲੱਗੀ ਹੈ ਵੋਟਾਂ ਦੀ
ਲਾਰਿਆਂ ਦਾ ਤੰਦੂਰ ਤਪਾਇਆ ਲੀਡਰ ਨੇ।
ਤੋਪਾਂ, ਕੋਲਾ, ਖੱਫਣ ਡਕਾਰ ਗਿਆ
ਕਰ ਕੇ ਸਭ ਕੁਝ ਹਜ਼ਮ ਵਿਖਾਇਆ ਲੀਡਰ ਨੇ।
ਬਾਪੂ ਤੇਰੇ ਭੇਸ ਵਿਚ ਡਾਕੂ ਮੇਰੇ ਦੇਸ਼ ਵਿਚ
ਨੇਤਾ ਸੁੰਘਣ ਵੋਟਾਂ ਨੂੰ ਸਸਕਾਰਾਂ ਦੇ ਸੇਕ ਵਿਚ
ਬੁੱਕਲ ਦੇ ਵਿਚ ਰੱਖੇ ਸੱਪ ਬਾਬਾ ਆਪਣੇ ਖੇਸ ਵਿਚ।
ਹੁੰਦੇ ਸੀ ਟਕਸਾਲੀ ਲੀਡਰ ਅੱਜਕੱਲ੍ਹ ਬਾਹਲੇ ਜਾਅਲੀ ਲੀਡਰ।
ਉਸੇ ਦੇ ਵਿਚ ਕਰਦੇ ਮੋਰੀ ਖਾਂਦੇ ਨੇ ਜਿਸ ਥਾਲੀ ਵਿਚ ਲੀਡਰ।
ਲੋਕਾਂ ਦੇ ਗਲ ਧਰਮ ਦੀ ਯਾਰੋ ਪਾਈ ਫਿਰਨ ਪੰਜਾਲੀ ਲੀਡਰ।
ਪਹਿਲਾਂ ਪੰਗੇ ਪਾਉਂਦੇ ਲੀਡਰ, ਦੰਗੇ ਫੇਰ ਕਰਾਉਂਦੇ ਲੀਡਰ।
ਥੁੱਕੀਂ ਵੜੇ ਪਕਾਉਂਦੇ ਲੀਡਰ, ਝੋਟੇ ਨੂੰ ਪਸਮਾਉਂਦੇ ਲੀਡਰ।

ਸ਼ਾਇਰ ਨੇ ਅਖੌਤੀ ਧਾਰਮਿਕ ਲੋਕਾਂ ਅਤੇ ਡੇਰਿਆਂ ਵਾਲਿਆਂ ਵੱਲੋਂ ਧਰਮ ਦੀ ਆੜ ਵਿਚ ਚਲਾਈਆਂ ਜਾਂਦੀਆਂ ਚਾਲਾਂ ਨਾਲ ਲੋਕਾਂ ਨੂੰ ਗੁਮਰਾਹ ਕਰਕੇ ਭੜਕਾਉਣ ਬਾਰੇ ਵਿਅੰਗ ਕਸੇ ਹਨ। ਪ੍ਰੰਤੂ ਧਾਰਮਿਕ ਬਾਬੇ ਇਨ੍ਹਾਂ ਵਿਅੰਗਾਂ ਤੋਂ ਵੀ ਬੇਪ੍ਰਵਾਹ ਹਨ, ਉਹ ਭੋਲੇ-ਭਾਲੇ ਲੋਕਾਂ ਨੂੰ ਫਿਰਕਾਪ੍ਰਸਤੀ ਜਾਲ ਵਿਚ ਫਸਾ ਲੈਂਦੇ ਹਨ। ਇਨ੍ਹਾਂ ਬਾਰੇ ਵੜੈਚ ਦੇ ਵਿਅੰਗ ਇਸ ਪ੍ਰਕਾਰ ਹਨ:-

ਧੰਦਿਆਂ ਵਿਚੋਂ ਧੰਦਾ ਯਾਰੋ ਧਰਮ ਦਾ ਚੰਗਾ ਧੰਦਾ ਯਾਰੋ
ਹਿੰਗ ਲੱਗੇ ਨਾ ਫਟਕੜੀ ਏਥੇ ਰੰਗ ਲਿਆਵੇ ਚੰਗਾ ਯਾਰੋ।
ਸ਼ੇਅਰ ਬਾਜ਼ਾਰ ਜੇ ਹੋਵੇ ਮੰਦਾ ਚੜ੍ਹਦਾ ਏਥੇ ਚੰਦਾ
ਕਾਮਯਾਬ ਉਹ ਬਾਬਾ ਹੋਵੇ ਜਿਹੜਾ ਸਭ ਤੋਂ ਗੰਦਾ ਯਾਰੋ।
ਕੋਈ ਨਾ ਏਥੇ ਸਾਧੂ ਲੱਗੇ, ਚੇਲਾ ਚੋਰ ਗੁਰੂ ਵੀ ਚੋਰ।
ਜਿਹੜਾ ਗੁਰੂ ਦੀ ਗੋਲਕ ਖਾਵੇ, ਵੱਡਾ ਹੁੰਦਾ ਓਹੀ ਚੋਰ।
ਧਰਮਾਂ ਦੀ ਜੋ ਖੇਡ ਖੇਡਦੇ, ਦੇਸ਼ ਦੇ ਹੁੰਦੇ ਉਹ ਵੀ ਚੋਰ।
ਲੋਕ ਲੁਕਾਉਂਦੇ ਝੂਠ ਦੀ ਗਾਗਰ, ਉੱਤੇ ਲੈ ਕੇ ਧਰਮ ਦੀ ਚਾਦਰ।
ਰੱਬ ਦੇ ਨਾਂ 'ਤੇ ਵੱਢਣ ਬੰਦੇ, ਧਰਮਾਂ ਵਾਲੇ ਹੋਗੇ ਜਾਬਰ।

ਜਿਹੜੇ ਸਾਹਿਤਕਾਰ ਸਰਕਾਰੀ ਮਾਨ-ਸਨਮਾਨ ਲੈਣ ਲਈ ਲੇਲ੍ਹੜੀਆਂ ਕੱਢ ਕੇ ਇਨਾਮ ਪ੍ਰਾਪਤ ਕਰਦੇ ਹਨ, ਉਨ੍ਹਾਂ ਬਾਰੇ ਵੜੈਚ ਲਿਖਦਾ ਹੈ:-

ਕਰਨ ਸਲਾਮਾਂ ਕਲਮਾਂ, ਸਰਕਾਰੀ ਸਨਮਾਨਾਂ ਲਈ
ਐਹੋ ਜਿਹੇ ਸਨਮਾਨਾਂ ਨੂੰ ਯਾਰੋ ਦੁਰਗੱਤ ਲਿਖੋ।

ਅਮਰਜੀਤ ਸਿੰਘ ਵੜੈਚ ਦੀ ਹਰ ਕਵਿਤਾ ਇਉਂ ਮਹਿਸੂਸ ਹੁੰਦਾ ਹੈ, ਜਿਵੇਂ ਉਸ ਦੇ ਦਿਲ ਦੀ ਆਵਾਜ਼ ਹੋਵੇ। ਉਸ ਦੀਆਂ ਕਵਿਤਾਵਾਂ ਦੀ ਸ਼ਬਦਾਵਲੀ ਦਿਹਾਤੀ ਸਭਿਅਚਾਰ ਵਿਚੋਂ ਲਈ ਗਈ ਹੈ। ਬੋਲੀ ਠੇਠ ਪੰਜਾਬੀ ਹੋਣ ਕਰਕੇ ਪਾਠਕ ਦੇ ਦਿਲ ਨੂੰ ਟੁੰਬਦੀ ਹੋਈ ਆਪਣਾ ਪ੍ਰਭਾਵ ਛੱਡਦੀ ਹੈ। ਉਮੀਦ ਕੀਤੀ ਜਾ ਸਕਦੀ ਹੈ ਕਿ ਭਵਿੱਖ ਵਿਚ ਵੀ ਅਮਰਜੀਤ ਸਿੰਘ ਵੜੈਚ ਨਵੀਂਆਂ ਪਿਰਤਾਂ ਪਾਵੇਗਾ ਤੇ ਸਮਾਜਿਕ ਬੁਰਾਈਆਂ ਦਾ ਪਰਦਾਫਾਸ਼ ਕਰੇਗਾ।

ਸੁੰਦਰ ਮੁੱਖ ਕਵਰ, 88 ਪੰਨਿਆਂ, 200 ਰੁਪਏ ਕੀਮਤ ਵਾਲਾ ਇਹ ਕਾਵਿ ਸੰਗ੍ਰਹਿ ਸਪਰੈਡ ਪਬਲੀਕੇਸ਼ਨ ਰਾਮਪੁਰ (ਪੰਜਾਬ) ਨੇ ਪ੍ਰਕਾਸ਼ਤ ਕੀਤਾ ਹੈ।

# ਮੇਰੀ ਰੁਬਾਣੀ : ਮੇਰੀ ਚੰਨ ਮੱਖਣੀ



ਹਰਦੀਪ ਕੌਰ ਨਾਜ਼
ਅਰਬਨ ਅਸਟੇਟ, ਫ਼ਗਵਾੜਾ
(Punjab Mail USA)



ਮੇਰੇ ਵਿਹੜੇ ਰੌਣਕਾਂ ਤੂੰ ਲਾਈਆਂ ਧੀਏ
ਮੇਰੇ 'ਤੇ ਅਹਿਸਾਨ ਤੇਰਾ।

ਧੀਆਂ ਨਸੀਬ ਵਾਲਿਆਂ ਨੂੰ ਮਿਲਦੀਆਂ ਹਨ। ਕੁਦਰਤ ਦੀ ਨਿਆਮਤ ਹੁੰਦੀਆਂ ਹਨ ਧੀਆਂ। ਖ਼ੁਸ਼ਕਿਸਮਤ ਹੁੰਦੇ ਨੇ ਉਹ ਮਾਪੇ ਜਿਨ੍ਹਾਂ ਵਿਹੜੇ ਧੀਆਂ ਕਿਲਕਾਰੀ ਮਾਰਦੀਆਂ ਹਨ। ਘਰ ਵਿਚ ਬੱਚੇ ਦਾ ਜਨਮ ਮਾਂ ਦੀ ਕੁੱਖ ਸੁਲੱਖਣੀ ਕਰਦਾ ਹੈ, ਘਰ ਨੂੰ ਭਾਗ ਲਾਉਂਦਾ ਹੈ। ਧੀ ਦਾ ਜਨਮ ਪੂਰੇ ਘਰ ਨੂੰ ਚਾਨਣ ਦੀਆਂ ਰਿਸ਼ਮਾਂ ਨਾਲ ਭਰ ਦਿੰਦਾ ਹੈ।

ਮੇਰੀ ਦਿਲੀ ਖੁਹਾਇਸ਼ ਸੀ ਕਿ ਮੇਰੇ ਵਿਹੜੇ ਵੀ ਧੀ ਦੀ ਕਿਲਕਾਰੀ ਗੂੰਜੇ। ਪ੍ਰਮਾਤਮਾ ਦੇ ਦਰ ਅਰਦਾਸਾਂ ਅਰਜ਼ੋਈਆਂ ਕੀਤੀਆਂ, ਪਰ ਧੀ-ਪੁੱਤ ਵਾਹਿਗੁਰੂ ਦੀ ਦੇਣ ਹੈ। ਦੋਵੇਂ ਵਾਰ ਅਕਾਲ ਪੁਰਖ ਨੇ ਪੁੱਤਰਾਂ ਦੀ ਦਾਤ ਨਾਲ ਨਿਵਾਜ਼ਿਆ। ਪੁੱਤਰਾਂ ਦੀ ਆਮਦ ਨਾਲ ਘਰ ਤਾਂ ਭਰ ਗਿਆ ਪਰ ਦਿਲ ਦੇ ਕਿਸੇ ਕੋਨੇ ਵਿਚ ਧੀ ਦੀ ਚਾਹਤ ਹਮੇਸ਼ਾਂ ਆਪਣਾ ਥਾਂ ਮੱਲ੍ਹੀ ਰਹੀ। ਮਾਂ ਬਣਨਾ ਹੀ ਔਰਤ ਦਾ ਸੰਪੂਰਨ ਹੋਣਾ ਹੈ। ਮਾਂ ਬਣਨ ਦਾ ਅਹਿਸਾਸ ਇੱਕ ਅਣਮੁੱਲਾ ਹੁੰਦਾ ਹੈ, ਜਿਸ ਵਿਚ ਮਾਂ ਲਈ ਧੀ ਜਾਂ ਪੁੱਤ ਵਿਚ ਕੋਈ ਫ਼ਰਕ ਨਹੀਂ ਹੁੰਦਾ।

ਧੀਆਂ ਘਰ ਦਰ ਵਿਚ ਬਰਕਤਾਂ ਹੁੰਦੀਆਂ ਹਨ, ਮਾਪਿਆਂ ਦਾ ਨੂਰ ਅਤੇ ਗ਼ਰੂਰ ਹੁੰਦੀਆਂ ਨੇ ਧੀਆਂ। ਆਪਣੇ ਨਿੱਕੇ-ਨਿੱਕੇ ਹਾਸਿਆਂ ਨਾਲ ਖ਼ੁਸ਼ੀਆਂ ਖੇੜੇ ਲੈ ਕੇ ਆਉਂਦੀਆਂ ਹਨ। ਧੀਆਂ ਦੇ ਆਉਣ ਨਾਲ ਬਹੁਤ ਸਾਰੇ ਰਿਸ਼ਤੇ ਰਿਸਜੇ ਜਾਂਦੇ ਹਨ, ਨਵੇਂ ਰਿਸ਼ਤਿਆਂ ਨਾਲ ਸਾਂਝ ਪੈਂਦੀ ਹੈ। ਧੀਆਂ ਰਿਸ਼ਤਿਆਂ ਨੂੰ ਜੋੜ ਕੇ ਰੱਖਣ ਵਿਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਜਿਸ ਘਰ ਵਿਚ ਧੀਆਂ ਹੁੰਦੀਆਂ ਹਨ, ਉਸ ਪਰਿਵਾਰ ਵਿਚ ਸਲੀਕਾ, ਜ਼ਿੰਮੇਵਾਰੀ ਅਤੇ ਫ਼ਰਜ਼ਾਂ ਪ੍ਰਤੀ ਚੇਤਨਤਾ ਵਧੇਰੇ ਹੁੰਦੀ ਹੈ।

ਖ਼ੈਰ! ਸਮਾਂ ਲੰਘਿਆ, ਪੁੱਤਰ ਵੱਡੇ ਹੋਏ। ਫਿਰ ਵੱਡੇ ਬੇਟੇ ਦਾ ਅਨੰਦ ਕਾਰਜ ਕੀਤਾ, ਤਾਂ ਘਰ ਵਿਚ ਨੂੰਹ ਆਉਣ ਨਾਲ ਜਿਵੇਂ ਮੇਰੀ ਚਿਰਾਂ ਦੀ ਸੱਧਰ ਪੂਰੀ ਹੋ ਗਈ। ਨਾ ਮੈਂ ਸੱਸ ਬਣ ਸਕੀ ਨਾ ਉਸਨੂੰ ਨੂੰਹ ਸਮਝ ਸਕੀ। ਬੱਸ ਮੈਂ ਉਸ ਨੂੰ ਬੇਟੀ ਵਾਂਗ ਕਬੂਲ ਕੀਤਾ ਅਤੇ ਉਸਨੇ ਮੈਨੂੰ ਮਾਂ ਦੀ ਤਰ੍ਹਾਂ ਪ੍ਰਵਾਨ ਕੀਤਾ। ਹੁਣ ਅਸੀਂ ਕਦੇ ਮਾਵਾਂ-ਧੀਆਂ ਹੁੰਦੀਆਂ ਹਾਂ ਕਦੇ ਸਹੇਲੀਆਂ, ਪਰ ਸੱਸ-ਨੂੰਹ ਕਦੇ ਨਾ ਬਣ ਸਕੀਆਂ। ਕੁਝ ਸਮਾਂ ਇੱਕਠੀਆਂ ਰਹੀਆਂ, ਫਿਰ ਮੇਰਾ ਨੂੰਹ-ਪੁੱਤ ਵਿਦੇਸ਼ ਚਲੇ ਗਏ, ਪੁੱਤਰ ਫ਼ੋਨ ਕਰੇ ਜਾਂ ਨਾ ਕਰੇ, ਪਰ ਇਸ ਤਰ੍ਹਾਂ ਨਹੀਂ ਹੋਇਆ ਕਿ ਧੀ ਨੇ ਆਪਣੀ ਮਾਂ ਨੂੰ ਫ਼ੋਨ ਨਾ ਕੀਤਾ ਹੋਵੇ।

ਜਨਵਰੀ 2023 ਵਿਚ ਮੈਂ ਵੀ ਪੁੱਤਰ ਕੋਲ ਕੈਨੇਡਾ ਚਲੀ ਗਈ, ਕਿਉਂਕਿ ਘਰ ਵਿਚ ਨਵੇਂ ਜੀਅ ਦੀ ਆਮਦ ਹੋਣ ਵਾਲੀ ਸੀ। ਜਿਵੇਂ ਹੀ ਘਰ ਵਿਚ ਆਏ ਮਹਿਮਾਨ ਬਾਰੇ ਪਤਾ ਲੱਗਿਆ ਕਿ ਮੇਰੇ ਪੁੱਤਰ ਘਰ ਧੀ ਨੇ ਜਨਮ ਲਿਆ ਹੈ, ਤਾਂ ਮੁੜ ਅਹਿਸਾਸ ਹੋਇਆ ਕਿ ਮੈਂ ਹੁਣ ਦੋ ਪੁੱਤਰਾਂ ਵਾਂਗ, ਦੋ ਧੀਆਂ ਦੀ ਮਾਂ ਬਣ ਗਈ ਹਾਂ। ਇੱਕ ਧੀ ਨੂੰਹ ਦੇ ਰੂਪ ਵਿਚ ਮਿਲੀ ਅਤੇ ਦੂਜੀ ਧੀ ਪੋਤਰੀ ਦੇ ਰੂਪ ਵਿਚ। ਮੇਰੀਆਂ ਅੱਖਾਂ ਮੱਲੋਜ਼ੋਰੀ ਵਹਿ ਤੁਰੀਆਂ, ਖ਼ੁਸ਼ੀ ਦੇ ਅੱਥਰੂਆਂ ਨੇ ਪਹਿਲੀ ਵਾਰ ਜਾਣ-ਪਛਾਣ ਕਰਵਾਈ।

ਆਪਣੇ ਹੱਥਾਂ ਵਿਚ ਉਸ ਪਿਆਰੀ ਜਿਹੀ ਨੰਨ੍ਹੀ ਪਰੀ ਨੂੰ ਲੈ ਜਿਵੇਂ ਮੈਂ ਦੁਨੀਆਂ ਦੀ ਸਭ ਤੋਂ ਅਮੀਰ ਔਰਤ ਬਣ ਗਈ, ਮੇਰੇ ਹੱਥਾਂ ਵਿਚ ਮਾਸੂਮ ਅਤੇ ਦੁਨੀਆਂ ਦੀਆਂ ਸਾਰੀਆਂ ਦੌਲਤਾਂ ਤੋਂ ਵੱਧ ਕੀਮਤੀ ਇੱਕ ਨਿੱਕੀ ਜਿਹੀ ਜਾਨ ਸੀ। ਜਿਵੇਂ ਅੰਬਰਾਂ ਤੋਂ ਚੰਨ ਦਾ ਟੁੱਕੜਾ ਧਰਤੀ 'ਤੇ ਉਤਰ ਆਇਆ ਹੋਵੇ। ਮਾਸੂਮ, ਮੁਲਾਇਮ, ਨਿੱਕੇ-ਨਿੱਕੇ ਹੱਥ-ਪੈਰ, ਗੋਲਮੋਲ ਚਿਹਰਾ, ਛੋਟੀਆਂ-ਛੋਟੀਆਂ ਜਗਮਗ ਕਰਦੀਆਂ ਅੱਖਾਂ, ਜਦ ਤੱਕ ਉਸਦਾ ਨਾਮਕਰਨ ਕਰਨਾ ਸੀ, ਮੈਂ ਉਸਨੂੰ ਚੰਨ ਮੱਖਣੀ ਕਹਿ ਬੁਲਾਉਂਦੀ ਰਹੀ। ਫਿਰ ਪਰਿਵਾਰ ਸਮੇਤ ਗੁਰੂ ਘਰ ਜਾ ਕੇ, ਆਏ ਮੁਖਵਾਕ ਦੇ ਪਹਿਲੇ ਅੱਖਰ ਤੋਂ ਉਸਦਾ ਨਾਮ ਰੱਖਿਆ : ਰੁਬਾਣੀ।

ਕੁਝ ਮਹੀਨੇ ਬਾਅਦ ਮੈਨੂੰ ਵਾਪਸ ਪੰਜਾਬ ਆਉਣਾ ਪੈਣਾ ਸੀ, ਕਿਉਂਕਿ ਮੇਰੇ ਪਤੀ ਅਤੇ ਛੋਟਾ ਬੇਟਾ ਮਗਰ ਇਕੱਲੇ ਸਨ। ਪਰ ਆਪਣੀ ਚੰਨ ਮੱਖਣੀ ਤੋਂ ਵਿਛੜਣਾ ਜਾਨ ਹਲੂਣ ਦੇਣ ਵਾਲਾ ਸੀ। ਸਹੀ ਕਹਿੰਦੇ ਨੇ ਸਿਆਣੇ ਕਿ ਮੂਲ ਨਾਲੋਂ ਵਿਆਜ਼ ਪਿਆਰਾ ਹੁੰਦਾ ਹੈ। ਹੁਣ ਛੇ ਮਹੀਨੇ ਤੋਂ ਵੱਧ ਸਮਾਂ ਹੋ ਗਿਆ ਏ, ਪੰਜਾਬ ਆਈ ਨੂੰ। ਪਰ ਬਿਨ੍ਹਾਂ ਨਾਗਾ ਮੇਰੀ ਵੱਡੀ ਬੇਟੀ (ਨੂੰਹ), ਮੇਰੀ ਛੋਟੀ ਬੇਟੀ ਨਾਲ ਵੀਡੀਓ ਕਾਲ ਰਾਹੀਂ ਲਾਡ ਕਰਵਾਉਂਦੀ ਹੈ। ਫ਼ੋਨ ਵਿਚ ਸ਼ਰਾਰਤਾਂ ਕਰਦੀ, ਰੌਲਾ ਪਾਉਂਦੀ, ਗੱਲਾਂ ਦੇ ਹੁੰਗਾਰੇ ਭਰਦੀ, ਅੱਖਾਂ ਫੈਲਾ ਕੇ ਮੋਬਾਇਲ ਵੱਲ ਦੇਖਦੀ ਹੈ ਤਾਂ ਮਨ ਵਿਸਮਾਦ ਵਿਚ ਆ ਜਾਂਦਾ ਹੈ।

ਇਹੀ ਅਰਦਾਸ ਕਰਦੀ ਹਾਂ ਕਿ ਅਕਾਲ ਪੁਰਖ ਉਸਨੂੰ ਦੇਹ ਅਰੋਗਤਾ, ਚੜ੍ਹਦੀ ਕਲਾ ਅਤੇ ਤੰਦਰੁਸਤੀ ਭਰਪੂਰ ਜੀਵਨ ਬਖਸ਼ੇ ਅਤੇ ਵੱਡੀ ਹੋ ਕੇ ਉਹ ਹੋਰਨਾਂ ਨਾਲ ਮਿਸਾਲ ਬਣੇ। ਸਿਆਣੇ ਕਹਿੰਦੇ ਨੇ 'ਧੀ ਹੱਸਦੀ ਏ ਤਾਂ ਰੱਬ ਹੱਸਦਾ ਹੈ' ਬੱਸ ਧੀਆਂ ਹੱਸਦੀਆਂ-ਵੱਸਦੀਆਂ ਰਹਿਣ ਅਤੇ ਸੁਖੀ ਵੱਸਣ। ਰੱਬ ਰਾਖਾ।

# ਜੋਤੀ ਜੋਤਿ ਦਿਵਸ ਗੁਰੂ ਨਾਨਕ ਸਾਹਿਬ ਜੀ

# 8 ਅੱਸੂ ਬਨਾਮ ਅੱਸੂ ਵਦੀ 10



-ਸਰਵਜੀਤ ਸਿੰਘ
ਸੈਕਰਾਮੈਂਟੋ
(Punjab Mail USA)


| ਸੰਮਤ | ਈ: ਸੰਨ | ਵਦੀ-ਸੁਦੀ ਮੁਤਾਬਕ | ਪ੍ਰਵਿਸ਼ਟਾ |
|---|---|---|---|
| 546 | 2014-15 | 2 ਅੱਸੂ | 8 ਅੱਸੂ |
| 547 | 2015-16 | 21 ਅੱਸੂ | 8 ਅੱਸੂ |
| 548 | 2016-17 | 10 ਅੱਸੂ | 8 ਅੱਸੂ |
| 549 | 2017-18 | 31 ਭਾਦੋਂ | 8 ਅੱਸੂ |
| 550 | 2018-19 | 18 ਅੱਸੂ | 8 ਅੱਸੂ |
| 551 | 2019-20 | 8 ਅੱਸੂ | 8 ਅੱਸੂ |
| 552 | 2020-21 | 28 ਅੱਸੂ | 8 ਅੱਸੂ |
| 553 | 2021-22 | 16 ਅੱਸੂ | 8 ਅੱਸੂ |
| 554 | 2022-23 | 4 ਅੱਸੂ | 8 ਅੱਸੂ |
| 555 | 2023-24 | 23 ਅੱਸੂ | 8 ਅੱਸੂ |

ਗੁਰੂ ਨਾਨਕ ਸਾਹਿਬ ਜੀ ਦੀ ਜਨਮ ਤਾਰੀਖ ਬਾਰੇ ਹੀ ਨਹੀਂ, ਗੁਰੂ ਨਾਨਕ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ ਬਾਰੇ ਵੀ ਵਿਦਵਾਨਾਂ ਵਿਚ ਮਤਭੇਦ ਹਨ। ਗੁਰੂ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀਆਂ ਵੀ ਦੋ ਤਾਰੀਖਾਂ ਮਿਲਦੀਆਂ ਹਨ। ਅੱਸੂ ਵਦੀ 10 ਅਤੇ ਅੱਸੂ ਸੁਦੀ 10, ਸੰਮਤ 1596 ਬਿਕ੍ਰਮੀ। ਅੱਸੂ ਵਦੀ 10 ਵਾਲੇ ਦਿਨ ਦਾ ਜੇ ਪ੍ਰਵਿਸ਼ਟਾ (ਸੰਗਰਾਂਦੀ ਤਾਰੀਖ) ਵੇਖੀਏ ਤਾਂ ਇਹ 8 ਅੱਸੂ ਦਿਨ ਐਤਵਾਰ ਸੀ। ਜਦੋਂ ਇਸ ਨੂੰ ਅੰਗਰੇਜ਼ੀ ਕੈਲੰਡਰ ਵਿਚ ਲਿਖਿਆ ਗਿਆ, ਤਾਂ ਇਹ 7 ਸਤੰਬਰ 1539 ਈ: (ਜੂਲੀਅਨ) ਲਿਖੀ ਗਈ। ਅੱਸੂ ਸੁਦੀ 10 ਵਾਲੇ ਦਿਨ 23 ਅੱਸੂ ਦਿਨ ਸੋਮਵਾਰ ਅਤੇ 22 ਸਤੰਬਰ (ਜੂਲੀਅਨ) ਸੀ। ਇਨ੍ਹਾਂ ਦੋਵਾਂ ਤਾਰੀਖਾਂ ਵਿਚ 15 ਦਿਨਾਂ ਦਾ ਫ਼ਰਕ ਹੈ। ਬਿਕ੍ਰਮੀ ਕੈਲੰਡਰ ਦੀਆਂ ਤਾਰੀਖਾਂ ਬਾਰੇ ਇਹ ਮੰਨਿਆ ਜਾਂਦਾ ਹੈ ਕਿ ਜੇ ਕਿਸੇ ਇਕ ਦਿਹਾੜੇ ਦੀ ਤਾਰੀਖ ਵਿਚ 15 ਦਿਨ੍ਹਾਂ ਦਾ ਫ਼ਰਕ ਹੋਵੇ, ਤਾਂ ਇਹ ਵਦੀ-ਸੁਦੀ ਦਾ ਭੁਲੇਖਾ ਹੋ ਸਕਦਾ ਹੈ। ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੀ ਅਸਲ ਤਾਰੀਖ ਅੱਸੂ ਵਦੀ 10 ਨੂੰ ਕਿਸੇ ਇਕ ਲਿਖਾਰੀ ਨੇ ਭੁਲੇਖੇ ਨਾਲ ਅੱਸੂ ਸੁਦੀ 10 ਲਿਖ ਦਿੱਤਾ, ਤਾਂ ਪਿੱਛੋਂ ਲਿਖਣ ਵਾਲੇ ਲਿਖਾਰੀਆਂ ਨੇ ਬਿਨਾ ਸੋਚੇ-ਸਮਝੇ ਇਹ ਤਾਰੀਖ ਪ੍ਰਚੱਲਤ ਕਰ ਦਿੱਤੀ। ਜਦੋਂ ਬਿਕ੍ਰਮੀ ਕੈਲੰਡਰ ਦੀਆਂ ਤਾਰੀਖਾਂ ਨੂੰ ਅੰਗਰੇਜ਼ੀ ਤਾਰੀਖਾਂ ਵਿਚ ਲਿਖਣ ਦਾ ਰਿਵਾਜ਼ ਪਿਆ, ਤਾਂ ਤਾਰੀਖਾਂ ਬਦਲੀ ਕਰਨ ਵੇਲੇ ਲਿਖਾਰੀਆਂ ਤੋਂ ਜਾਣੇ-ਅਣਜਾਣੇ ਹੋਰ ਗਲਤੀਆਂ ਹੋ ਗਈਆਂ।

ਡਾ. ਹਰਜਿੰਦਰ ਸਿੰਘ ਦਿਲਗੀਰ ਵੀ ਇਸ ਭੁਲੇਖੇ ਦਾ ਸ਼ਿਕਾਰ ਹੋ ਗਿਆ॥22 ਸਤੰਬਰ 1539 ਦੇ ਦਿਨ ਗੁਰੂ ਨਾਨਕ ਸਾਹਿਬ ਕਰਤਾਰਪੁਰ ਵਿਚ ਜੋਤੀ ਜੋਤ ਸਮਾ ਗਏ(ਸਿੱਖ ਤਵਾਰੀਖ਼ ਪਹਿਲਾ ਹਿੱਸਾ 1469 ਤੋਂ 1708, ਪੰਨਾ 177) 22 ਸਤੰਬਰ ਮੁਤਾਬਕ ਇਹ ਅੱਸੂ ਸੁਦੀ 10 ਬਣਦੀ ਹੈ। ਡਾ. ਸੁਖਦਿਆਲ ਸਿੰਘ ਨੇ ਅੱਸੂ ਵਦੀ 10 ਤਾਂ ਠੀਕ ਲਿਖੀ ਹੈ ਪਰ ਅੰਗਰੇਜ਼ੀ ਤਾਰੀਖ ਲਿਖਣ ਵੇਲੇ ਗਲਤੀ ਕਰ ਗਏ॥ਅੱਸੂ ਵਦੀ ਦਸਮੀ ਸੰਮਤ 1596 ਬਿ: ਮੁਤਾਬਕ 22 ਸਤੰਬਰ, 1539 ਈ: ਵਿਚ ਜੋਤੀ ਜੋਤ ਸਮਾ ਗਏ, (ਪੰਜਾਬ ਦਾ ਇਤਿਹਾਸ, ਗੁਰ ਕਾਲ 1469-1708, ਪੰਨਾ 48)। ਅੱਸੂ ਵਦੀ 10 ਮੁਤਾਬਕ ਤਾਂ 7 ਸਤੰਬਰ (ਜੂਲੀਅਨ) ਬਣਦੀ ਹੈ। 'ਗੁਰਬਾਣੀ ਪਾਠ ਦਰਪਣ' ਵਿਚ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ, 1596 ਬਿ: ਅੱਸੂ ਵਦੀ ਦਸਮੀ, ਸ੍ਰੀ ਕਰਤਾਰਪੁਰ ਸਾਹਿਬ, 10 ਅਕਤੂਬਰ 1596 ਈ: ਦਰਜ ਹੈ। (ਪੰਨਾ 11) ਇਥੇ ਵੀ ਅੱਸੂ ਵਦੀ ਦਸਮੀ ਤਾਂ ਠੀਕ ਹੈ ਪਰ ਅੰਗਰੇਜ਼ੀ ਤਾਰੀਖ 10 ਅਕਤੂਬਰ ਗਲਤ ਹੈ। 10 ਅਕਤੂਬਰ ਨੂੰ ਤਾਂ ਕੱਤਕ ਵਦੀ ਚੌਦਸ ਸੀ। ਹੱਥ ਲਿਖਤ ਬੀੜਾ ਵਿਚ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ ਅੱਸੂ ਵਦੀ 10 ਸੰਮਤ 1596 ਬਿ: ਦਰਜ ਹੈ। ਇਹ ਹੀ ਪ੍ਰਮਾਣਿਕ ਤਾਰੀਖ ਹੈ।

ਗੁਰੂ ਕਾਲ ਵੇਲੇ ਆਪਣੇ ਦੇਸ਼ ਵਿਚ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ (ਸੂਰਜੀ ਸਿਧਾਂਤ) ਪ੍ਰਚੱਲਤ ਸੀ। ਇਸ ਕੈਲੰਡਰ ਵਿਚ ਦੋਵੇਂ ਤਰ੍ਹਾਂ ਹੀ (ਵਦੀ-ਸੁਦੀ ਅਤੇ ਪ੍ਰਵਿਸ਼ਟੇ) ਤਾਰੀਖਾਂ ਲਿਖੀਆਂ ਜਾਂਦੀਆਂ ਸਨ। ਜਿਵੇਂ ਚੰਦ ਦੇ ਕੈਲੰਡਰ ਮੁਤਾਬਕ ਗੁਰੂ ਨਾਨਕ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖਾਂ ਅੱਸੂ ਵਦੀ 10 ਅਤੇ ਸੂਰਜੀ ਕੈਲੰਡਰ ਮੁਤਾਬਕ ਖਾਲਸਾ ਸਾਜਨਾ ਦਿਵਸ 1 ਵੈਸਾਖ। ਹੁਣ ਜੇ ਇਨ੍ਹਾਂ ਦੋਵਾਂ ਤਾਰੀਖ ਨੂੰ, ਦੋਵਾਂ ਵਿਧੀਆਂ ਨਾਲ ਲਿਖੀਏ ਤਾਂ ਇਹ 8 ਅੱਸੂ/ ਅੱਸੂ ਵਦੀ 10 ਅਤੇ 1 ਵੈਸਾਖ/ ਚੇਤ ਸੁਦੀ 9, ਲਿਖੀਆਂ ਜਾਣਗੀਆਂ ।

ਅੱਸੂ ਵਦੀ 10 ਚੰਦ ਦੇ ਕੈਲੰਡਰ ਦੀ ਤਾਰੀਖ ਹੈ। ਚੰਦ ਦੇ ਕੈਲੰਡਰ ਮੁਤਾਬਕ ਸਾਲ ਵਿਚ 354.37 ਦਿਨ ਹੁੰਦੇ ਹਨ। ਦੂਜੇ ਪਾਸੇ ਸਾਲ ਦੀ ਪ੍ਰੀਭਾਸ਼ਾ, ਧਰਤੀ ਦਾ ਸੂਰਜ ਦੁਵਾਲੇ ਇਕ ਚੱਕਰ ਹੈ, ਨਾ ਕਿ ਚੰਦ ਦੇ ਧਰਤੀ ਦੁਵਾਲੇ 12 ਚੱਕਰ। ਧਰਤੀ ਸੂਰਜ ਦੁਵਾਲੇ ਇਕ ਚੱਕਰ 365.2422 ਦਿਨਾਂ ਵਿਚ ਪੂਰਾ ਕਰਦੀ ਹੈ। ਇਥੋਂ ਇਹ ਸਪੱਸ਼ਟ ਹੋ ਗਿਆ ਹੈ ਕਿ ਚੰਦ ਦਾ ਸਾਲ ਸੂਰਜੀ ਸਾਲ ਤੋਂ 11 ਦਿਨ ਛੋਟਾ ਹੈ। ਇਹ ਹੈ ਸਾਡੀ ਸਮੱਸਿਆ ਦੀ ਅਸਲ ਜੜ੍ਹ।

ਹੁਣ ਜਦੋਂ ਅਸੀਂ ਗੁਰੂ ਨਾਨਕ ਸਾਹਿਬ ਜੀ ਦਾ ਜੋਤੀ ਜੋਤ ਸਮਾਉਣ ਦਾ ਦਿਹਾੜਾ ਚੰਦ ਦੇ ਕੈਲੰਡਰ ਮੁਤਾਬਕ, ਅੱਸੂ ਵਦੀ 10 ਨੂੰ ਮਨਾਉਂਦੇ ਹਾਂ, ਤਾਂ ਇਹ ਹਰ ਸਾਲ ਪਿਛਲੇ ਸਾਲ ਤੋਂ ਆਮ ਤੌਰ 'ਤੇ 11 ਦਿਨ ਪਹਿਲਾਂ ਆ ਜਾਂਦਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਜਾਂਦੇ ਕੈਲੰਡਰਾਂ ਨੂੰ ਧਿਆਨ ਵਾਲ ਵੇਖੋ। ਸੰਮਤ 553 ਨਾਨਕਸ਼ਾਹੀ (2021-22 ਈ:) ਵਿਚ ਇਹ ਦਿਹਾੜਾ 16 ਅੱਸੂ ਦਾ ਦਰਜ ਸੀ। ਸੰਮਤ 554 ਨਾਨਕਸ਼ਾਹੀ (2022-23 ਈ:) ਵਿਚ ਇਹ ਦਿਹਾੜਾ 4 ਅੱਸੂ ਦਾ ਦਰਜ ਸੀ। ਇਸ ਹਿਸਾਬ ਨਾਲ ਤਾਂ, ਇਸ ਸਾਲ ਭਾਵ ਸੰਮਤ 555 ਨਾਨਕਸ਼ਾਹੀ (2023-24 ਈ:) 24 ਭਾਦੋਂ ਦਾ ਦਰਜ ਹੋਣਾ ਚਾਹੀਦਾ ਸੀ ਪਰ ਨਹੀਂ, ਇਸ ਸਾਲ ਇਹ ਦਿਹਾੜਾ 23 ਅੱਸੂ ਦਾ ਦਰਜ ਹੈ। ਅਜਿਹਾ ਕਿਉਂ ?

ਇਸ ਦਾ ਕਾਰਨ ਇਹ ਹੈ ਕਿ ਜਦੋਂ ਚੰਦ ਦਾ ਸਾਲ ਸੂਰਜੀ ਸਾਲ ਨਾਲੋਂ ਇਕ ਸਾਲ ਵਿਚ 11 ਦਿਨ, ਦੋ ਸਾਲਾਂ ਵਿਚ 22 ਦਿਨ ਪਿੱਛੇ ਰਹਿ ਜਾਵੇ, ਤਾਂ ਇਸ ਨੂੰ ਸੂਰਜੀ ਸਾਲ ਦੇ ਨੇੜੇ-ਤੇੜੇ ਰੱਖਣ ਲਈ ਇਸ ਵਿਚ ਇਕ ਮਹੀਨਾ ਹੋਰ ਜੋੜ ਦਿੱਤਾ ਜਾਂਦਾ ਹੈ ਅਤੇ ਚੰਦ ਦੇ ਸਾਲ ਦੇ 13 ਮਹੀਨੇ ਅਤੇ 384-85 ਦਿਨ ਹੁੰਦੇ ਹਨ। ਇਸ ਸਾਲ ਭਾਵ ਸੰਮਤ 2080 ਬਿਕ੍ਰਮੀ (2023-24 ਈ:) ਵਿਚ ਚੰਦ ਦੇ ਸਾਲ ਦੇ 13 ਮਹੀਨੇ ਹਨ। ਸਾਵਣ ਦਾ ਮਹੀਨਾ ਦੋ ਵਾਰ ਆਇਆ ਹੈ। ਇਹ ਤੇਰਵਾਂ ਮਹੀਨਾ ਜਿਸ ਨੂੰ ਲੌਂਦ ਦਾ ਮਹੀਨਾ ਜਾਂ ਮਲ ਮਾਸ ਕਿਹਾ ਜਾਂਦਾ ਹੈ। ਹਿੰਦੂ ਮਤ ਅਨੁਸਾਰ ਇਹ ਮਹੀਨਾ ਮਾੜਾ ਹੁੰਦਾ ਹੈ। ਇਸ ਵਿਚ ਕੋਈ ਸ਼ੁੱਭ ਕੰਮ ਨਹੀਂ ਕੀਤਾ ਜਾਂਦਾ। ਮਲ ਮਾਸ ਤੋਂ ਪਿੱਛੋਂ ਆਉਣ ਵਾਲੇ ਦਿਨ ਤਿਉਹਾਰ, ਪਿਛਲੇ ਸਾਲ ਨਾਲੋਂ 11 ਦਿਨ ਪਹਿਲਾ ਆਉਣ ਦੀ ਬਜਾਏ 18/19 ਦਿਨ ਪੱਛੜ ਕੇ ਆਉਂਦੇ ਹਨ। ਸ਼੍ਰੋਮਣੀ ਕਮੇਟੀ ਦੇ ਕੈਲੰਡਰ ਮੁਤਾਬਕ ਜਿਹੜਾ ਦਿਹਾੜਾ, ਇਸ ਸਾਲ ਭਾਵ ਸੰਮਤ 555 ਨਾਨਕਸ਼ਾਹੀ (2023-24 ਈ:) 24 ਭਾਦੋਂ ਦਾ ਦਰਜ ਹੋਣਾ ਚਾਹੀਦਾ ਸੀ, ਉਹ ਦਿਹਾੜਾ 23 ਅੱਸੂ ਦਾ ਦਰਜ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਕੈਲੰਡਰ ਤਾਂ ਸੂਰਜੀ ਬਿਕ੍ਰਮੀ (ਦ੍ਰਿਕ ਗਿਣਤ ਸਿਧਾਂਤ) ਛਾਪਦੀ ਹੈ, ਪਰ ਕੁਝ ਦਿਹਾੜੇ ਵਦੀ-ਸੁਦੀ ਭਾਵ ਚੰਦ ਦੇ ਕੈਲੰਡਰ ਮੁਤਾਬਕ ਨਿਰਧਾਰਤ ਕਰਦੀ ਹੈ। ਇਸ ਕਾਰਨ ਹਰ ਸਾਲ ਉਨ੍ਹਾਂ ਦਿਹਾੜਿਆਂ ਦਾ ਪ੍ਰਵਿਸ਼ਟਾ ਬਦਲ ਜਾਂਦਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਜਿਹੜੇ ਦਿਹਾੜੇ ਸੂਰਜੀ ਕੈਲੰਡਰ ਮੁਤਾਬਕ ਮਨਾਏ ਜਾਂਦੇ ਹਨ, ਉਨ੍ਹਾਂ ਦਾ ਪ੍ਰਵਿਸ਼ਟਾ ਹਰ ਸਾਲ ਉਹੀ ਰਹਿੰਦਾ ਹੈ। ਜਿਵੇਂ ਵੈਸਾਖੀ ਹਰ ਸਾਲ ਇਕ ਵੈਸਾਖ ਦੀ ਹੀ ਦਰਜ ਹੁੰਦੀ ਹੈ। ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 8 ਪੋਹ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 13 ਪੋਹ ਆਦਿ। ਜੇ ਗੁਰੂ ਨਾਨਕ ਜੀ ਦਾ ਜੋਤੀ ਜੋਤ ਦਿਹਾੜਾ ਵੀ ਪ੍ਰਵਿਸ਼ਟਿਆਂ ਮੁਤਾਬਕ ਹੀ ਮਨਾਇਆ ਜਾਵੇ, ਤਾਂ ਇਹ ਹਰ ਸਾਲ 8 ਅੱਸੂ ਨੂੰ ਹੀ ਆਵੇਗਾ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਦਾ ਜੋਤੀ ਜੋਤ ਦਿਵਸ ਹਰ ਸਾਲ 8 ਅੱਸੂ ਨੂੰ ਕਿਉਂ ਨਹੀਂ ਮਨਾਇਆ ਜਾਂਦਾ ? ਇਹ ਦਿਹਾੜਾ ਜਾਂ ਹੋਰ ਦਿਹਾੜੇ ਜੋ ਚੰਦ ਦੇ ਕੈਲੰਡਰ ਮੁਤਾਬਕ ਹਰ ਸਾਲ ਬਦਲਵੇਂ ਪ੍ਰਵਿਸ਼ਟੇ ਨੂੰ ਮਨਾਏ ਜਾਂਦੇ ਹਨ, ਉਹ ਸਾਰੇ ਦਿਹਾੜੇ ਹਰ ਸਾਲ ਸੂਰਜੀ ਕੈਲੰਡਰ ਮੁਤਾਬਕ ਮਨਾਉਣ ਨਾਲ ਗੁਰਮਤਿ ਦੇ ਕਿਹੜੇ ਸਿਧਾਂਤ ਦੀ ਅਵੱਗਿਆ ਹੁੰਦੀ ਹੈ ?


ਅਨੇਕਾਂ ਸਿਆਣੇ ਸੱਜਣਾਂ ਦਾ ਵਿਚਾਰ ਹੈ ਕਿ ਗੁਰਪੁਰਬ ਸਾਰੇ ਸੂਰਜ-ਸੰਮਤ ਵਿਚ, ਪ੍ਰਵਿਸ਼ਟਿਆਂ ਦੇ ਅਧਾਰ ਪੁਰ ਮਨਾਏ ਜਾਣੇ ਚਾਹੀਦੇ ਹਨ। ਸੋ, ਸਾਰੀਆਂ ਮੁਖੀ-ਸੋਸਾਇਟੀਆਂ ਨੂੰ ਇਸ ਮਸਲੇ 'ਤੇ ਪੂਰੇ ਗਹੁ ਨਾਲ ਵਿਚਾਰ ਕਰਕੇ, ਦੋ-ਟੁਕ ਫੈਸਲਾ ਕਰਨਾ ਚਾਹੀਦਾ ਹੈ; ਤਾਂ ਜੋ ਅੱਗੋਂ ਲਈ ਝਗੜੇ-ਝਮੇਲੇ ਮਿਟ ਜਾਣ, ਤੇ ਸਹੀ-ਸਿੱਧੀ ਤੇ ਸੌਖੀ ਪ੍ਰਪਾਟੀ ਪੈ ਜਾਵੇ॥(ਗੁਰ-ਪ੍ਰਣਾਲੀਆਂ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਪੰਨਾ : 279)


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ


e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

## ਔਰਤਾਂ ਲਈ ਰਾਖਵਾਂਕਰਨ

# ਊਠ ਦਾ ਬੁਲ੍ਹ ਆਖ਼ਿਰ ਕਦੋਂ ਡਿਗੇਗਾ ?





ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)


ਔਰਤਾਂ ਲਈ ਦੇਸ਼ ਦੀ ਲੋਕ ਸਭਾ ਅਤੇ ਦੇਸ਼ ਦੀਆਂ ਵਿਧਾਨ ਸਭਾਵਾਂ ਵਿਚ ਰਾਖਵੇਂਕਰਨ ਉਤੇ ਪਹਿਲੀ ਵਾਰ 30 ਵਰ੍ਹੇ ਪਹਿਲਾਂ ਵਿਚਾਰ-ਚਰਚਾ ਸ਼ੁਰੂ ਹੋਈ, ਪਰ ਰਾਖਵੇਂਕਰਨ ਦਾ ਵਿਚਾਰ ਹਾਲੀ ਤੱਕ ਵੀ ਵਿਚਾਰ ਬਣਿਆ ਹੀ ਨਜ਼ਰ ਆਉਂਦਾ ਹੈ, ਹਾਲਾਂਕਿ ਰਾਖਵੇਂਕਰਨ ਸਬੰਧੀ ਬਿੱਲ ਲੋਕ ਸਭਾ, ਰਾਜ ਸਭਾ ਵਿਚ ਪਾਸ ਵੀ ਕਰ ਦਿੱਤਾ ਗਿਆ ਹੈ।

ਕੀ ਇਹ ਕਾਨੂੰਨ 2024 ਦੀਆਂ ਚੋਣ 'ਚ ਲਾਗੂ ਹੋ ਜਾਏਗਾ? ਸਪੱਸ਼ਟ ਉੱਤਰ ਹੈ, "ਨਹੀਂ"। ਸਿਆਸੀ ਮਾਹਿਰਾਂ ਅਨੁਸਾਰ ਸ਼ਾਇਦ ਇਹ 2029 ਦੀਆਂ ਚੋਣਾਂ ਵੇਲੇ ਵੀ ਲਾਗੂ ਨਾ ਹੋ ਸਕੇ। ਤਾਂ ਫਿਰ ਆਖ਼ਿਰ ਲੋਕ ਸਭਾ ਦਾ ਵਿਸ਼ੇਸ਼ ਇਜਲਾਸ ਸੱਦਕੇ ਇਹ ਕਾਨੂੰਨ ਬਨਾਉਣ ਦੀ ਐਡੀ ਕਾਹਲੀ ਕਿਉਂ ਕੀਤੀ ਗਈ?

ਕੀ ਇਹ ਸਿਰਫ਼ ਤੇ ਸਿਰਫ਼ 2024 'ਚ ਭਾਜਪਾ ਵਲੋਂ ਚੋਣ ਜਿੱਤਣ ਲਈ ਔਰਤਾਂ ਦੀ ਹਮਾਇਤ ਪ੍ਰਾਪਤ ਕਰਨ ਲਈ ਇੱਕ ਜੁਮਲਾ ਤਾਂ ਨਹੀਂ? ਜਿਵੇਂ ਕਿ ਬਹੁਤੇ ਸਿਆਣੇ ਲੋਕਾਂ ਦਾ ਵਿਚਾਰ ਹੈ। ਤਾਂ ਉਤਰ ਮਿਲਣਾ ਚਾਹੀਦਾ ਹੈ, "ਹਾਂ ਇਹ ਸੱਚ ਹੈ"।

ਜੋ ਐਕਟ ਔਰਤਾਂ ਦੇ ਰਾਖਵੇਂਕਰਨ ਦਾ ਦੋਵਾਂ ਸਦਨਾਂ 'ਚ ਪਾਸ ਹੋਇਆ ਹੈ, ਉਹ ਸੰਵਿਧਾਨ ਵਿਚ 128ਵੀਂ ਸੋਧ ਹੈ ਅਤੇ ਉਸ ਵਿਚ ਇਕ ਧਾਰਾ 334 ਏ ਜੋੜੀ ਗਈ ਹੈ, ਜਿਸ ਅਨੁਸਾਰ ਹੁਣ ਤੋਂ ਬਾਅਦ ਕੀਤੀ ਜਾਣ ਵਾਲੀ ਮਰਦਮਸ਼ੁਮਾਰੀ ਅਤੇ ਇਸਦੇ ਛਾਪੇ ਜਾਣ ਵਾਲੇ ਅੰਕੜਿਆਂ ਤੋਂ ਬਾਅਦ ਇਹ ਐਕਟ ਲਾਗੂ ਹੋਏਗਾ।

ਮਰਦਮਸ਼ੁਮਾਰੀ 2021 ਵਿਚ ਹੋਣੀ ਸੀ, ਉਹ ਕਰੋਨਾ ਆਫ਼ਤ ਕਾਰਨ ਹੋ ਨਹੀਂ ਸਕੀ। ਹੁਣ ਇਹ 2026 'ਚ ਕਰਾਉਣ ਦੀ ਸਰਕਾਰ ਦੀ ਕੱਚੀ-ਪੱਕੀ ਯੋਜਨਾ ਹੈ। ਇਸ ਤੋਂ ਬਾਅਦ ਦੋ ਸਾਲਾਂ 'ਚ ਅੰਕੜੇ ਤਿਆਰ ਹੋਣਗੇ, ਫਿਰ ਅੰਕੜੇ ਪ੍ਰਕਾਸ਼ਤ ਹੋਣਗੇ। ਭਾਵ 2029 ਚੋਣ ਤੋਂ ਪਹਿਲਾਂ ਮਸਾਂ ਹੀ ਇਹ ਬਿੱਲ ਪ੍ਰਭਾਵੀ ਹੋਏਗਾ, ਜੇਕਰ ਇਸ ਵਿਚ ਹੋਰ ਕੋਈ ਵਿਘਨ ਨਾ ਪਿਆ।

ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਜੇਕਰ ਸਰਕਾਰ ਸਚਮੁੱਚ ਇਹ ਰਾਖਵਾਂਕਰਨ ਲਾਗੂ ਕਰਨਾ ਚਾਹੁੰਦੀ ਹੈ, ਤਾਂ ਹੁਣੇ ਹੀ ਇਸ ਨੂੰ ਲਾਗੂ ਕਰਨ ਵਿਚ ਦਿੱਕਤ ਕੀ ਹੈ? ਪਹਿਲਾਂ ਹੀ ਸਥਾਨਕ ਸਰਕਾਰਾਂ ਭਾਵ ਪੰਚਾਇਤਾਂ 'ਚ ਔਰਤਾਂ ਲਈ 33 ਫੀਸਦੀ ਰਾਖਵਾਂਕਰਨ ਲਾਗੂ ਹੈ। ਇਸ ਸਬੰਧੀ ਵੋਟਰ ਸੂਚੀਆਂ ਤੇ ਰਾਖਵਾਂਕਰਨ ਸੂਚੀਆਂ ਬਣੀਆਂ ਹੋਈਆਂ ਹਨ, ਫਿਰ ਔਰਤਾਂ ਦੇ ਲੋਕ ਸਭਾ ਤੇ ਵਿਧਾਨ ਸਭਾਵਾਂ 'ਚ 33 ਫੀਸਦੀ ਰਾਖਵਾਂਕਰਨ ਲਾਗੂ ਕਰਕੇ ਹੁਣੇ ਤੋਂ 2024 ਲੋਕ ਸਭਾ ਚੋਣਾਂ ਇਸੇ ਅਨੁਸਾਰ ਸੀਟਾਂ ਰਾਖਵੀਆਂ ਕਰਕੇ ਚੋਣ ਕਰਾਉਣ 'ਚ ਕੀ ਰੁਕਾਵਟ ਤਾਂ ਨਹੀਂ ਆਉਣੀ ਚਾਹੀਦੀ।

ਲੋਕ ਸਭਾ, ਵਿਧਾਨ ਸਭਾਵਾਂ 'ਚ ਔਰਤਾਂ ਲਈ ਰਾਖਵੇਂਕਰਨ ਲਈ ਕੀਤੇ ਯਤਨਾਂ ਦਾ ਇਤਿਹਾਸ ਵੇਖੋ, ਜਿਹੜਾ ਸਿਆਸੀ ਲੋਕਾਂ ਦੇ ਦੋਹਰੇ ਮਾਪਦੰਡ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦਾ ਹੈ।

12 ਦਸੰਬਰ, 1996 ਨੂੰ ਪ੍ਰਧਾਨ ਮੰਤਰੀ ਦੇਵਗੌੜਾ ਸਰਕਾਰ ਵੇਲੇ ਸੰਸਦ 'ਚ 81ਵੀਂ ਸੋਧ ਪੇਸ਼ ਕੀਤੀ ਗਈ, ਜਿਸ 'ਚ ਔਰਤਾਂ ਲਈ ਇੱਕ ਤਿਹਾਈ ਸੀਟਾਂ ਰਾਖਵੀਂਆਂ ਕਰਨ ਲਈ ਬਿੱਲ ਪੇਸ਼ ਹੋਇਆ। ਫਿਰ 9 ਮਾਰਚ, 2010 ਨੂੰ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ 108ਵੀਂ ਸੋਧ ਰਾਜ ਸਭਾ 'ਚ ਪੇਸ਼ ਕੀਤੀ, ਜਿਸਨੂੰ 108 ਹੱਕ ਵਿਚ ਅਤੇ ਇੱਕ ਵਿਰੋਧ 'ਚ ਵੋਟ ਨਾਲ ਪਾਸ ਕੀਤਾ ਗਿਆ। ਉਪਰੰਤ ਲੋਕ ਸਭਾ 'ਚ ਬਿੱਲ ਭੇਜ ਦਿੱਤਾ ਪਰ 15ਵੀਂ ਲੋਕ ਸਭਾ ਭੰਗ ਹੋ ਗਈ। ਬਿੱਲ ਲਮਕਦਾ ਪਿਆ ਰਿਹਾ ਅਤੇ ਬਾਅਦ 'ਚ ਇਸ 'ਤੇ ਕੋਈ ਕਾਰਵਾਈ ਨਹੀਂ ਹੋਈ। ਫਿਰ ਆਪਣੇ ਰਾਜਕਾਲ ਦੇ 9 ਵਰ੍ਹੇ ਬਾਅਦ 18 ਸਤੰਬਰ 2023 ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਔਰਤਾਂ ਲਈ 33 ਫੀਸਦੀ ਸੀਟਾਂ ਦੇ ਰਾਖਵੇਂਕਰਨ ਦਾ ਬਿੱਲ ਲੋਕ ਸਭਾ ਅਤੇ ਫਿਰ ਰਾਜ ਸਭਾ 'ਚ ਪੇਸ਼ ਕੀਤਾ ਅਤੇ ਸਰਬਸੰਮਤੀ ਨਾਲ ਇਹ ਬਿੱਲ ਪਾਸ ਹੋ ਗਿਆ। ਪਰ ਇਸ ਵਿਚ ਤਿੰਨ ਸ਼ਰਤਾਂ ਰੱਖੀਆਂ ਗਈਆਂ, ਜਿਨ੍ਹਾਂ ਵਿਚ ਮਰਦਮਸ਼ੁਮਾਰੀ ਮੁੱਖ ਹੈ, ਜਿਸ ਤੋਂ ਬਾਅਦ ਇਹ ਕਾਨੂੰਨ ਲਾਗੂ ਹੋ ਜਾਏਗਾ।

ਮੋਦੀ ਸਰਕਾਰ ਨੇ ਇਹ ਬਿੱਲ ਪਾਸ ਤਾਂ ਕਰਵਾ ਲਏ, ਪਰ ਇਸ ਵਿਚ ਜੋ ਰੁਕਾਵਟਾਂ ਲਾਗੂ ਕਰਨ ਲਈ ਲਾਜ਼ਮੀ ਹਨ, ਉਨ੍ਹਾਂ ਪ੍ਰਤੀ ਚੁੱਪੀ ਵੱਟੀ ਹੋਈ ਹੈ। ਪ੍ਰਧਾਨ ਮੰਤਰੀ ਨੇ ਵਾਹ-ਵਾਹ ਖੱਟਣ ਲਈ ਇਸ ਬਿੱਲ ਦੀ ਵੱਡੀ ਚਰਚਾ ਕੀਤੀ, ਪਰ ਇਹ ਦੱਸਣ ਦਾ ਯਤਨ ਨਹੀਂ ਕੀਤਾ ਕਿ ਮਰਦਮਸ਼ੁਮਾਰੀ ਕਦੋਂ ਹੋਏਗੀ? ਉਪਰੰਤ ਹੋਰ ਰੁਕਾਵਟਾਂ ਕਦੋਂ ਦੂਰ ਹੋਣਗੀਆਂ। ਭਾਵ ਕੋਈ ਸਮਾਂ ਸੀਮਾਂ ਤਹਿ ਕਰਨ ਲਈ ਸਰਕਾਰ ਵਲੋਂ ਕੋਈ ਬਚਨ, ਕੋਈ ਬਿਆਨ ਨਹੀਂ ਦਿੱਤਾ ਅਤੇ ਨਾ ਹੀ ਇਹ ਕਾਨੂੰਨ ਤੁਰੰਤ ਲਾਗੂ ਕਰਨ ਲਈ ਕੋਈ ਆਪਣੀ ਇੱਛਾ ਸ਼ਕਤੀ ਪ੍ਰਗਟ ਕੀਤੀ ਗਈ ਹੈ।

ਸਥਾਨਕ ਸਰਕਾਰ ਭਾਵ ਪੰਚਾਇਤਾਂ 'ਚ ਔਰਤਾਂ ਦੇ 33 ਫੀਸਦੀ ਰਾਖਵੇਂਕਰਨ ਲਈ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਪ੍ਰਧਾਨ ਮੰਤਰੀ ਨਰਸਿੰਮਹਾ ਰਾਉ ਨੇ ਬਿੱਲ ਪਾਸ ਕਰਵਾਏ, ਕਾਨੂੰਨ ਬਣਾਏ ਸਨ ਅਤੇ ਇਹ ਤੁਰੰਤ ਲਾਗੂ ਹੋ ਗਏ ਸਨ, ਜਿਸਦੀ ਬਦੌਲਤ 1,30,000 ਔਰਤਾਂ ਪੰਚਾਇਤਾਂ, ਨਗਰਪਾਲਿਕਾ, ਨਗਰ ਨਿਗਮਾਂ 'ਚ ਰਾਖਵਾਂਕਰਨ ਲੈ ਰਹੀਆਂ ਹਨ।

ਜੇਕਰ ਸੱਚੀ-ਮੁੱਚੀ ਮੌਜੂਦਾ ਸਰਕਾਰ ਔਰਤਾਂ ਦੇ ਹਾਲਾਤ ਸੁਧਾਰਨ ਬਾਰੇ, ਉਨ੍ਹਾਂ ਨੂੰ ਸਿਆਸਤ ਵਿਚ ਵੱਡਾ ਭਾਈਵਾਲ ਬਣਾਉਣ ਬਾਰੇ ਚਿੰਤਤ ਹੈ, ਤਾਂ ਰਾਖਵੇਂਕਰਨ ਦੇ ਮਾਮਲੇ 'ਚ ਤੁਰੰਤ ਕਦਮ ਪੁੱਟੇ ਜਾਣ ਦੀ ਲੋੜ ਇਸ ਵੇਲੇ ਹੋਰ ਵੀ ਵਧੇਰੇ ਮਹਿਸੂਸ ਕੀਤੀ ਜਾ ਰਹੀ ਹੈ, ਜਦੋਂ ਕਿ ਉਨ੍ਹਾਂ ਨੂੰ ਲੋਕ ਸਭਾ, ਵਿਧਾਨ ਸਭਾਵਾਂ ਵਿਚ ਸਿਆਸੀ ਪਾਰਟੀਆਂ ਵਲੋਂ ਸਹੀ ਸਥਾਨ ਦੇਕੇ ਚੋਣਾਂ ਨਹੀਂ ਲੜਾਈਆਂ ਜਾ ਰਹੀਆਂ, ਕਿਉਂਕਿ ਲਗਭਗ ਸਾਰੀਆਂ ਸਿਆਸੀ ਧਿਰਾਂ ਤਾਕਤ ਪ੍ਰਾਪਤੀ ਲਈ ਧੰਨ ਕੁਬੇਰਾਂ ਅਤੇ ਅਪਰਾਧਿਕ ਪਿੱਠ ਭੂਮੀ ਵਾਲੇ ਬਾਹੂਵਲੀ ਲੋਕਾਂ ਨੂੰ ਟਿਕਟਾਂ ਦੇਕੇ (ਇੱਕ ਰਿਪੋਰਟ ਅਨੁਸਾਰ ਇਕੱਲੀ ਭਾਰਤੀ ਲੋਕ ਸਭਾ ਵਿਚ 45 ਫੀਸਦੀ ਤੋਂ ਵੱਧ ਮੈਂਬਰ ਪਾਰਲੀਮੈਂਟ ਬੈਠੇ ਹਨ, ਜਿਨ੍ਹਾਂ ਵਿਰੁੱਧ ਅਪਰਾਧਿਕ, ਗੰਭੀਰ ਅਪਰਾਧਿਕ ਮਾਮਲੇ ਦਰਜ਼ ਹਨ) ਚੋਣਾਂ ਜਿੱਤ ਦੀਆਂ ਹਨ। ਇਹ ਚੰਗੀ ਗੱਲ ਹੈ ਕਿ ਅਪਰਾਧਿਕ ਮਾਮਲਿਆਂ ਵਾਲੀ ਪਿੱਠਭੂਮੀ ਵਾਲੀਆਂ ਔਰਤਾਂ ਇਸ ਗਿਣਤੀ-ਮਿਣਤੀ ਵਿਚ ਸ਼ਾਮਲ ਨਹੀਂ ਹਨ।

ਔਰਤਾਂ ਲਈ ਰਾਖਵਾਂਕਰਨ ਆਖ਼ਰ ਜ਼ਰੂਰੀ ਕਿਉਂ ਹੈ। ਭਾਰਤੀ ਸਮਾਜ ਵਿਚ ਔਰਤਾਂ ਦੀ ਗਿਣਤੀ ਲਗਭਗ ਅੱਧੀ ਹੈ। 75 ਸਾਲਾਂ ਵਿਚ 7500 ਮੈਂਬਰ ਪਾਰਲੀਮੈਂਟ ਚੁਣੇ ਗਏ, ਜਿਨ੍ਹਾਂ ਵਿਚੋਂ ਮੌਜੂਦਾ 542 ਲੋਕ ਸਭਾ ਮੈਂਬਰਾਂ ਵਿਚ ਸਿਰਫ਼ 78 ਔਰਤਾਂ ਹਨ। ਰਾਜ ਸਭਾ ਵਿਚ ਤਾਂ ਸਿਰਫ਼ 24 ਹਨ। ਪਰ ਦੇਸ਼ ਦੀ ਨੀਤੀ ਨਿਰਧਾਰਣ 'ਚ ਉਨ੍ਹਾਂ ਦੀ ਭੂਮਿਕਾ ਨਾਂਹ ਦੇ ਬਰਾਬਰ ਹੈ। ਅਸਲ 'ਚ ਭਾਰਤੀ ਸਮਾਜ ਵਿਚ ਔਰਤਾਂ ਨੂੰ ਸਮਾਜਿਕ ਅਤੇ ਸੰਸਕ੍ਰਿਤਕ ਜ਼ਿੰਮੇਵਾਰੀਆਂ ਦੇਕੇ ਘਰਾਂ ਤੱਕ ਸੀਮਤ ਕੀਤਾ ਹੋਇਆ ਹੈ। ਇਥੇ ਹੀ ਔਰਤਾਂ ਨਾਲ ਨਾ-ਬਰਾਬਰੀ ਸ਼ੁਰੂ ਹੁੰਦੀ ਹੈ।

ਆਓ ਭਾਰਤ ਦੇ ਪਿਛੋਕੜ ਅਤੇ ਇਸ ਸਮਾਜ ਵਿਚ ਔਰਤਾਂ ਦੀ ਸਥਿਤੀ 'ਤੇ ਝਾਤ ਮਾਰੀਏ। ਆਦਮ ਯੁੱਗ ਵਿਚ ਔਰਤ ਪ੍ਰਧਾਨ ਸਮਾਜ ਸੀ, ਜਿਸ ਵਿਚ ਨਾਰੀ ਦੀ ਦਸ਼ਾ ਸੁਖਾਲੀ ਸੀ। ਵੈਦਿਕ ਯੁੱਗ ਵਿਚ ਨਾਰੀ ਨੂੰ ਸਮਾਨਤਾ ਦੇ ਅਧਿਕਾਰ ਸਨ। ਵੈਦਿਕ ਯੁੱਗ ਤੋਂ ਬਾਅਦ ਉੱਤਰ ਵੈਦਿਕ ਯੁੱਗ 'ਚ ਨਾਰੀ ਦੀ ਸਥਿਤੀ ਵਿਚ ਗਿਰਾਵਟ ਆਉਣੀ ਸ਼ੁਰੂ ਹੋਈ। ਬ੍ਰਾਹਮਣਵਾਦ ਦਾ ਜ਼ੋਰ ਵਧਿਆ। ਜਾਤ-ਪਾਤ ਦਾ ਸੰਕਲਪ ਆਇਆ, ਇਸ ਉਪਰੰਤ ਨਾਰੀ ਦੀ ਦਸ਼ਾ ਤਰਸਯੋਗ ਹੋ ਗਈ। ਮਨੂਸਮ੍ਰਿਤੀ ਅਨੁਸਾਰ ਨਾਰੀ ਸਭ ਕਸ਼ਟਾਂ ਦਾ ਕਾਰਨ ਹੈ, ਨਾਰੀ ਦਾ ਬਚਪਨ ਪਿਤਾ ਅਧੀਨ, ਜਵਾਨੀ ਪਤੀ ਅਧੀਨ ਅਤੇ ਬੁਢਾਪਾ ਪੁੱਤਰ ਅਧੀਨ ਰਹਿਣਾ ਚਾਹੀਦਾ ਹੈ। ਇਸਤਰੀ ਨੂੰ ਕਿਸੇ ਵੀ ਪੜ੍ਹਾਅ 'ਤੇ ਸੁਤੰਤਰ ਨਹੀਂ ਹੋਣਾ ਚਾਹੀਦਾ।

ਆਜ਼ਾਦੀ ਦੇ ਬਾਅਦ ਇਹ ਸੰਕਲਪ ਟੁੱਟਾ ਹੈ। ਪਰ ਹਾਲੇ ਵੀ ਮਰਦ ਪ੍ਰਧਾਨ ਸਮਾਜ 'ਚ ਉਹ ਤਕਲੀਫਾਂ-ਦੁੱਖਾਂ ਦੇ ਪਹਾੜ ਸਿਰ 'ਤੇ ਚੁੱਕੀ ਬੈਠੀ ਹੈ। ਉਸਦੀ ਸਮਾਜਿਕ ਅਤੇ ਆਰਥਿਕ ਸਥਿਤੀ ਸੁਖਾਵੀਂ ਨਹੀਂ ਹੈ। ਹੇਠਲੀ ਸਮਾਜਿਕ ਸਥਿਤੀ 'ਚ ਔਰਤਾਂ ਘਰਾਂ ਵਿਚ ਬੰਨ੍ਹਕੇ ਹੀ ਰੱਖੀਆਂ ਹੋਈਆਂ ਹਨ। ਉਹ ਬੱਚਿਆਂ ਦੀ ਦੇਖਭਾਲ ਕਰਦੀਆਂ ਹਨ। ਪੜ੍ਹ-ਲਿਖ ਕੇ ਵੀ ਘਰੇਲੂ ਜ਼ਿੰਮੇਵਾਰੀ ਤੱਕ ਸੀਮਤ ਕਰ ਦਿੱਤੀਆਂ ਜਾਂਦੀਆਂ ਹਨ, ਜੋ ਉਨ੍ਹਾਂ ਦੀ ਸਿਆਸੀ ਖੇਤਰ 'ਚ ਜਾਣ 'ਚ ਵੱਡੀ ਰੁਕਾਵਟ ਹੈ।

ਬਿਨ੍ਹਾਂ ਸ਼ੱਕ ਔਰਤ ਨੂੰ ਮਰਦਾਂ ਬਰੋਬਰ ਹੱਕ ਹਨ। ਪਰ ਇਨ੍ਹਾਂ ਹੱਕਾਂ ਦੇ ਮਿਲਣ ਬਾਅਦ ਵੀ ਉਨ੍ਹਾਂ ਨੂੰ ਨਾ ਜ਼ਮੀਨ ਜਾਇਦਾਦ 'ਚ ਬਰਾਬਰ ਦਾ ਹੱਕ ਹੈ ਅਤੇ ਨਾ ਹੀ ਪੜ੍ਹਾਈ ਕਰਨ ਲਈ ਭਰਾਵਾਂ ਬਰਾਬਰ ਹੱਕ।

ਪਰ ਜਿਹੜੇ ਹੱਕ ਔਰਤਾਂ ਨੂੰ ਮਿਲਣੇ ਚਾਹੀਦੇ ਹਨ, ਉਹ ਔਰਤਾਂ ਹੀ ਜਾਣ ਸਕਦੀਆਂ ਹਨ, ਔਰਤਾਂ ਲਈ ਲੋਕ ਸਭਾ, ਵਿਧਾਨ ਸਭਾਵਾਂ 'ਚ ਲਈ ਬਣਾਏ ਕਾਨੂੰਨ ਸਬੰਧੀ ਸਿਆਸੀ ਧਿਰਾਂ ਵਲੋਂ ਵੱਖੋ-ਵੱਖਰੇ ਸਵਾਲ ਵੀ ਉਠਾਏ ਜਾ ਰਹੇ ਹਨ, ਭਾਵੇਂ ਕਿ ਸਿਆਸੀ ਧਿਰਾਂ ਵਲੋਂ ਇਸ ਕਾਨੂੰਨ ਨੂੰ ਵੱਡਾ ਸਮਰਥਨ ਮਿਲਿਆ ਹੈ। ਲੋਕ ਸਭਾ, ਵਿਧਾਨ ਸਭ ਸੀਟਾਂ ਵਿਚ ਐੱਸ.ਸੀ. ਵਰਗ ਲਈ ਰਾਖਵਾਂਕਰਨ ਹੈ ਪਰ ਸਿਆਸੀ ਧਿਰਾਂ ਓ.ਬੀ.ਸੀ. ਲਈ ਰਾਖਵਾਂਕਰਨ ਮੰਗ ਰਹੀਆਂ ਹਨ।

ਬਿਨ੍ਹਾਂ ਸ਼ੱਕ ਇਸ ਨਾਲ ਸਮਾਜ ਦੇ ਹੇਠਲੇ ਵਰਗ ਵਿਚੋਂ ਔਰਤਾਂ ਚੁਣੀਆਂ ਜਾਣਗੀਆਂ। ਪਰ ਜਿਸ ਢੰਗ ਨਾਲ ਦੇਸ਼ ਵਿਚ ਨੌਕਰੀਆਂ 'ਚ ਰਾਖਵੇਂਕਰਨ ਕਾਰਨ ਕੁਝ ਉਪਰਲੇ ਚੁਨਿੰਦਾ ਐੱਸ.ਸੀ. ਐੱਸ.ਟੀ. ਵਰਗ ਦੇ ਲੋਕ ਫਾਇਦਾ ਚੁੱਕ ਲੈਂਦੇ ਹਨ, ਆਪ ਲੋਕਾਂ ਤੱਕ ਰਿਜ਼ਰਵੇਸ਼ਨ ਦੇ ਫਾਇਦੇ ਤੇ ਸਹੂਲਤਾਂ ਪੁੱਜਦੀਆਂ ਹੀ ਨਹੀਂ, ਇਸ ਨਾਲ ਰਿਜ਼ਰਵੇਸ਼ਨ ਵੀ ਇੱਕ ਕਾਲੀਨ ਵਰਗ ਪੈਦਾ ਨਾ ਹੋ ਜਾਏ, ਜੋ ਆਪਣੇ ਹਿੱਤਾਂ ਤੱਕ ਹੀ ਸੀਮਤ ਹੋ ਜਾਏ, ਇਸਦਾ ਵੀ ਡਰ ਹੈ।

ਸਵਾਲ ਤਾਂ ਇਹ ਹੈ ਕਿ ਇਹ ਕਾਨੂੰਨ ਲਾਗੂ ਕਦੋਂ ਹੋਏਗਾ? ਕੀ ਇਹ ਕਾਨੂੰਨੀ ਪਚੀਦਗੀਆਂ ਵਿਚ ਹੀ ਤਾਂ ਨਹੀਂ ਰੁਲ ਜਾਏਗਾ? ਕੀ ਇਹ ਚੋਣ ਜੁਮਲਾ ਹੀ ਤਾਂ ਨਹੀਂ ਬਣਕੇ ਰਹਿ ਜਾਏਗਾ? ਕੀ ਸਰਕਾਰ ਇਸਨੂੰ ਲਾਗੂ ਕਰਨ ਲਈ ਸੰਜੀਦਾ ਹੋਏਗੀ?

ਜਾਂ ਫਿਰ ਕੀ ਇਹ ਊਠ ਦਾ ਬੁਲ੍ਹ ਬਣਕੇ ਰਹਿ ਜਾਏਗਾ, ਜਿਸ ਬਾਰੇ ਆਮ ਤੌਰ 'ਤੇ ਕਹਿ ਲਿਆ ਜਾਂਦਾ ਹੈ ਕਿ ਜਦੋਂ ਊਠ ਜੁਗਾਲੀ ਕਰਦਾ ਹੈ, ਤਾਂ ਮੰਨਿਆ ਜਾਂਦਾ ਹੈ ਕਿ ਬੁੱਲ੍ਹ ਹੁਣ ਵੀ ਡਿੱਗਿਆ, ਹੁਣ ਵੀ ਡਿੱਗਿਆ, ਪਰ ਡਿੱਗਦਾ ਉਹ ਕਦੇ ਵੀ ਨਹੀਂ।


ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

Dr. Bindra Clinic

Dental Care & Hair Transplant
COSMETIC - IMPLANT - RESTORATIVE

ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in

Dr. Simranpal Singh Bindra
M.D.S, Endodontist

Dr. Samarpan Kaur
B.D.S, M.H.M



Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil



Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com



Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.

ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# 1965 ਦੀ ਭਾਰਤ ਪਾਕਿਸਤਾਨ ਜੰਗ (5 ਅਗਸਤ ਤੋਂ 23 ਸਤੰਬਰ) ਦੀ ਇੱਕ ਯਾਦ

ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਪੰਡੋਰੀ ਸਿੱਧਵਾਂ 95011-00062
(Punjab Mail USA)



5 ਅਗਸਤ, 1965 ਨੂੰ ਪਾਕਿਸਤਾਨੀ ਸੈਨਾ ਨੇ ਉਪਰੇਸ਼ਨ ਗਰੈਂਡ ਸਲੈਮ ਅਧੀਨ ਕਸ਼ਮੀਰ 'ਤੇ ਹਮਲਾ ਕਰ ਦਿੱਤਾ ਸੀ। ਪਾਕਿਸਤਾਨੀ ਰਾਸ਼ਟਰਪਤੀ ਜਨਰਲ ਅਯੂਬ ਖਾਨ ਨੇ ਸੋਚਿਆ ਸੀ ਕਿ ਉਹ ਕੁਝ ਹੀ ਦਿਨਾਂ ਵਿਚ ਕਸ਼ਮੀਰ 'ਤੇ ਕਬਜ਼ਾ ਕਰ ਲਵੇਗਾ। ਪਰ ਭਾਰਤ ਦੇ ਦੂਰਦਰਸ਼ੀ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਪੰਜਾਬ ਦਾ ਫਰੰਟ ਖੋਲ੍ਹ ਕੇ ਉਸ ਦੇ ਸਾਰੇ ਮਨਸੂਬੇ ਮਿੱਟੀ ਵਿਚ ਮਿਲਾ ਦਿੱਤੇ। ਇਸ ਕਾਰਨ ਪਾਕਿਸਤਾਨੀ ਫੌਜ ਵੰਡੀ ਗਈ ਤੇ ਕੁਝ ਹੀ ਦਿਨਾਂ ਵਿਚ ਉਸ ਨੂੰ ਲੱਕ ਤੋੜਵੀਂ ਹਾਰ ਦਾ ਸਾਹਮਣਾ ਕਰਨਾ ਪਿਆ। ਪਾਕਿਸਤਾਨ ਦੀ ਫੌਜ ਇੱਕ ਵਾਰ ਤਾਂ ਖੇਮਕਰਨ ਅਤੇ ਛੰਭ ਜੌੜੀਆਂ ਸੈਕਟਰ ਵਿਚ ਕਾਫੀ ਅੱਗੇ ਵੱਧ ਆਈ ਸੀ। ਜੰਗਬੰਦੀ ਹੋਣ ਤੋਂ ਬਾਅਦ ਜਦੋਂ ਲੋਕ ਵਾਪਸ ਘਰਾਂ ਨੂੰ ਗਏ ਸਨ, ਤਾਂ ਪਾਕਿਸਤਾਨੀ ਧਾੜਾਂ ਮਕਾਨਾਂ ਦੀਆਂ ਨੀਹਾਂ ਤੱਕ ਪੁੱਟ ਕੇ ਲੈ ਗਈਆਂ ਸਨ। ਕੋਈ ਕੋਠਾ, ਮੋਟਰ, ਬਿਜਲੀ ਦੀ ਤਾਰਾਂ, ਖੰਭਾ, ਵੱਡਾ ਦਰਖਤ ਅਤੇ ਡੰਗਰ ਨਹੀਂ ਸੀ ਛੱਡਿਆ। ਭਾਰਤ-ਪਾਕਿ ਫੌਜ ਵੱਲੋਂ ਖੇਤਾਂ ਵਿਚ ਸੈਂਕੜੇ ਬਰੂਦੀ ਸੁਰੰਗਾਂ ਦੱਬੀਆਂ ਗਈਆਂ ਸਨ। ਭਾਰਤੀ ਫੌਜ ਵੱਲੋਂ ਬਹੁਤ ਖੋਜ ਕੀਤੇ ਜਾਣ ਦੇ ਬਾਵਜੂਦ ਉਨ੍ਹਾਂ ਵਿਚ ਥੋੜ੍ਹੀਆਂ ਬਹੁਤ ਬਚੀਆਂ ਰਹਿ ਗਈਆਂ ਸਨ, ਜਿਨ੍ਹਾਂ ਦੇ ਫਟਣ ਕਾਰਨ ਕਈ ਲੋਕ ਮਾਰੇ ਗਏ ਤੇ ਕਈ ਅੰਗਹੀਣ ਹੋ ਗਏ ਸਨ। ਟਰੈਕਟਰ ਵਾਹੁਣ ਵੇਲੇ ਸਾਰੇ ਦੇਵੀ ਦੇਵਤੇ ਧਿਆ ਕੇ ਖੇਤ ਵਿਚ ਵੜੀਦਾ ਸੀ ਕਿ ਪਤਾ ਨਹੀਂ ਵਾਪਸ ਆਉਣਾ ਹੈ ਜਾਂ ਸੁਰੰਗ ਫਟਣ ਕਾਰਨ ਮਾਰੇ ਜਾਣਾ ਹੈ।

1965 ਅਤੇ 1971 ਦੀਆਂ ਜੰਗਾਂ ਵੇਲੇ ਪੰਜਾਬ ਦੇ ਸਰਹੱਦੀ ਲੋਕਾਂ ਦਾ ਹੌਸਲਾ ਸਲਾਹੁਣ ਯੋਗ ਸੀ। ਅੰਮ੍ਰਿਤਸਰ ਵਿਚੋਂ ਲੰਘਣ ਵੇਲੇ ਲੋਕ ਫੌਜ ਦੇ ਟਰੱਕਾਂ ਵਿਚ ਭੁੱਜੇ ਛੋਲੇ ਤੇ ਹੋਰ ਖਾਣ-ਪੀਣ ਦਾ ਸਮਾਨ ਸੁੱਟੀ ਜਾਂਦੇ ਸਨ। ਪਿੰਡਾਂ ਦੇ ਨੌਜਵਾਨ ਮੋਰਚਿਆ 'ਤੇ ਜਾ ਕੇ ਤੋਪਚੀਆਂ ਦੀ ਗੋਲੇ ਲੋਡ ਕਰਨ ਵਿਚ ਮਦਦ ਕਰਦੇ ਸਨ ਤੇ ਫੌਜੀਆਂ ਨੂੰ ਅਗਲੇ ਮੋਰਚਿਆਂ ਤੱਕ ਰੋਟੀਆਂ ਪਹੁੰਚਾਉਂਦੇ ਸਨ। ਕਹਿੰਦੇ ਹਨ 1965 ਦੀ ਜੰਗ ਵੇਲੇ ਇੰਗਲੈਂਡ ਦੀ ਇੱਕ ਅਖਬਾਰ ਦਾ ਰਿਪੋਟਰ ਅੰਮ੍ਰਿਤਸਰ ਆਇਆ ਸੀ। ਉਹ ਲੋਕਾਂ ਦਾ ਵਤੀਰਾ ਵੇਖ ਕੇ ਹੈਰਾਨ ਰਹਿ ਗਿਆ ਕਿ ਹਵਾਈ ਹਮਲੇ ਦਾ ਸਾਇਰਨ ਵੱਜਣ 'ਤੇ ਲੋਕ ਬੰਕਰਾਂ ਵਿਚ ਲੁੱਕਣ ਦੀ ਬਜਾਏ ਬਜ਼ਾਰਾਂ ਵਿਚ ਹਵਾਈ ਜਹਾਜ਼ ਵੇਖਣ ਨਿਕਲ ਆਉਂਦੇ ਸਨ। 1965 ਦੀ ਜੰਗ ਸਮੇਂ ਅੰਮ੍ਰਿਤਸਰ ਦੀ ਸੁਰੱਖਿਆ ਲਈ ਤਾਇਨਾਤ ਹਵਾਈ ਜਹਾਜ਼ ਡੇਗਣ ਵਾਲੀਆਂ ਤੋਪਾਂ ਦਾ ਇੰਚਾਰਜ ਇੱਕ ਦੱਖਣ ਭਾਰਤੀ ਸੂਬੇਦਾਰ ਸੀ। ਕਿਸੇ ਨੂੰ ਉਸ ਦਾ ਪੂਰਾ ਨਾਮ ਤਾਂ ਨਹੀਂ ਯਾਦ, ਪਰ ਉਸ ਦਾ ਸਰ ਨੇਮ ਰਾਜੂ ਅੱਜ ਵੀ ਲੋਕ ਇੱਕ ਹੀਰੋ ਵਜੋਂ ਯਾਦ ਕਰਦੇ ਹਨ। ਦੂਰੋਂ-ਦੂਰੋਂ ਲੋਕ ਉਸ ਨੂੰ ਵੇਖਣ ਆਉਂਦੇ ਸਨ। ਉਸ ਦੀ ਸਟੀਕ ਗੋਲਾਬਾਰੀ ਕਾਰਨ ਇਸ ਸਰਹੱਦੀ ਸ਼ਹਿਰ 'ਤੇ ਪਾਕਿਸਤਾਨੀ ਜਹਾਜ਼ ਕੋਈ ਬੰਬ ਨਹੀਂ ਸਨ ਸੁੱਟ ਸਕੇ। ਜੰਗ ਬੰਦੀ ਹੋਣ ਤੋਂ ਬਾਅਦ 23 ਸਤੰਬਰ ਸ਼ਾਮ ਨੂੰ ਛੇਹਰਟੇ ਦੇ ਬਜ਼ਾਰ ਵਿਚ 2-3 ਬੰਬ ਸੁੱਟ ਕੇ ਕਾਹਲੀ-ਕਾਹਲੀ ਵਾਪਸ ਦੌੜ ਗਏ ਸਨ।

ਮੇਰਾ ਪਿੰਡ ਪੰਡੋਰੀ ਸਿੱਧਵਾਂ, ਜ਼ਿਲ੍ਹਾ ਤਰਨ ਤਾਰਨ ਬਾਰਡਰ ਤੋਂ ਸਿਰਫ 14-15 ਕਿ.ਮੀ. ਦੂਰ ਹੈ। ਜੰਗ ਵੇਲੇ ਗੋਲਾਬਾਰੀ ਕਾਰਨ ਖਿੜਕੀਆਂ ਦਰਵਾਜ਼ੇ ਇੰਜ ਖੜਕਦੇ ਸਨ, ਜਿਵੇਂ ਜੰਗ ਘਰ ਦੇ ਬਾਹਰ ਹੋ ਰਹੀ ਹੋਵੇ। ਰਾਤਾਂ ਨੂੰ ਬਲੈਕ ਆਊਟ 'ਤੇ ਬਹੁਤ ਸਖਤੀ ਨਾਲ ਅਮਲ ਕਰਾਇਆ ਜਾਂਦਾ ਸੀ। ਲੋਕ ਠੀਕਰੀ ਪਹਿਰਾ ਦੇਂਦੇ ਸਨ ਤੇ ਰਾਤ ਨੂੰ ਬਲਬ ਤਾਂ ਕੀ ਕਿਸੇ ਨੂੰ ਦੀਵਾ ਬੱਤੀ ਵੀ ਨਹੀਂ ਸੀ ਬਾਲਣ ਦੇਂਦੇ। ਸਾਡੇ ਗੁਆਂਢੀ ਘਰ ਵਿਚ ਜੰਗ ਦੇ ਦੌਰਾਨ ਇੱਕ ਲੜਕਾ ਪੈਦਾ ਹੋ ਗਿਆ। ਸ਼ਗਨ ਵਜੋਂ ਰਾਤ ਨੂੰ ਜੱਚਾ-ਬੱਚਾ ਕੋਲ ਸਰ੍ਹੋਂ ਦੇ ਤੇਲ ਦਾ ਦੀਵਾ ਬਾਲ ਕੇ ਰੱਖਿਆ ਜਾਂਦਾ ਹੈ। ਲੋਕਾਂ ਨੇ ਉਸ ਦਾ ਘਰ ਘੇਰ ਲਿਆ ਕਿ ਤੂੰ ਸਾਰਾ ਪਿੰਡ ਮਰਵਾਉਣਾ ਹੈ? ਜੇ ਦੀਵਾ ਬਾਲਣਾ ਹੈ, ਤਾਂ ਸਵੇਰੇ ਪਰਿਵਾਰ ਸਮੇਤ ਪਿੰਡ ਛੱਡ ਜਾਉ, ਵਿਚਾਰੇ ਨੂੰ ਦੀਵਾ ਬੰਦ ਕਰਨਾ ਪਿਆ ਸੀ।

1965 ਦੀ ਜੰਗ ਵੇਲੇ ਸਾਡੇ ਪਿੰਡ ਦੇ ਅਸਮਾਨ 'ਤੇ ਇੱਕ ਬਹੁਤ ਭਿਆਨਕ ਹਵਾਈ ਲੜਾਈ ਹੋਈ ਸੀ। ਉਸ ਲੜਾਈ ਨੂੰ ਅੱਖੀਂ ਵੇਖਣ ਵਾਲੇ ਬਜ਼ੁਰਗ ਅੱਜ ਵੀ ਸੱਥ ਵਿਚ ਉਸ ਦੀ ਕਹਾਣੀ ਸੁਣਾਉਂਦੇ ਹਨ। ਜੰਗਬੰਦੀ ਤੋਂ ਇੱਕ ਦਿਨ ਪਹਿਲਾਂ 21 ਸਤੰਬਰ ਨੂੰ ਭਾਰਤ ਦੇ ਕੁਝ ਜਹਾਜ਼ ਪਾਕਿਸਤਾਨ ਦੇ ਸ਼ਹਿਰ ਸਰਗੋਧੇ ਦੇ ਫੌਜੀ ਟਿਕਾਣਿਆਂ 'ਤੇ ਬੰਬਾਰੀ ਕਰਨ ਗਏ ਸਨ। ਜਦੋਂ ਉਹ ਵਾਪਸ ਆ ਰਹੇ ਸਨ, ਤਾਂ ਉਨ੍ਹਾਂ ਦੇ ਪਿੱਛੇ ਪਾਕਿਸਤਾਨੀ ਸੇਬਰ ਜੈੱਟ ਲੱਗ ਗਏ। ਬਾਕੀ ਜਹਾਜ਼ ਤਾਂ ਪਤਾ ਨਹੀਂ ਕਿਸ ਪਾਸੇ ਗਏ, ਪਰ ਇੱਕ ਭਾਰਤੀ ਜਹਾਜ਼ ਨੂੰ ਚਾਰ ਸੇਬਰਾਂ ਨੇ ਘੇਰ ਲਿਆ। ਉਹ ਇੱਕ ਦੂਸਰੇ ਨੂੰ ਸੁੱਟਣ ਦੀ ਕੋਸ਼ਿਸ਼ ਵਿਚ ਲੜਦੇ ਹੋਏ ਪਾਕਿਸਤਾਨ ਦੀ ਹੱਦ ਟੱਪ ਕੇ ਭਾਰਤ ਦੀ ਹਵਾਈ ਸੀਮਾ ਵਿਚ ਆਣ ਵੜੇ। ਸਾਡੇ ਪਿੰਡ ਉੱਪਰ ਆ ਕੇ ਭਾਰਤੀ ਜਹਾਜ਼ ਦੀਆਂ ਮਸ਼ੀਨ ਗੰਨਾਂ ਦੀਆਂ ਗੋਲੀਆਂ ਖਤਮ ਹੋ ਗਈਆਂ। ਪਾਕਿਸਤਾਨੀ ਜਹਾਜ਼ਾਂ ਨੇ ਉਸ ਦੇ ਸੱਜੇ, ਖੱਬੇ, ਉੱਪਰ ਅਤੇ ਪਿੱਛਲੇ ਪਾਸੇ ਪੁਜੀਸ਼ਨਾਂ ਲੈ ਲਈਆਂ। ਉਹ ਭਾਰਤੀ ਜਹਾਜ਼ ਨੂੰ ਘੇਰ ਕੇ ਪਾਕਿਸਤਾਨ ਵੱਲ ਲਿਜਾਣ ਦੀ ਸਿਰ ਤੋੜ ਕੋਸ਼ਿਸ਼ ਕਰ ਰਹੇ ਸਨ। ਸਾਰਾ ਪਿੰਡ ਕੋਠਿਆਂ 'ਤੇ ਚੜ੍ਹ ਕੇ ਲੜਾਈ ਵੇਖ ਰਿਹਾ ਸੀ। ਭਾਰਤੀ ਜਹਾਜ਼ ਹਲਵਾਰੇ ਜਾਂ ਆਦਮਪੁਰ ਹਵਾਈ ਅੱਡੇ ਵੱਲ ਬਚ ਨਿਕਲਣ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਸੇਬਰ ਜੈੱਟ ਉਸ ਦੀਆਂ ਸਾਈਡਾਂ ਤੋਂ ਗੋਲੀਆਂ ਲੰਘਾ ਕੇ ਉਸ ਨੂੰ ਡਰਾ ਕੇ ਪਾਕਿਸਤਾਨ ਵੱਲ ਮੁੜਨ ਲਈ ਮਜਬੂਰ ਕਰ ਰਹੇ ਸਨ। ਨੀਲੇ ਅਸਮਾਨ ਵਿਚ ਗੋਲੀਆਂ ਦੀਆਂ ਧਾਗੇ ਵਰਗੀਆਂ ਚਿੱਟੀਆਂ ਲਾਈਨਾਂ ਸਾਫ ਦਿਖਾਈ ਦੇ ਰਹੀਆਂ ਸਨ। ਅਸਲ੍ਹਾ ਖਤਮ ਹੋਣ ਕਾਰਨ ਭਾਰਤੀ ਜਹਾਜ਼ ਜਵਾਬੀ ਫਾਇਰ ਨਹੀਂ ਸੀ ਕਰ ਰਿਹਾ। ਭਾਰਤੀ ਜਹਾਜ਼ ਛੋਟਾ ਹੋਣ ਕਾਰਨ ਬਹੁਤ ਤੇਜ਼ੀ ਨਾਲ ਝਕਾਨੀਆਂ ਦੇ ਰਿਹਾ ਸੀ ਪਰ ਪਾਕਿਸਤਾਨੀ ਜਹਾਜ਼ ਜ਼ਿਆਦਾ ਹੋਣ ਕਾਰਨ ਉਸ ਦੀ ਪੇਸ਼ ਨਹੀਂ ਸੀ ਜਾ ਰਹੀ। ਜਹਾਜ਼ ਕਈ ਵਾਰ ਐਨੀ ਘੱਟ ਉੱਚਾਈ 'ਤੇ ਆ ਜਾਂਦੇ ਕਿ ਵਿਚ ਬੈਠੇ ਪਾਇਲਟ ਵੀ ਦਿਖਾਈ ਦੇ ਰਹੇ ਸਨ।

ਹਵਾਈ ਜਹਾਜ਼ਾਂ ਦੀਆਂ ਗੋਲੀਆਂ ਕਾਰਨ ਡੰਗਰ ਚਾਰਦੇ ਕਈ ਵਾਗੀ ਬਹੁਤ ਮੁਸ਼ਕਲ ਨਾਲ ਜਾਨਾਂ ਬਚਾ ਕੇ ਨੱਸੇ ਸਨ ਤੇ ਇੱਕ ਕਿਸਾਨ ਦੀਆਂ ਦੋ ਮੱਝਾਂ ਮਾਰੀਆਂ ਗਈਆਂ ਸਨ। ਸਾਰਾ ਪਿੰਡ ਸਾਹ ਰੋਕ ਕੇ ਇਸ ਅਸਾਵੀਂ ਲੜਾਈ ਨੂੰ ਵੇਖ ਰਿਹਾ ਸੀ। ਸਾਫ ਦਿਸ ਰਿਹਾ ਸੀ ਕਿ ਭਾਰਤੀ ਪਾਇਲਟ ਹਾਰੀ ਹੋਈ ਲੜਾਈ ਲੜ ਰਿਹਾ ਹੈ। ਪਰ ਆਖਰ ਉਸ ਬਹਾਦਰ ਯੋਧੇ ਨੇ ਪਾਕਿਸਤਾਨ ਦਾ ਬੰਦੀ ਬਣ ਕੇ ਤਸੀਹੇ ਅਤੇ ਬੇਇੱਜ਼ਤੀ ਸਹਿਣ ਦੀ ਬਜਾਏ ਅਣਖ ਦੀ ਮੌਤ ਚੁਣ ਲਈ। ਉਸ ਨੇ ਅੰਨ੍ਹੇਵਾਹ ਜਹਾਜ਼ ਪੂਰਬ ਵੱਲ ਭਜਾ ਲਿਆ। ਬਾਜ਼ੀ ਹੱਥੋਂ ਜਾਂਦੀ ਵੇਖ ਕੇ ਪਾਕਿਸਤਾਨੀ ਜਹਾਜ਼ਾਂ ਨੇ ਉਸ ਨੂੰ ਗੋਲੀਆਂ ਨਾਲ ਛਲਨੀ ਕਰ ਦਿੱਤਾ ਤੇ ਅੱਗ ਦਾ ਗੋਲਾ ਬਣਿਆ ਭਾਰਤੀ ਜਹਾਜ਼ ਪਿੰਡ ਲਾਲੂ ਘੁੰਮਣ ਦੇ ਖੇਤਾਂ ਵਿਚ ਜਾ ਡਿੱਗਾ। ਬਹੁਤ ਘੱਟ ਉੱਚਾਈ 'ਤੇ ਹੋਣ ਕਾਰਨ ਪਾਇਲਟ ਬਾਹਰ ਨਾ ਨਿਕਲ ਸਕਿਆ ਤੇ ਸੜਨ ਕਾਰਨ ਵਿਚੇ ਹੀ ਮਾਰਿਆ ਗਿਆ। ਪਾਕਿਸਤਾਨੀ ਜਹਾਜ਼ ਸੁਰੱਖਿਅਤ ਵਾਪਸ ਮੁੜ ਗਏ। ਉਸ ਦੇ ਡਿੱਗਣ ਤੋਂ ਬਾਅਦ ਜਲਦੀ ਹੀ ਆਰਮੀ ਅਤੇ ਹਵਾਈ ਫੌਜ ਦੇ ਅਫਸਰ ਮੌਕੇ 'ਤੇ ਪਹੁੰਚ ਗਏ। ਅੱਖੀਂ ਵੇਖਣ ਵਾਲੇ ਦੱਸਦੇ ਹਨ ਕਿ ਏਅਰ ਫੋਰਸ ਦਾ ਇੱਕ ਸੀਨੀਅਰ ਅਫਸਰ ਉਸ ਬਹਾਦਰ ਦੀ ਬੁਰੀ ਤਰ੍ਹਾਂ ਸੜੀ ਹੋਈ ਲਾਸ਼ ਨੂੰ ਗਲ ਨਾਲ ਲਗਾ ਕੇ ਉੱਚੀ-ਉੱਚੀ ਰੋਣ ਲੱਗ ਪਿਆ ਸੀ। ਲੋਕ ਅੱਜ ਤੱਕ ਉਸ ਸੂਰਮੇ ਪਾਇਲਟ ਦੀ ਬਹਾਦਰੀ ਨੂੰ ਯਾਦ ਕਰਦੇ ਹਨ।



# ਖਬਰ ਚੈਨਲਾਂ ਲਈ ਸਵੈ-ਜ਼ਾਬਤਾ ਹੀ ਬਿਹਤਰ ਹੱਲ

-ਪ੍ਰੋ. ਕੁਲਬੀਰ ਸਿੰਘ
94171-53513
(Punjab Mail USA)



ਸਵੈ-ਜਾਬਤਾ ਖ਼ਬਰ ਚੈਨਲਾਂ ਲਈ ਸਭ ਤੋਂ ਬਿਹਤਰ ਢੰਗ-ਤਰੀਕਾ ਹੈ।

ਜੇਕਰ ਅਖ਼ਬਾਰਾਂ ਅਤੇ ਚੈਨਲ ਸਹੀ ਨੂੰ ਸਹੀ ਅਤੇ ਗਲਤ ਨੂੰ ਗਲਤ ਕਹਿੰਦਿਆਂ ਖ਼ਬਰ ਨੂੰ ਖ਼ਬਰ ਵਾਂਗ ਪ੍ਰਕਾਸ਼ਿਤ ਕਰਨ ਤਾਂ ਕਿੰਤੂ ਪਰੰਤੂ ਦੀ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ। ਕਿਸੇ ਅਖ਼ਬਾਰ ਜਾਂ ਚੈਨਲ 'ਤੇ ਉਲਾਰ ਜਾਂ ਪੱਖਪਾਤੀ ਹੋਣ ਦਾ ਇਲਜ਼ਾਮ ਵੀ ਨਹੀਂ ਲੱਗੇਗਾ।

ਦਰਅਸਲ ਸਮੱਸਿਆ ਉਦੋਂ ਆਰੰਭ ਹੋਈ, ਜਦੋਂ ਖ਼ਬਰ ਚੈਨਲਾਂ ਨੇ ਅਸਲ ਖ਼ਬਰ ਨੂੰ ਹਾਸ਼ੀਏ 'ਤੇ ਧਕੇਲ ਕੇ, ਜੋ ਖ਼ਬਰ ਹੀ ਨਹੀਂ ਉਸਨੂੰ ਪ੍ਰਮੁੱਖਤਾ ਨਾਲ ਪੇਸ਼ ਕਰਨਾ ਸ਼ੁਰੂ ਕਰ ਦਿੱਤਾ। ਜਦ ਇਹ ਰੁਝਾਨ, ਇਹ ਉਲਾਰ ਦਹਾਕਿਆਂ ਤੱਕ ਲਗਾਤਾਰ ਬਣਿਆ ਰਿਹਾ, ਤਾਂ ਦਰਸ਼ਕਾਂ ਦੀ ਖ਼ਬਰ ਚੈਨਲਾਂ ਵਿਚੋਂ ਦਿਲਚਸਪੀ ਘੱਟਦੀ ਗਈ। ਰੁਚੀ ਹੀ ਨਹੀਂ ਘੱਟਦੀ ਗਈ, ਸਗੋਂ ਵੱਡੀ ਪੱਧਰ 'ਤੇ ਨੁਕਤਾਚੀਨੀ ਹੋਣ ਲੱਗੀ। ਸ਼ਿਕਾਇਤਾਂ ਹੋਣ ਲੱਗੀਆਂ। ਉਹ ਲਿਖਤੀ ਸ਼ਕਾਇਤਾਂ ਨਿਊਜ਼ ਬ੍ਰਾਡਕਾਸਟਿੰਗ ਐਂਡ ਡਿਜ਼ੀਟਲ ਐਸੋਸੀਏਸ਼ਨ (ਐੱਨ.ਬੀ.ਡੀ.ਏ.) ਅਤੇ ਸੁਪਰੀਮ ਕੋਰਟ ਤੱਕ ਵੀ ਪਹੁੰਚਦੀਆਂ ਰਹੀਆਂ।

ਹੁਣ 18 ਸਤੰਬਰ ਨੂੰ ਸੁਪਰੀਮ ਕੋਰਟ ਨੇ ਨਿਊਜ਼ ਬ੍ਰਾਡਕਾਸਟਿੰਗ ਐਂਡ ਡਿਜ਼ੀਟਲ ਐਸੋਸੀਏਸ਼ਨ ਨੂੰ ਨਵੇਂ ਦਿਸ਼ਾ-ਨਿਰਦੇਸ਼ਾਂ ਨਾਲ ਅਦਾਲਤ ਵਿਚ ਪੇਸ਼ ਹੋਣ ਲਈ ਇੱਕ ਮਹੀਨੇ ਦਾ ਸਮਾਂ ਦਿੰਦਿਆਂ ਕਿਹਾ ਹੈ ਕਿ ਉਹ ਖ਼ਬਰ ਚੈਨਲਾਂ ਦੇ ਸੈਲਫ਼-ਰੈਗੂਲੇਟਰੀ ਤੰਤਰ ਨੂੰ ਸਖ਼ਤ ਬਣਾਉਣ ਦਾ ਚਾਹਵਾਨ ਹੈ। ਐੱਨ.ਬੀ.ਡੀ.ਏ. ਨੇ ਪਹਿਲਾਂ ਮਾਣਯੋਗ ਅਦਾਲਤ ਨੂੰ ਕਿਹਾ ਸੀ ਕਿ ਅਸੀਂ ਨਵੀਆਂ ਹਦਾਇਤਾਂ ਲਈ ਅਧਿਕਾਰੀਆਂ ਨਾਲ ਵਿਚਾਰ-ਵਿਟਾਂਦਰਾ ਕਰ ਰਹੇ ਹਾਂ।

ਉਧਰ ਕੇਂਦਰ ਸਰਕਾਰ ਵੀ ਖ਼ਬਰ ਚੈਨਲਾਂ ਲਈ ਨਵੇਂ ਨਿਯਮ, ਨਵੀਆਂ ਸ਼ਰਤਾਂ, ਨਵੀਆਂ ਹਦਾਇਤਾਂ ਦਾ ਖਰੜਾ ਤਿਆਰ ਕਰ ਰਹੀ ਹੈ। ਇਹ ਹਦਾਇਤਾਂ ਤਿੰਨ ਪਰਤਾਂ ਵਿਚ ਹੋਣਗੀਆਂ। ਇਸ ਤਿੰਨ ਪਰਤੀ ਪ੍ਰਣਾਲੀ ਵਿਚ ਪਹਿਲਾ ਸਥਾਨ ਸਵੈ-ਜਾਬਤੇ, ਸਵੈ-ਨਿਗਰਾਨੀ ਨੂੰ ਹੀ ਦਿੱਤਾ ਗਿਆ ਹੈ। ਪਰੰਤੂ ਸਰਕਾਰ ਅਤੇ ਐੱਨ.ਬੀ.ਡੀ.ਏ. ਦਰਮਿਆਨ ਹਦਾਇਤਾਂ ਨੂੰ ਲੈ ਕੇ ਪਿਛਲੇ ਸਮੇਂ ਤੋਂ ਟਕਰਾਅ ਚੱਲ ਰਿਹਾ ਹੈ। ਸੁਪਰੀਮ ਕੋਰਟ ਨੇ ਇਸ ਟਕਰਾਅ ਦੀ ਸਮੱਸਿਆ ਨੂੰ ਲਾਂਭੇ ਧਰ ਕੇ ਕੇਵਲ ਹਦਾਇਤਾਂ 'ਤੇ ਧਿਆਨ ਕੇਂਦਰਿਤ ਕਰਨ ਦਾ ਨਿਰਣਾ ਲਿਆ ਹੈ। ਮਾਣਯੋਗ ਸੁਪਰੀਮ ਕੋਰਟ ਨੇ ਇਹ ਪਹਿਲਾਂ ਹੀ ਸਪੱਸ਼ਟ ਕਰ ਦਿੱਤਾ ਸੀ ਕਿ ਖ਼ਬਰ ਚੈਨਲਾਂ 'ਤੇ ਨਿਗਰਾਨੀ ਲਈ ਸਵੈ-ਜਾਬਤਾ ਪ੍ਰਬੰਧ ਵਿਚਲੀਆਂ ਕਮੀਆਂ-ਕਮਜ਼ੋਰੀਆਂ ਨੂੰ ਦੂਰ ਕੀਤਾ ਜਾਣਾ ਚਾਹੀਦਾ ਹੈ ਪਰੰਤੂ ਸੈਂਸਰਸ਼ਿਪ ਵਰਗਾ ਵਿਚਾਰ ਕਦੇ ਵੀ ਮਨ 'ਚ ਨਹੀਂ ਆਉਣਾ ਚਾਹੀਦਾ।

ਅਸਲ ਮੁੱਦਾ ਇਹ ਹੈ ਕਿ ਭਾਰਤੀ ਨਿਊਜ਼ ਚੈਨਲਾਂ ਨੂੰ ਬਿਹਤਰ ਅਨੁਸ਼ਾਸਨ ਦੀ ਜ਼ਰੂਰਤ ਹੈ, ਜਿਸਦੇ ਦਾਇਰੇ ਵਿਚ ਰਹਿੰਦੇ ਹੋਏ ਅਭਿਵਿਅਕਤੀ ਦੀ ਆਜ਼ਾਦੀ ਵੀ ਬਣੀ ਰਹੇ। ਇਸ ਵੇਲੇ ਖ਼ਬਰ ਚੈਨਲ ਖੁਦ ਦੇ ਬਣਾਏ ਨਿਯਮਾਂ ਅਤੇ ਹਦਾਇਤਾਂ ਦੇ ਨਾਲ ਨਾਲ ਸਰਕਾਰੀ ਦਿਸ਼ਾ-ਨਿਰਦੇਸ਼ ਅਨੁਸਾਰ ਪ੍ਰਸਾਰਨ ਕਰ ਰਹੇ ਹਨ। ਪਰੰਤੂ ਦਰਸ਼ਕ ਅਤੇ ਮਾਹਿਰ ਜਾਣਦੇ ਹਨ ਕਿ ਨਾ ਤਾਂ ਸਰਕਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾ ਰਹੀ ਹੈ ਅਤੇ ਨਾ ਹੀ ਕੋਈ ਸਵੈ-ਜਾਬਤਾ, ਸਵੈ-ਅਨੁਸ਼ਾਸਨ ਲਾਗੂ ਹੈ। ਜਿਸਦਾ ਜਿਵੇਂ ਮਨ ਕਰਦਾ ਹੈ, ਉਵੇਂ ਆਪੋ-ਆਪਣੇ ਹਿੱਤਾਂ, ਆਪੋ-ਆਪਣੇ ਨਜ਼ਰੀਏ, ਆਪੋ-ਆਪਣੀ ਸੋਚ-ਸਮਝ ਅਨੁਸਾਰ ਖ਼ਬਰਾਂ ਦਾ ਮੂੰਹ-ਮੁਹਾਂਦਰਾ ਘੜ ਲੈਂਦਾ ਹੈ।

ਪੱਤਰਕਾਰੀ ਖੇਤਰ ਦੇ ਮਾਹਿਰਾਂ, ਸੂਝਵਾਨ ਦਰਸ਼ਕਾਂ, ਸਰਕਾਰਾਂ ਅਤੇ ਅਦਾਲਤਾਂ ਦਾ ਮੰਨਣਾ ਹੈ ਕਿ ਅਜੋਕੇ ਹਫ਼ੜਾ-ਦਫ਼ੜੀ, ਭੱਜ-ਦੌੜ, ਕਾਹਲ, ਸਭ ਤੋਂ ਪਹਿਲਾਂ, ਸਭ ਤੋਂ ਅੱਗੇ ਅਤੇ ਟੀ.ਆਰ.ਪੀ. ਦੇ ਦੌਰ ਵਿਚ ਸਵੈ-ਜਾਬਤਾ ਹੀ ਬਿਹਤਰੀਨ ਹੱਲ ਹੈ। ਇਉਂ ਕਰਕੇ ਹੀ ਸੰਤੁਲਤ, ਸਿਹਤਮੰਦ ਅਤੇ ਸਮਾਜਿਕ ਸਰੋਕਾਰਾਂ ਨਾਲ ਜੁੜੀ ਮਿਆਰੀ ਪੱਤਰਕਾਰੀ ਨੂੰ ਬਚਾਇਆ ਜਾ ਸਕਦਾ ਹੈ। ਭਾਰਤ ਅਤੇ ਪੰਜਾਬ ਦੀ ਕਦਰਾਂ-ਕੀਮਤਾਂ ਵਾਲੀ ਮਾਣਮੱਤੀ ਪੱਤਰਕਾਰ 'ਤੇ ਪਹਿਰਾ ਦਿੱਤਾ ਜਾ ਸਕਦਾ ਹੈ।

## ਇੰਟਰਨੈੱਟ ਮੀਡੀਆ ਅਤੇ ਉਮਰ

ਇੰਟਰਨੈੱਟ ਮੀਡੀਆ ਇਕ ਪਾਸੇ ਆਪਹੁਦਰੇਪਨ ਦੀਆਂ ਸਾਰੀਆਂ ਹੱਦਾਂ ਪਾਰ ਗਿਆ ਹੈ, ਦੂਸਰੇ ਪਾਸੇ ਉਮਰ ਦਾ ਸਵਾਲ ਉੱਠ ਖੜ੍ਹਾ ਹੋਇਆ ਹੈ। ਇੰਟਰਨੈੱਟ ਮੀਡੀਆ ਨੂੰ ਕੌਣ ਵਰਤ ਸਕਦਾ ਹੈ, ਕੌਣ ਨਹੀਂ? ਅੱਜ ਸਕੂਲ ਜਾਣ ਵਾਲੇ ਬੱਚੇ ਵੀ ਖੁੱਲ੍ਹੇਆਮ ਇਸਦੀ ਵਰਤੋਂ ਕਰ ਰਹੇ ਹਨ ਅਤੇ ਸਮਾਰਟਫੋਨ ਹਰ ਵੇਲੇ ਉਨ੍ਹਾਂ ਦੇ ਕੋਲ ਰਹਿੰਦਾ ਹੈ।

ਕਰਨਾਟਕ ਹਾਈਕੋਰਟ ਨੇ ਬੀਤੇ ਦਿਨੀਂ ਕੇਂਦਰ ਸਰਕਾਰ ਨੂੰ ਸੁਝਾਅ ਦਿੱਤਾ ਹੈ ਕਿ ਜਿਵੇਂ ਅਲਕੋਹਲ ਦੀ ਵਰਤੋਂ ਲਈ ਕਾਨੂੰਨੀ ਤੌਰ 'ਤੇ ਉਮਰ ਤੈਅ ਕੀਤੀ ਗਈ ਹੈ, ਇਵੇਂ ਇੰਟਰਨੈੱਟ ਮੀਡੀਆ ਨੂੰ ਇਸਤੇਮਾਲ ਕਰਨ ਲਈ ਵੀ ਉਮਰ-ਸੀਮਾ ਨਿਰਧਾਰਤ ਕਰਨ ਦੀ ਲੋੜ ਹੈ। ਮਾਣਯੋਗ ਅਦਾਲਤ ਨੇ ਅੱਗੇ ਕਿਹਾ ਕਿ ਇੰਝ ਕਰਨ ਨਾਲ ਬਹੁਤ ਕੁਝ ਚੰਗਾ ਹੋਵੇਗਾ।

15-16 ਸਾਲ ਤੱਕ ਦੇ ਬੱਚਿਆਂ ਅਤੇ ਨੌਜਵਾਨਾਂ ਵਿਚ ਵੀ ਇਹ ਸਮਝ ਅਜੇ ਵਿਕਸਤ ਨਹੀਂ ਹੋਈ ਹੁੰਦੀ ਕਿ ਕੀ ਉਨ੍ਹਾਂ ਦੇ, ਦੇਸ਼ ਦੇ ਹਿੱਤ ਵਿਚ ਹੈ ਅਤੇ ਕੀ ਨਹੀਂ। ਕੇਵਲ ਉਮਰ-ਸੀਮਾ ਹੀ ਤੈਅ ਨਾ ਕੀਤੀ ਜਾਵੇ, ਬਲਕਿ ਇੰਟਰਨੈੱਟ ਮੀਡੀਆ ਤੋਂ ਉਹ ਸਾਰੀ ਸਮੱਗਰੀ ਹਟਾਈ ਜਾਵੇ, ਜਿਹੜੀ ਇਤਰਾਜ਼ਯੋਗ ਹੈ, ਗੈਰ-ਮਿਆਰੀ ਹੈ ਅਤੇ ਮਨ 'ਤੇ ਬੁਰਾ ਪ੍ਰਭਾਵ ਪਾਉਂਦੀ ਹੈ।



# ਟਰੂਡੋ ਕੋਲ ਭਾਰਤ ਖਿਲਾਫ਼ ਸਬੂਤ ਹੋਣ ਕਾਰਨ ਹੀ ਉਸ ਨੇ ਜਨਤਕ ਤੌਰ ’ਤੇ ਉਂਗਲ ਉਠਾਈ

-ਸੁਰਜੀਤ ਸਿੰਘ ਫਲੋਰਾ
ਬਰੈਂਪਟਨ, ਕੈਨੇਡਾ
647-829-9397
(Punjab Mail USA)



ਤੁਹਾਡੇ ਖ਼ਿਆਲ ’ਚ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਹਰਦੀਪ ਸਿੰਘ ਨਿੱਝਰ ਨੂੰ “ਭਾਰਤ ਸਰਕਾਰ ਦੇ ਏਜੰਟਾਂ” ਨੇ ਮਾਰਨ ਦੇ ਦੋਸ਼ ਲਾਉਣ ਦੇ ਨਤੀਜੇ ਕੀ ਨਿਕਲਣਗੇ?

‘ਨੈਤਿਕ ਤੌਰ’ ’ਤੇ ਦੇਖਿਆ ਜਾਵੇ, ਤਾਂ ਕੈਨੇਡਾ ਇੱਕ ਕਾਨੂੰਨ ਆਧਾਰਿਤ ਦੇਸ਼ ਹੈ। ਤੇ ਹੁਣ ਭਾਰਤ ਲਈ ਮੁਸ਼ਕਲ ਵਾਲੀ ਗੱਲ ਇਹ ਹੈ ਕਿ ‘ਪੰਜ ਆਈਜ਼’ ਦੇ ਬਾਕੀ ਦੇਸ਼ਾਂ ਦੀ ਪ੍ਰਤੀਕਿਰਿਆ ਵੀ ਕੈਨੇਡਾ ਦੇ ਦੋਸ਼ਾਂ ਨੂੰ ਸਹੀ ਠਹਿਰਾ ਰਹੀ ਤੇ ਇਥੋਂ ਤੱਕ ਇਹ ਜਾਣਕਾਰੀ ਅਮਰੀਕਾ ਦੀਆਂ ਹੀ ਖ਼ੁਫੀਆ ਏਜੰਸੀਆਂ ਨੇ ਆਪਣੇ ਹਮਰੁਤਬਾ-ਭਾਈਵਾਲ ਆਪਣੇ ਗੁਆਂਢੀ ਦੇਸ਼ ਕੈਨੇਡਾ ਨੂੰ ਦਿੱਤੀ ਸੀ। ਜਿਸ ਦੇ ਆਧਾਰ ’ਤੇ ਕੈਨੇਡਾ ਵਲੋਂ ਆਪਣੀ ਏਜੰਸੀ ਵਲੋਂ ਵੀ ਇਕੱਤਰ ਕੀਤੀ ਜਾਣਕਾਰੀ ਤਹਿਤ ਕੈਨੇਡਾ ਦੀ ਪਾਰਲੀਮੈਂਟ ਵਿਚ ਟਰੂਡੋ ਨੇ ਭਾਰਤ ਨੂੰ ਲੰਮੇਂ ਹੱਥੀਂ ਲੈਂਦੇ ਹੋਏ ਦੁਨੀਆਂ ਭਰ ਵਿਚ ਭਾਰਤੀ ਮੋਦੀ ਸਰਕਾਰ ਨੂੰ ਕੂਟਨੀਤੀ ਤੇ ਦੋਗਲੀ ਨੀਤੀ ਤਹਿਤ ਦੁਨੀਆਂ ਦੇ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ, ਜਿਸ ਦੇ ਨਤੀਜੇ ਸਭ ਦੇ ਸਾਹਮਣੇ ਹਨ। ਜਿਸ ਨਾਲ ਸਰਕਾਰਾਂ ਹੀ ਨਹੀਂ, ਬਲਕਿ ਆਮ ਲੋਕ ਵੱਧ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਕਿਉਂਕਿ ਦੋਨਾਂ ਦੇਸ਼ਾਂ ਨੇ ਇਕ ਦੂਜੇ ਦੇ ਵਸਨੀਕਾਂ ਨੂੰ ਵੀਜ਼ੇ ਦੇਣੇ ਬੰਦ ਕਰ ਦਿੱਤੇ ਹਨ। ਨਿੱਝਰ ਨੂੰ ਮਾਰਨ ਦੀ ਇਹ ਭਾਰਤੀ ਪੱਖ ਦੀ ਇੱਕ ਗਲਤੀ ਹੈ, ਅਤੇ ਨਾਲ ਹੀ ਭਿਆਨਕ ਦ੍ਰਿਸ਼ਟੀਕੋਣ, ਨਾ ਸਿਰਫ਼ ਪੱਛਮ ਵਿਚ ਭਾਰਤ ਲਈ, ਸਗੋਂ ਭਾਰਤ ਵਿਚ ਕੈਨੇਡਾ ਲਈ ਵੀ ਨੁਕਸਾਨਦਾਇਕ ਕਦਮ ਸਾਬਿਤ ਹੋ ਰਿਹਾ ਹੈ।

ਇੱਕ ਗੱਲ ਸਾਫ਼ ਕਰਨੀ ਪਵੇਗੀ, ਜੋ ਕਿ ਹਰਦੀਪ ਸਿੰਘ ਨਿੱਝਰ, ਕੈਨੇਡਾ ਵਿਚ ਹੋਰ ਬਹੁਤ ਸਾਰੇ ਖਾਲਿਸਤਾਨੀਆਂ ਦੇ ਨਾਲ, ਸਿਰਫ ਆਪਣੀ ਬੋਲਣ ਦੀ ਆਜ਼ਾਦੀ ਦੀ ਵਰਤੋਂ ਕਰਨ ਵਾਲਾ ਇੱਕ ਸ਼ਾਂਤਮਈ ਆਲੋਚਕ ਨਹੀਂ ਸੀ; ਇਨ੍ਹਾਂ ਤੱਤਾਂ ਨੇ ਪੰਜਾਬ ਵਿਚ ਪਹਿਲਾਂ ਤੋਂ ਸੁਸਤ ਖਾਲਿਸਤਾਨੀ ਲਹਿਰ ਦੇ ਮੁੜ ਉਭਾਰ ਨੂੰ ਅੰਜਾਮ ਦਿੱਤਾ ਹੈ ਅਤੇ ਸਥਾਨਕ ਸਿਆਸਤਦਾਨਾਂ ਨੂੰ ਮਾਰਿਆ ਹੈ ਅਤੇ ਹਾਲ ਹੀ ਦੇ ਸਮੇਂ ਵਿਚ ਰਾਜ ਦੀ ਅਥਾਰਿਟੀ ਨੂੰ ਖ਼ਤਮ ਕੀਤਾ ਹੈ। ਉਨ੍ਹਾਂ ਨੇ ਕੈਨੇਡਾ ਵਿਚ ਹੀ ਭਾਰਤੀਆਂ ਦੀ ਜਾਨ ਨੂੰ ਖਤਰਾ ਪੈਦਾ ਕੀਤਾ ਹੈ, ਡਿਪਲੋਮੈਟਾਂ ਨੂੰ ਧਮਕੀਆਂ ਦੇ ਕੇ, ਮੰਦਰਾਂ ਦੀ ਭੰਨਤੋੜ ਕਰਕੇ ਅਤੇ ਭਾਰਤੀ ਦੂਤਾਵਾਸਾਂ ਨੂੰ ਨੁਕਸਾਨ ਪਹੁੰਚਾਇਆ ਹੈ, ਨਾ ਸਿਰਫ ਕੈਨੇਡਾ ਵਿਚ ਸਗੋਂ ਯੂ.ਕੇ., ਆਸਟ੍ਰੇਲੀਆ ਵਿਚ ਵੀ।

ਕੈਨੇਡੀਅਨ ਰਾਜਨੀਤਿਕ ਸਥਾਪਨਾ ਵਿਚ ਖਾਲਿਸਤਾਨੀ ਤੱਤਾਂ ਦੀ ਡੂੰਘੀ ਦੁਸ਼ਮਣੀ ਅਤੇ ਰਾਜਨੀਤਿਕ ਗਣਨਾ ਵਿਚ ਖਾਲਿਸਤਾਨੀ ਸਿੱਖ ਭਾਵਨਾਵਾਂ, ਦਾ ਮਤਲਬ ਹੈ ਕਿ ਕੈਨੇਡਾ



ਆਈ.ਐੱਸ.ਆਈ. ਦੁਆਰਾ ਸਪਾਂਸਰ ਕੀਤੀਆਂ ਭਾਰਤ ਵਿਰੋਧੀ ਗਤੀਵਿਧੀਆਂ, ਜਾਂ ਆਪਣੀਆਂ ਸੀਮਾਵਾਂ ਵਿਚ ਅਜਿਹੀਆਂ ਗਤੀਵਿਧੀਆਂ ਨੂੰ ਸੰਚਾਲਿਤ ਕਰਨ ਦੇ ਵਿਰੁੱਧ ਕਾਰਵਾਈ ਕਰਨ ਵਿਚ ਅਸਮਰੱਥ ਪਾਇਆ ਗਿਆ ਹੈ। ਜਿਸ ਨੂੰ ਪਿਛਲੇ ਸਾਲਾਂ ਤੋਂ ਕੈਪਟਨ ਅਮਰਿੰਦਰ ਸਿੰਘ ਅਤੇ ਮੋਦੀ ਵਾਰ-ਵਾਰ ਟਰੂਡੋ ਨੂੰ ਕਹਿ ਚੁੱਕੇ ਹਨ ਕਿ ਕੈਨੇਡਾ ਦੀ ਧਰਤੀ ਤੋਂ ਇਹ ਖਾਲਿਸਤਾਨੀ ਕਾਰਵਾਈਆਂ ਨੂੰ ਖ਼ਤਮ ਕੀਤਾ ਜਾਣਾ ਚਾਹੀਦਾ ਹੈ, ਜਿਸ ਦਾ ਟਰੂਡੋ ਸਰਕਾਰ ’ਤੇ ਕੋਈ ਵੀ ਅਸਰ ਨਹੀਂ ਹੋਇਆ। ਸ਼ਾਇਦ ਜਿਸ ਤੋਂ ਥੱਕ-ਹਾਰ ਕੇ ਨਾ ਚਾਹੁੰਦੇ ਹੋਏ ਵੀ ਭਾਰਤ ਨੂੰ ਇਹ ਕਦਮ ਚੁੱਕਣਾ ਪਿਆ।

ਇਹ ਵੀ ਵਿਚਾਰਨਯੋਗ ਹੈ ਕਿ ਘੱਟੋ-ਘੱਟ ਸੋਸ਼ਲ ਮੀਡੀਆ ’ਤੇ, ਕੈਨੇਡੀਅਨ ਭਾਰਤੀ ਪ੍ਰਵਾਸੀਆਂ ’ਤੇ ਆਪਣੇ ਵਤਨ ਦੀ ਰਾਜਨੀਤੀ ਨੂੰ ਪਿੱਛੇ ਨਾ ਰੱਖਣ ਲਈ ਪਰੇਸ਼ਾਨ ਹੋ ਰਹੇ ਹਨ, ਇਹ ਸਮਝੇ ਬਿਨਾਂ ਕਿ ਬਹੁਤ ਸਾਰੀ ਕਹੀ ਗਈ ਰਾਜਨੀਤੀ ਅਸਲ ਵਿਚ ਕੈਨੇਡਾ ਦੇ ਅੰਦਰ ਚਲਾਈ ਜਾ ਰਹੀ ਹੈ ਅਤੇ ਭਾਰਤ ਵਿਚ ਸਿਰਫ਼ ਘੱਟ ਗਿਣਤੀ ਦੀ ਮੌਜੂਦਗੀ ਹੈ। ਇਸੇ ਤਰ੍ਹਾਂ ਕੈਨੇਡੀਅਨ ਨਾਗਰਿਕਾਂ ਨੇ ਆਪਣੀ ਘਰੇਲੂ ਰਾਜਨੀਤੀ ਵਿਚ ਭਾਰਤੀ ਸ਼ਮੂਲੀਅਤ ਦੇ ਦੋਸ਼, ਭਾਵੇਂ ਸਹੀ ਜਾਂ ਗਲਤ, ਡੂੰਘੇ ਵਿਅੰਗਮਈ ਹਨ, ਕਿਉਂਕਿ ਕੈਨੇਡੀਅਨ ਨਾਗਰਿਕਾਂ ਨੇ ਵਿੱਤੀ ਅਤੇ ਨੈਤਿਕ ਤੌਰ ’ਤੇ ਭਾਰਤ ਵਿਚ ਖੇਤੀ ਵਿਰੋਧੀ ਕਾਨੂੰਨਾਂ ਦੇ ਵਿਰੋਧ ਪ੍ਰਦਰਸ਼ਨਾਂ ਦੀ ਸਰਗਰਮੀ ਨਾਲ ਹਮਾਇਤ ਕੀਤੀ, ਅਤੇ ਉਨ੍ਹਾਂ ਦੇ ਪ੍ਰੋਫਾਈਲ ਨੂੰ ਵੀ ਵਧਾਇਆ। ਹੋਰ ਕੈਨੇਡੀਅਨ ਨਾਗਰਿਕਾਂ ਵਿਚ, ਇਸ ਹੱਦ ਤੱਕ ਕਿ ਜਸਟਿਨ ਟਰੂਡੋ ਨੇ ਖੁਦ ਅੰਦੋਲਨਾਂ ਦੇ ਸਮਰਥਨ ਵਿਚ ਟਵੀਟ ਕੀਤੇ।

ਕੈਨੇਡਾ ਵਿਚ ਇਹ ਵੀ ਇੱਕ ਗਲਤ ਧਾਰਨਾ ਹੈ ਕਿ ਭਾਰਤ ਨਿੱਝਰ ਦੇ ਮਗਰ ਲੱਗ ਗਿਆ ਹੈ ਕਿਉਂਕਿ ਇਹ ‘ਤਾਨਾਸ਼ਾਹੀ ਹਿੰਦੂ ਰਾਸ਼ਟਰਵਾਦੀ ਮੋਦੀ ਦੇ ਸਿੱਖਾਂ ਦੇ ਜਬਰ’ ਦਾ ਕੁਦਰਤੀ ਵਿਸਥਾਰ ਹੈ। ਕਥਿਤ ਜਬਰ ਆਪਣੇ ਆਪ ਵਿਚ ਇੱਕ ਵਿਵਾਦਪੂਰਨ ਦਲੀਲ ਹੈ ਅਤੇ ਇਹ ਪ੍ਰਭਾਵ ਖਾਲਿਸਤਾਨੀ ਪ੍ਰਚਾਰ ਦੇ ਕਾਰਨ ਕੈਨੇਡੀਅਨਾਂ ਦੇ ਮਨਾਂ ਵਿਚ ਬੀਜਿਆ ਗਿਆ ਹੈ। ਪਰ ਇਹ ਸੁਝਾਅ ਦੇਣਾ ਕਿ ਭਾਰਤ ਵਿਚ ਖਾਲਿਸਤਾਨੀ ਵਿਰੋਧੀ ਭਾਵਨਾ ਭਾਜਪਾ ਤੋਂ ਪੈਦਾ ਹੁੰਦੀ ਹੈ, ਹਾਸੋਹੀਣੀ ਗੱਲ ਹੈ।

ਜਿਵੇਂ ਕਿ, ਨਿੱਝਰ ਦੀ ਹੱਤਿਆ ਬਹੁਤ ਸਾਰੇ ਭਾਰਤੀਆਂ ਲਈ ਭਾਵਨਾਤਮਕ ਪੱਧਰ ’ਤੇ ਸੰਤੁਸ਼ਟੀਜਨਕ ਹੈ; ਜਿੰਨਾ ਤੁਸੀਂ ਸੋਸ਼ਲ ਮੀਡੀਆ ਪ੍ਰਤੀਕਰਮਾਂ ਤੋਂ ਇਕੱਠਾ ਕਰ ਸਕਦੇ ਹੋ। ਇਸ ਤੋਂ ਇਲਾਵਾ, ਭਾਜਪਾ ਸਮਰਥਕਾਂ ਲਈ, ਅਜਿਹੀਆਂ ਕਾਰਵਾਈਆਂ ‘ਨਵੇਂ ਭਾਰਤ’ ਦਾ ਪ੍ਰਦਰਸ਼ਨ ਵੀ ਹਨ, ਜੋ ‘ਦੁਸ਼ਮਣ ਦੇ ਘਰ ਵਿਚ ਦਾਖਲ ਹੋ ਕੇ ਇਸ ਨੂੰ ਖ਼ਤਮ ਕਰਨ ਲਈ ਪ੍ਰਤੀਕਿਰਿਆਸ਼ੀਲ ਦੀ ਬਜਾਏ ਕਿਰਿਆਸ਼ੀਲ’ ਅਤੇ ‘ਦੁਸ਼ਮਣਾਂ ਦੇ ਦਿਲਾਂ ਵਿਚ ਡਰ ਪੈਦਾ ਕਰਦਾ ਹੈ’। ਜੋ ਪਾਕਿ ਵਿਚ ਕੀਤੀ ਸਟਰਾਇਕ ਇਸ ਗੱਲ ਦੀ ਪੁਸ਼ਟੀ ਕਰਦੀ ਹੈ।

ਜਿੱਥੋਂ ਤੱਕ ਕੈਨੇਡਾ ਇੱਕ ਕਾਨੂੰਨ-ਆਧਾਰਿਤ ਦੇਸ਼ ਹੈ; ਦਰਅਸਲ, ਨਾਟੋ ਨੇ ਮੱਧ ਪੂਰਬ, ਪਾਕਿ ਆਦਿ ਵਿਚ ਬਹੁਤ ਘੱਟ ਸਬੂਤਾਂ ’ਤੇ ਬਹੁਤ ਜ਼ਿਆਦਾ ਲੋਕਾਂ ਦੀ ਹੱਤਿਆ ਕੀਤੀ ਹੈ।

ਸਮੱਸਿਆ ਇਸ ਤੱਥ ਵਿਚ ਪੈਦਾ ਹੁੰਦੀ ਹੈ ਕਿ ਪਾਕਿਸਤਾਨ ਵਿਚ ਅਜਿਹੀ ਕਾਰਵਾਈ ਕਰਨਾ ਇੱਕ ਬਹੁਤ ਅਸਾਨ ਹੈ। ਪੱਛਮੀ ਦੇਸ਼ਾਂ ਵਿਚ ਅਜਿਹਾ ਕਰਨਾ, ਜੀ-7 ਰਾਸ਼ਟਰ ਇੱਕ ਬਿਲਕੁਲ ਵੱਖਰੀ ਗੇਂਦਬਾਜ਼ੀ ਹੈ ਕਿਉਂਕਿ, ਇਸ ਨੂੰ ਸਪੱਸ਼ਟ ਤੌਰ ’ਤੇ ਕਹੀਏ ਤਾਂ, ਇਹ ਬਹੁਤ ਜ਼ਿਆਦਾ ਤਾਕਤਵਰ ਦੇਸ਼ ਹਨ, ਬਹੁਤ ਜ਼ਿਆਦਾ ਅਸੰਤੁਸ਼ਟ ਆਬਾਦੀ ਦੇ ਨਾਲ, ਭਾਰਤ ਪ੍ਰਤੀ ਗੈਰ-ਮੌਜੂਦ ਆਮ ਦੁਸ਼ਮਣੀ ਦੇ ਨਾਲ ਪਾਕਿਸਤਾਨ ਦੇ ਉਲਟ, ਜਿੱਥੇ ਅਜਿਹੇ ਉਲੰਘਣਾਵਾਂ ਨੂੰ ਕੁਝ ਅਰਥਾਂ ਵਿਚ ਵਧੇਰੇ ‘ਆਮ’ ਵਜੋਂ ਦੇਖਿਆ ਜਾ ਸਕਦਾ ਹੈ। ਇਸ ਗੱਲ ਦਾ ਜ਼ਿਕਰ ਨਾ ਕਰਨਾ ਕਿ ਕੈਨੇਡਾ ਸੱਭਿਆਚਾਰਕ ਤੌਰ ’ਤੇ ਅਮਰੀਕਾ ਦਾ ਸਭ ਤੋਂ ਨਜ਼ਦੀਕੀ ਦੇਸ਼ ਹੈ ਅਤੇ ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਪਹਿਲਾਂ ਵਾਲੇ ਨੂੰ ਲਾਜ਼ਮੀ ਤੌਰ ’ਤੇ ਬਾਅਦ ਵਾਲੇ ਦੁਆਰਾ ਆਪਣੇ ਆਪ ਦੇ ਵਿਸਥਾਰ ਵਜੋਂ ਦੇਖਿਆ ਜਾਂਦਾ ਹੈ। ਇਸ ਲਈ ਰਾਸ਼ਟਰੀ ਪ੍ਰਭੂਸੱਤਾ ਦੀ ਇਹ ਉਲੰਘਣਾ, ਕੈਨੇਡਾ ਵਿਚ ਬਹੁਤ ਜ਼ਿਆਦਾ ਅਪਮਾਨ ਵਜੋਂ ਦੇਖਿਆ ਜਾ ਰਿਹਾ ਹੈ, ਕੀ ਨਿੱਝਰ ਸੱਚਮੁੱਚ ਇੰਨੀ ਵੱਡੀ ਤਾਕਤ ਸੀ, ਜਿਸ ਨੂੰ ਮੋਦੀ ਸਰਕਾਰ ਵਲੋਂ ਕੈਨੇਡਾ ਦੀ ਧਰਤੀ ਤੋਂ ਰੁਕਸਤ ਕਰਵਾਉਣਾ ਪਿਆ।

ਟਰੂਡੋ ਨੇ ਕਿਹਾ ਕਿ ਉਨ੍ਹਾਂ ਨੇ ਇਹ ਮਾਮਲਾ ਭਾਰਤ ਸਰਕਾਰ ਕੋਲ ਬਿਨਾਂ ਕਿਸੇ ਅਨਿਸ਼ਚਿਤ ਸ਼ਬਦਾਂ ਵਿਚ ਉਠਾਇਆ ਸੀ ਅਤੇ ਆ ਰਹੀਆਂ ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਕੈਨੇਡਾ ਭਾਰਤ ਦੇ ਖਿਲਾਫ ਕਾਰਵਾਈ ਕਰਨ ਲਈ ਆਪਣੇ ‘5 ਆਈ’ ਵਾਲੇ ਸਹਿਯੋਗੀਆਂ ਨੂੰ ਲਾਬਿੰਗ ਕਰ ਰਿਹਾ ਹੈ, ਜਿਸ ਨੂੰ ਉਹ ਕਰਨ ਤੋਂ ਝਿਜਕ ਰਹੇ ਹਨ। ਸਿੱਖਾਂ ਪ੍ਰਤੀ ਸਿਆਸੀ ਮਜਬੂਰੀ, ਭਾਰਤ ਦੇ ਕਥਿਤ ਅਸਹਿਯੋਗ ਅਤੇ ‘ਪੰਜ ਆਈ’ ਦੀ ਝਿਜਕ ਨੇ ਸ਼ਾਇਦ ਟਰੂਡੋ ਨੂੰ ਮਜਬੂਰ ਕਰ ਦਿੱਤਾ ਕਿ ਉਹ ਖੁਦ ਪਾਰਲੀਮੈਂਟ ਵਿਚ ਖੜ੍ਹ ਕੇ ਇਸ ਬਾਰੇ ਬਿਆਨ ਦੇ ਦੇਵੇ। ਜਿਸ ਜਨਤਕ ਬਿਆਨ ਨੇ ਹੁਣ ਦੁਨੀਆਂ ਭਰ ’ਚ ਹਲਚਲ ਪੈਦਾ ਕਰ ਦਿੱਤੀ ਹੈ। ਜਿਸ ਨੂੰ ਬਹੁਤੇ ਲੋਕਾ ਵਲੋਂ ਕੈਨੇਡੀਅਨ ਸਿੱਖਾਂ ਦੀ ਸਿਆਸੀ ਜਿੱਤ ਵਜੋਂ ਦੇਖਿਆ ਜਾ ਰਿਹਾ ਹੈ। ਸ਼ਾਇਦ ਭਾਰਤੀਆਂ ਵਲੋਂ ਟਰੂਡੋ ਨੂੰ ਹਲਕੇ ਵਿਚ ਲੈਣਾ ਗਲਤ ਸੀ।

ਇੱਥੋਂ ਤੱਕ ਕਿ ‘ਘਰ ਵਿਚ ਘੁਸਕਰ ਮਾਰਨਾ’ ਅਤੇ ‘ਦੁਸ਼ਮਣ ਦੇ ਦਿਲਾਂ ਵਿਚ ਡਰ ਪੈਦਾ ਕਰਨ’ ਦੇ ਮਨੋਰਥਿਤ ਉਦੇਸ਼ ਸ਼ਾਇਦ ਹੀ ਪੂਰੇ ਹੋਏ ਹਨ; ਇਸ ਦੀ ਬਜਾਏ, ਕੈਨੇਡੀਅਨ ਰਾਜ ਦੇ ਸਮਰਥਨ ਦੇ ਇਸ ਪ੍ਰਦਰਸ਼ਨ ਦੁਆਰਾ ਅੱਤਵਾਦੀਆਂ ਦੇ ਹੌਂਸਲੇ ਹੋਰ ਬੁਲੰਦ ਹੋਣ ਦੀ ਸੰਭਾਵਨਾ ਹੈ। ਬਗਾਵਤ ਵਿਚ ਤੇਜ਼ੀ ਦੀ ਉਮੀਦ ਕੀਤੀ ਜਾ ਸਕਦੀ ਹੈ।

ਇਸ ਤੱਥ ਦਾ ਕਿ ਟਰੂਡੋ ਜਨਤਕ ਤੌਰ ’ਤੇ ਉਂਗਲ ਉਠਾਉਣ ਦੇ ਯੋਗ ਸੀ, ਦਾ ਮਤਲਬ ਹੈ ਕਿ ਅਸੀਂ ਸੁਰੱਖਿਅਤ ਢੰਗ ਨਾਲ ਇਹ ਮੰਨ ਸਕਦੇ ਹਾਂ ਕਿ ਉਸ ਕੋਲ ਘੱਟੋ-ਘੱਟ ‘ਕੁਝ’ ਸਬੂਤ ਹਨ, ਜਿਨ੍ਹਾਂ ਦਾ ਭਾਰਤ ਨੂੰ ਖੰਡਨ ਕਰਨਾ ਮੁਸ਼ਕਲ ਹੋਵੇਗਾ। ਇਹ ਵੀ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੋਵੇਗੀ ਕਿ ਭਾਰਤ ਕੈਨੇਡੀਅਨ ਜਾਂਚ ਵਿਚ ਸਹਿਯੋਗ ਕਰੇਗਾ। ਇਸ ਦੀ ਬਜਾਏ ਭਾਰਤੀ ਕੂਟਨੀਤਕ ਪ੍ਰਤੀਕਿਰਿਆ ਕੈਨੇਡੀਅਨ ਸਥਾਪਨਾ ਦੁਆਰਾ ਖਾਲਿਸਤਾਨੀ ਤੱਤਾਂ ਨੂੰ ਲੋੜੀਂਦੇ ਗੈਂਗਸਟਰਾਂ, ਅੱਤਵਾਦੀਆਂ ਅਤੇ ਇਸ ਤਰ੍ਹਾਂ ਦੇ ਲੋਕਾਂ ਦੀਆਂ ਸੂਚੀਆਂ ਪ੍ਰਕਾਸ਼ਿਤ ਕਰਕੇ, ਇਸ ਤਰ੍ਹਾਂ ਕੈਨੇਡੀਅਨ ਇਲਜ਼ਾਮਾਂ ਨੂੰ ਧਿਆਨ ਭੰਗ ਕਰਨ ਦੇ ਰੂਪ ਵਿਚ ਬਦਲਣ ਦੀ ਖਾਲਿਸਤਾਨੀ ਤੱਤਾਂ ਪ੍ਰਤੀ ਬੇਨਕਾਬ ਸਮਰਥਨ ਦਾ ਪਰਦਾਫਾਸ਼ ਕਰਨ ਦੁਆਲੇ ਘੁੰਮਾਉਂਦਾ ਰਹੇਗਾ। ਜਿਥੇ ਕਿ ਭਾਰਤ ਵਿਰੋਧੀ ਤੱਤਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਲੋੜ ਹੋਵੇਗੀ।

ਇਸ ਦੇ ਜਮਹੂਰੀ ਪ੍ਰਮਾਣ-ਪੱਤਰ, ਭਾਵੇਂ ਹੈਰਾਨੀਜਨਕ ਹੋਣ, ਪਰ ਕੈਨੇਡਾ ਦੇ ਅਕਸ ਨੂੰ ਭਾਰਤ ਦੇ ਨਾਲ ਅਟੱਲ ਤੌਰ ’ਤੇ ਖਰਾਬ ਕੀਤਾ ਗਿਆ ਹੈ, ਘੱਟ ਤੋਂ ਘੱਟ ਕਿਉਂਕਿ, ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਗਿਆ ਹੈ, ਟਰੂਡੋ ਦੇ ਜਨਤਕ ਖੁਲਾਸੇ ਲਾਜ਼ਮੀ ਤੌਰ ’ਤੇ ਕੈਨੇਡਾ ਵਿਚ ਖਾਲਿਸਤਾਨੀ ਤੱਤਾਂ ਅਤੇ ਭਾਰਤ ਵਿਚ ਉਨ੍ਹਾਂ ਦੀਆਂ ਕਾਰਵਾਈਆਂ ਨੂੰ ਉਤਸ਼ਾਹਿਤ ਕਰਨਗੇ, ਅਤੇ ਭਾਰਤੀ ਡਿਪਲੋਮੈਟਾਂ ਦੀਆਂ ਜਾਨਾਂ ਨੂੰ ਹੋਰ ਵੀ ਵੱਡੇ ਖਤਰੇ ਵਿਚ ਪਾਉਣਗੇ। ਆਮ ਹਿੰਦੂ ਆਬਾਦੀ ਦਾ ਵੀ ਹਿੰਦੂਆਂ ਨੂੰ ਕੈਨੇਡਾ ਛੱਡਣ ਲਈ ਪੰਨੂੰ ਵਲੋਂ ਕਹਿਣਾ, ਕੈਨੇਡੀਅਨਾਂ ਨੂੰ ਇਹ ਅਹਿਸਾਸ ਨਹੀਂ ਹੁੰਦਾ ਕਿ ਉਹ ਇੱਥੇ ਕਿਸ ਅੱਗ ਨਾਲ ਖੇਡ ਰਹੇ ਹਨ।

ਭਾਰਤੀਆਂ ਨੂੰ ਇਹ ਸਮਝਣ ਦੀ ਜ਼ਰੂਰਤ ਹੈ ਕਿ ਜਦੋਂਕਿ ਸਾਡਾ ਜਨਤਕ ਕੱਦ ਬਿਨਾਂ ਸ਼ੱਕ ਵਧਿਆ ਹੈ, ਇਸਦਾ ਬਹੁਤ ਸਾਰਾ ਸਬੰਧ ਸਮੇਂ ਨਾਲ ਹੈ, ਚੀਨ ਦੇ ਉਭਾਰ ਨਾਲ ਪੱਛਮ ਨੂੰ ਨਵੇਂ ਸੰਭਾਵੀ ਬੇਹਮਥ ਨਾਲ ਸਾਂਝੇਦਾਰੀ ਕਰਨ ਲਈ ਮਜਬੂਰ ਕੀਤਾ ਗਿਆ ਹੈ। ਦੂਜੇ ਦੇਸ਼ ਸਾਡੇ ’ਤੇ ਇੰਨੇ ਨਿਰਭਰ ਨਹੀਂ ਹਨ, ਜਿੰਨਾ ਉਹ ਸਾਨੂੰ ਇੱਕ ਸੁਵਿਧਾਜਨਕ ਸਾਥੀ ਲੱਭਦੇ ਹਨ। ਮੇਰੇ ਖਿਆਲ ਵਿਚ ਇਹੋ ਜਿਹੀਆਂ ਬੇਸ਼ਰਮੀ ਵਾਲੀਆਂ ਹਰਕਤਾਂ ਤੋਂ ਭਵਿੱਖ ਵਿਚ ਗੁਰੇਜ਼ ਕਰਨ ਦੀ ਲੋੜ ਹੈ, ਸਿਰ ਨੀਵਾਂ ਰੱਖ ਕੇ ਕੰਮ ਕਰਨਾ ਚਾਹੀਦਾ ਹੈ, ਜਿਸ ਵਿਚ ਵੀ ਅਮਨ-ਅਮਾਨ ਅਤੇ ਸਭ ਲਈ ਸ਼ਾਂਤੀ ਦਾ ਪੈਗਾਮ ਹੋਵੇ।

## “ਧਾਗਾ ਤਵੀਤ”

### ਵਿਅੰਗ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA



ਮਿੰਦੂ ਕਹਿੰਦੀ, ਨੀਂ ਕਰਤਾਰੋ ਸ਼ੁਕਰ ਐ ਬਾਬੇ ਨਾਨਕ ਦਾ ਜਿਹੜਾ ਲੋਕ ਪੜ੍ਹ-ਲਿਖ ਗਏ ਤੇ ਧਾਗੇ-ਤਵੀਤਾਂ ਦੇ ਵਹਿਮਾਂ-ਭਰਮਾਂ ਨੂੰ ਭੁੱਲ ਗਏ, ਨਹੀਂ ਤਾਂ ਆਏ ਦਿਨ ਲੋਕਾਂ ਵਿਚ ਕਲੇਸ਼ ਹੋਇਆ ਰਹਿੰਦਾ ਸੀ ਕਿ ਤੂੰ ਮੇਰੇ ਘਰ ਟੂਣਾ ਕਰ ਦਿੱਤਾ, ਤੂੰ ਮੇਰੇ ਖੇਤ ਟੂਣਾ ਕਰ ਦਿੱਤਾ...। ਕਿਸੇ ਕਹਿਣਾ ਤੂੰ ਮੇਰੀ ਰੂੜੀ ’ਤੇ ਟੂਣਾ ਕੀਤਾ ਸੀ, ਉਦੋਂ ਤੋਂ ਸਾਡੇ ਪਸ਼ੂ ਬਿਮਾਰ ਰਹਿਣ ਲੱਗੇ, ਸਾਡੀਆਂ ਮੱਝਾਂ ਦੁੱਧੋਂ ਘੱਟ ਗਈਆਂ ਵਗੈਰਾ-ਵਗੈਰਾ। ਕਿਸੇ ਨੇ ਬਿਜ਼ਨਸ ’ਤੇ ਟੂਣੇ ਦੀ ਸ਼ਿਕਾਇਤ ਕਰਨੀ, ਕਿਸੇ ਨੌਕਰੀ ਵਾਲੇ ਦੀ ਬੀਵੀ ਨੇ ਤਾਂ ਇਥੋਂ ਤੱਕ ਕਹਿ ਦੇਣਾ ਕਿ ਤੂੰ ਮੇਰੇ ਡਿਊਟੀ ’ਤੇ ਜਾਂਦੇ ਘਰ ਵਾਲੇ ਦੇ ਸਕੂਟਰ ਅੱਗਿਓਂ ਬਿੱਲੀ ਲੰਘਾਈ ਸੀ, ਉਸੇ ਦਿਨ ਉਹਦੇ ਦਫ਼ਤਰ ਵਿਚ ਛਾਪਾ ਪਿਆ ਤੇ ਉਹ ਰਿਸ਼ਵਤਖੋਰੀ ਦੇ ਕੇਸ ਵਿਚ ਫਸ ਗਿਆ ਤੇ ਸਾਡਾ ਬੁਰਾ ਹਾਲ ਹੋ ਗਿਆ। ਹੁਣ ਬੰਦਾ ਪੁੱਛੇ ਕਿ ਬਿੱਲੀ ਕਿਹੜਾ ਵਿਜੀਲੈਂਸ ਦਫਤਰ ਵਿਚ ਸਟੈਨੋ ਲੱਗੀ ਸੀ? ਤੂੰ ਘਰ ਵਾਲੇ ਨੂੰ ਸਮਝਾਉਂਦੀ ਕਿ ਰਿਸ਼ਵਤਖੋਰੀ ਕੋਹੜ ਹੈ, ਇਸ ਨੂੰ ਤਿਆਗੋ, ਤੂੰ ਉਲਟਾ ਬਿੱਲੀ ਦੀ ਪੂਛ ਪੁੱਟਣ ਨੂੰ ਤਿਆਰ ਹੋ ਗਈ। ਸਾਰੀ ਵਾਰਤਾ ਸੁਣ ਕੇ ਬਾਬਾ ਬਖਤੌਰਾ ਕਹਿੰਦਾ “ਧਾਗਾ ਤਵੀਤ”

ਤੇ ਟੂਣੇ-ਟੱਪਰੇ ਹੈਨ ਬੇਸ਼ੱਕ ਵਹਿਮ ਹੀ ਪਰ ਕਈਆਂ ਦੀ ਰੋਟੀ-ਰੋਜ਼ੀ ਦਾ ਸਾਧਨ ਹੈ...। ਕਰਤਾਰੋ ਵਿਚੇ ਬੋਲ ਪਈ, ‘ਹੈਂ ਰੋਟੀ-ਰੋਜੀ? ਉਹ ਕਿਵੇਂ?’ ਬਖਤੌਰਾ ਕਹਿੰਦਾ, ‘ਲੈ ਸੁਣ ਫਿਰ ਪਹਿਲਾਂ ਤਾਂ ਪੈਸੇ ਮਿਲੇ ਧਾਗੇ ਨੂੰ ਫੂਕਾਂ ਮਾਰ ਕੇ ਦੇਣ ਵਾਲੇ ਨੂੰ, ਦੂਜਾ ਰੁਜ਼ਗਾਰ ਮਿਲਿਆ ਦੁਕਾਨ ਵਾਲੇ ਨੂੰ ਜਿਸ ਕੋਲੋਂ ਚੂੜੀਆਂ, ਸੰਧੂਰ, ਬਿੰਦੀਆਂ ਤੇ ਕਾਲਾ ਰਿਬਨ, ਮੌਲੀ ਤੇ ਕੌਡੀਆਂ ਲਿਆਂਦੀਆਂ, ਫਿਰ ਰੁਜ਼ਗਾਰ ਮਿਲਿਆ ਪੁਲਿਸ ਨੂੰ ਜਦੋਂ ਲੜਾਈ ਵਾਲੀਆਂ ਦੋਹਾਂ ਧਿਰਾਂ ਥਾਣੇ ਪਹੁੰਚੀਆਂ, ਜੇ ਕਿਤੇ ਲੜਾਈ ਜ਼ਿਆਦਾ ਵਧ ਗਈ, ਤਾਂ ਇੱਕ ਹਿੱਸਾ ਸਰਕਾਰੀ ਹਸਪਤਾਲ ਵਾਲਿਆਂ ਦਾ ਤੇ ਐਕਸਰੇ ਕਰਨ ਵਾਲਿਆਂ ਦਾ ਵੀ ਰੱਖ ਲਉ, ਜਿਨ੍ਹਾਂ ਨੇ 326 ਫਣਾ ਕੇ ਦੇਣੀ ਹੈ’। ਸਾਰੇ ਕਹਿੰਦੇ ‘ਗੱਲ ਤਾਂ ਜਮਾਂ ਈ ਸਹੀ ਹੈ, ਬਖਤੌਰਾ ਸਿੰਹਾਂ ਇੱਕ ਟੂਣਾ ਵੀ ਸਹੀ ਪੈ ਗਿਆ, ਤਾਂ ਰੁਜ਼ਗਾਰ ਤਾਂ ਕਈਆਂ ਨੂੰ ਮਿਲੂ।’

## ਸਿਆਸੀ ਦਾਅ-ਪੇਚ

### ਕੰਡੇ ਦਾ ਕੰਡਾ

-ਡਾ ਅਮਰੀਕ ਸਿੰਘ ਕੰਡਾ
1764, ਗੁਰੂ ਰਾਮ ਦਾਸ ਨਗਰ
ਨੇੜੇ ਨੈਸ਼ਲੇ ਮੋਗਾ
98557-35666
(Punjab Mail USA)



ਚੋਣਾਂ ਦੇ ਦਿਨ। ਟਿਕਟਾਂ ਦਾ ਰੌਲਾ। ਜੰਗਲ ਦੇ ਰਾਜੇ ਨੇ ਸੱਪ ਨੂੰ ਟਿਕਟ ਦੇ ਦਿੱਤੀ। ਇਹ ਗੱਲ ਜਦੋਂ ਹੀ ਲੂੰਬੜ ਨੂੰ ਪਤਾ ਲੱਗੀ, ਉਹ ਰਾਜਾ ਜੀ ਕੋਲ ਗਿਆ ਤੇ ਜਾ ਕੇ ਕਹਿਣ ਲੱਗਾ, “ਜਨਾਬ ਤੁਸੀਂ ਸਾਨੂੰ ਛੱਡ ਕੇ ਸੱਪ ਨੂੰ ਟਿਕਟ, ਗੱਲ ਸਮਝ ਨਹੀਂ ਪਈ।”

“ਉਏ ਕਮਲਿਆ, ਮੇਰੀ ਐਂਟੀ ਪਾਰਟੀ ਦੇ ਰਾਜੇ ਨਾਲ ਗੱਲ ਹੋ ਗਈ ਤੇ ਨਿਉਲੇ ਨੂੰ ਟਿਕਟ ਦਿਵਾ ਦਿੱਤੀ ਆ, ਸੱਪ ਨੂੰ ਮਰਵਾਉਣ ਲਈ, ਬਸ ਤੂੰ ਮੱਛੀਆਂ ਦਾ ਪ੍ਰਬੰਧ ਕਰ।”

ਪਰ ਜਨਾਬ ਮੱਛੀਆਂ ਕੀ ਕਰਨੀਆਂ ਨੇ......? ਲੂੰਬੜ ਜੀ ਬੋਲੇ।

“ਉਏ ਇਹ ਸਿਆਸਤ ਤੂੰ ਨਈਂ ਸਮਝ ਸਕਦਾ, ਮੱਛੀਆਂ ਇਸ ਲਈ ਚਾਹੀਦੀਆਂ ਨੇ, ਬਸ ਤੂੰ ਨਿਉਲੇ ਦੇ ਘਰ ਤੋਂ ਸੱਪ ਦੀ ਖੁੱਡ ਤੱਕ ਮੱਛੀਆਂ ਦੀ ਲਾਈਨ ਲਾਅ ਦਿਉ, ਨਿਉਲਾ ਆਪੇ ਸੱਪ ਦੀ ਖੁੱਡ ਲੱਭ ਲਵੇਗਾ।” ਜੰਗਲ ਦੇ ਰਾਜੇ ਨੇ ਵਿਸਤਾਰ ਨਾਲ ਦੱਸਿਆ ਤੇ ਰਾਜਾ ਜੀ ਦੀ ਗੱਲ ’ਤੇ ਲੂੰਬੜ ਜੀ ਨੇ ਪੂਰਾ ਅਮਲ ਕੀਤਾ।

# ਰਸੂਲ ਦਾ ਅਵਾਰੀ ਦਾਗ਼ਿਸਤਾਨ ਅਤੇ ਮੇਰਾ ਪੰਜਾਬੀ ਪੰਜਾਬੀਸਤਾਨ: ਇੱਕ ਹੱਥ ਵਿਚ ਤਿੰਨ ਹਦਵਾਣੇ

-ਸੰਜੀਵ ਝਾਂਜੀ
ਜਗਰਾਉਂ।
ਮੋਬਾਇਲ: 80040-10000
(Punjab Mail USA)



ਰੂਸ ਦੇ ਦਾਗ਼ਿਸਤਾਨ ਖਿੱਤੇ ਦੀ ਅਵਾਰ ਬੋਲੀ ਦੇ ਇੱਕ ਮਸ਼ਹੂਰ ਲੇਖਕ, ਵਿਚਾਰਕ 'ਤੇ ਕਵੀ ਹੋਏ ਹਨ ਰਸੂਲ ਹਮਜ਼ਾਤੋਵ। ਉਹ ਅਵਾਰ ਬੋਲੀ 'ਚ ਜ਼ਿਆਦਾ ਲਿਖਦੇ ਰਹੇ ਹਨ। ਉਨ੍ਹਾਂ ਦੀ ਇੱਕ ਬੜੀ ਹੀ ਮਕਬੂਲ ਪੜ੍ਹਨਯੋਗ ਕਿਤਾਬ ਹੈ, ਮੇਰਾ ਦਾਗ਼ਿਸਤਾਨ। ਇਸ 'ਚ ਉਨ੍ਹਾਂ ਦਾ ਆਪਣੀ ਮਾਂ-ਬੋਲੀ ਪ੍ਰਤੀ ਪਿਆਰ ਸਾਫ਼ ਝਲਕਦਾ ਹੈ। ਮਾਂ-ਬੋਲੀ ਵਿਹੂਣੇ ਲੋਕਾਂ ਨੂੰ ਉਹ ਇੰਨੀ ਸਫ਼ਾਈ ਨਾਲ ਦੁਰਕਾਰਦੇ ਹਨ, ਜਾਂ ਇੰਞ ਕਹਿ ਲਓ ਕਿ ਗਾਲਾਂ ਕੱਢਦੇ ਹਨ ਕਿ ਸੁਣਨ ਵਾਲਾ ਸੁਣੀ ਵੀ ਜਾਂਦਾ, ਹੱਸੀ ਵੀ ਜਾਂਦਾ ਤੇ ਵਾਹ-ਵਾਹ ਵੀ ਕਰੀ ਜਾਂਦਾ। ਹਾਲਾਂਕਿ ਗਾਲ੍ਹਾਂ ਉਸ ਨੂੰ ਹੀ ਸੁਣਾਈਆਂ ਜਾ ਰਹੀਆਂ ਹੁੰਦੀਆਂ ਹਨ। ਉਨ੍ਹਾਂ ਦੀ ਗਾਲ੍ਹਾਂ ਦੀ ਵੰਨਗੀ ਦੇਖੋ। ਅੱਲਾ ਕਰੇ ਤੇਰੇ ਬੱਚੇ ਉਸ ਬੋਲੀ ਤੋਂ ਵਾਂਝੇ ਰਹਿਣ, ਜਿਹੜੀ ਉਨ੍ਹਾਂ ਦੀ ਮਾਂ ਬੋਲਦੀ ਹੈ। ਜਾਂ ਅੱਲਾ ਕਰੇ ਤੇਰੇ ਬੱਚਿਆਂ ਨੂੰ ਉਨ੍ਹਾਂ ਦੀ ਬੋਲੀ ਸਿਖਾਉਣ ਵਾਲੀ ਨਾ ਰਹੇ।

ਮਾਂ-ਬੋਲੀ ਦਾ ਰਿਸ਼ਤਾ ਜਨਮ ਨਾਲ ਹੁੰਦਾ ਹੈ, ਭਾਵਨਾਵਾਂ ਨਾਲ ਹੁੰਦਾ ਹੈ, ਸੁਪਨਿਆਂ ਨਾਲ ਹੁੰਦਾ ਹੈ। ਇਸ ਸੰਬੰਧੀ ਡਾ. ਟੀ.ਆਰ. ਸ਼ਰਮਾ ਕਹਿੰਦੇ ਹਨ ਕਿ ਮਾਂ-ਬੋਲੀ ਰਾਹੀਂ ਬੱਚੇ ਆਪਣੇ ਵਿਚਾਰਾਂ, ਆਪਣੀਆਂ ਲੋੜਾਂ, ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਦੇ ਹਨ। ਸਿਰਜਣਾਤਮਿਕਤਾ, ਮੌਲਿਕਤਾ ਦੀ ਗਵਾਹੀ ਦਿੰਦੇ ਹਨ। ਹੋਰਨਾਂ ਦੀਆਂ ਸੁਣਦੇ ਹਨ ਤੇ ਆਪਣੀਆਂ ਸੁਣਾਉਂਦੇ ਹਨ ਅਤੇ ਆਪਣਾ ਮਾਨਸਿਕ, ਸਮਾਜਿਕ 'ਤੇ ਭਾਵਾਤਮਿਕ ਵਿਕਾਸ ਕਰਦੇ ਹਨ।

ਇੱਕ ਥਾਂ 'ਤੇ ਮਾਂ-ਬੋਲੀ ਦੇ ਪਿਆਰ ਪ੍ਰਤੀ ਹਮਜ਼ਾਤੋਵ ਲਿਖਦੇ ਹਨ ਕਿ ਉਨ੍ਹਾਂ ਦੇ ਪਿਤਾ ਕੋਲ ਨੇੜਲੇ ਖਿੱਤੇ ਦੇ ਕੁਝ ਨੌਜਵਾਨ ਆਏ ਤੇ ਦੱਸਣ ਲੱਗੇ ਕਿ ਉਨ੍ਹਾਂ ਨੇ ਇੱਕ ਗਾਇਕ ਦਾ ਕੁਟਾਪਾ ਚਾੜ੍ਹ ਦਿੱਤਾ ਹੈ। ਪਿਤਾ ਵੱਲੋਂ ਕੁੱਟਣ ਦਾ ਕਾਰਨ ਪੁੱਛਣ 'ਤੇ ਉਨ੍ਹਾਂ ਨੇ ਦੱਸਿਆ ਕਿ ਉਹ ਗਾਉਣ ਲੱਗੇ ਜ਼ਿਆਦਾ ਫੂਕਾਂ ਭਰਦਾ ਸੀ। ਜਾਣਬੁੱਝ ਕੇ ਖੰਘਦਾ ਸੀ। ਉਸ ਨੇ ਗਾਣੇ ਦਾ ਹੀ ਕਬਾੜਾ ਕਰ ਕੇ ਰੱਖ ਦਿੱਤਾ। ਇਸ ਲਈ ਅਸੀਂ ਉਸ ਦਾ ਕੁਟਾਪਾ ਚਾੜ੍ਹਿਆ। ਇਹ ਉਨ੍ਹਾਂ ਲੋਕਾਂ ਦਾ ਆਪਣੀ ਮਾਂ-ਬੋਲੀ ਪ੍ਰਤੀ ਪਿਆਰ ਹੀ ਹੈ।

ਇੱਕ ਲਿਖਤ ਵਿਚ ਉਹ ਆਖਦੇ ਹਨ ਕਿ 1939 ਵਿਚ ਉਸਦੇ ਪਿਤਾ ਨੂੰ ਮਾਸਕੋ ਵਿਖੇ ਇੱਕ ਸਮਾਗਮ ਵਿਚ ਸਨਮਾਨਿਤ ਕਰਨ ਲਈ ਬੁਲਾਇਆ ਗਿਆ ਸੀ। ਉੱਥੋਂ ਆ ਕੇ ਆਪਣੇ ਪਿੰਡ ਦੀ ਸਭਾ ਵਿਚ ਜਦੋਂ ਉਨ੍ਹਾਂ ਤੋਂ ਇਸ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਮੇਰੇ ਲਈ ਸਭ ਤੋਂ ਯਾਦਗਾਰੀ ਚੀਜ਼ ਇਹ ਸੀ ਕਿ ਸਮਾਗਮ ਦੇ ਪ੍ਰਧਾਨ ਨੇ ਮੇਰਾ ਨਾਮ ਰੂਸੀ ਭਾਸਾ 'ਚ ਨਹੀਂ, ਸਗੋਂ ਮੇਰੀ ਮਾਂ-ਬੋਲੀ ਅਵਾਰ ਵਿਚ ਬੋਲਿਆ।

ਇਵੇਂ ਹੀ ਇਕ ਹੋਰ ਥਾਂ 'ਤੇ ਉਹ ਲਿਖਦੇ ਹਨ ਕਿ ਮੈਂ ਇੱਕ ਲੇਖਕ ਪ੍ਰਤੀਨਿਧੀ ਮੰਡਲ ਵਿਚ ਪੋਲੈਂਡ ਗਿਆ। ਸਵੇਰੇ ਮੇਰੇ ਦਰਵਾਜ਼ੇ ਨੂੰ ਕਿਸੇ ਨੇ ਖੜਕਾਇਆ ਤੇ ਉਸ ਉਪਰੇ ਬੰਦੇ ਨੇ ਸ਼ਾਨਦਾਰ ਆਵਾਜ਼ ਵਿਚ ਕਿਹਾ, ਹਮਜ਼ਾਤੀਲ ਰਸੂਲ ਏਥੇ ਰਹਿੰਦੇ ਹਨ? ਇਹ ਮੇਰਾ ਨਾਂ ਸੀ ਅਤੇ ਮੇਰੀ ਮਾਂ-ਬੋਲੀ ਅਵਾਰ ਵਿਚ ਬੋਲਿਆ ਗਿਆ ਸੀ। ਇਹ ਮੇਰੇ ਲਈ ਸਭ ਤੋਂ ਖੁਸ਼ੀ ਦੇ ਪਲ ਸਨ।

ਲੇਖਕ ਦਾ ਇਹ ਸਾਰਾ ਕੁਝ ਲਿਖਣ-ਦੱਸਣ ਦਾ ਮਕਸਦ ਸਿਰਫ ਆਪਣੀ ਮਾਂ-ਬੋਲੀ ਦੀ ਅਹਮੀਅਤ ਅਤੇ ਸਰਵ-ਉੱਚਤਾ ਬਾਰੇ ਦੱਸਣਾ ਹੀ ਹੈ। ਬਕੌਲ ਰਸੂਲ ਕੁਝ ਲੋਕ ਆਪਣੇ ਖਿੱਤੇ ਛੱਡ ਕੇ ਸ਼ਹਿਰਾਂ 'ਚ ਚਲੇ ਗਏ ਹਨ। ਉਹ ਇਸ ਨੂੰ ਗਲਤ ਵੀ ਨਹੀਂ ਮੰਨਦਾ ਅਤੇ ਆਖਦਾ ਹੈ ਕਿ ਬੋਟ ਵੀ ਉਦੋਂ ਤੱਕ ਹੀ ਆਲ੍ਹਣੇ 'ਚ ਰਹਿੰਦੇ ਹਨ, ਜਦੋਂ ਤੱਕ ਉਨ੍ਹਾਂ ਦੇ ਖੰਭ ਨਹੀਂ ਆ ਜਾਂਦੇ। ਪਰ ਲੇਖਕ ਉਨ੍ਹਾਂ ਨੂੰ ਮਾੜਾ ਸਮਝਦਾ ਹੈ, ਜਿਹੜੇ ਆਪਣਾ ਖਿੱਤਾ ਛੱਡ ਕੇ ਕਿਤੇ ਦੂਰ ਚਲੇ ਗਏ ਅਤੇ ਆਪਣੀ ਬੋਲੀ ਛੱਡ ਕੇ ਦੂਜੀਆਂ ਬੋਲੀਆਂ ਬੋਲ ਹੱਥ 'ਚ ਦੋ ਹਦਵਾਣੇ ਫੜਨ ਦੀ ਕੋਸ਼ਿਸ਼ ਕਰਦੇ ਹਨ।

ਆਪਣੇ ਲੋਕਾਂ ਨਾਲ ਵੀ ਲਗਭਗ ਇਹੋ ਜਿਹਾ ਹੀ ਹੈ। ਜਿਹੜੇ ਲੋਕ ਦੂਰ ਗਏ ਹਨ, ਅਸੀਂ ਉਨ੍ਹਾਂ ਦੀ ਗੱਲ ਨਹੀਂ ਕਰਦੇ। ਬਾਅਦ ਵਿਚ ਕਰਾਂਗੇ। ਪਹਿਲਾਂ ਅਸੀਂ ਉਨ੍ਹਾਂ ਦੀ ਗੱਲ ਕਰਦੇ ਹਾਂ ਜਿਹੜੇ ਏਥੇ ਹੀ ਹਨ ਪੰਜਾਬੀਸਤਾਨ (ਪੰਜਾਬੀ ਬੋਲੀ ਬੋਲਣ ਵਾਲੇ ਖੇਤਰ) ਵਿਚ ਆਪਣੀ ਜਨਮ ਭੂਮੀ ਦੇ ਉੱਤੇ। ਪਰ ਇਹ ਲੋਕ ਅਖੌਤੀ ਅਗਾਂਹਵਧੂ ਬਣ ਗਏ ਹਨ। ਇਹ ਇੱਕ ਹੱਥ ਵਿਚ ਦੋ ਨਹੀਂ, ਸਗੋਂ ਤਿੰਨ ਮਤੀਰੇ ਫੜਨ ਦੀ ਕੋਸ਼ਿਸ਼ ਕਰ ਰਹੇ ਹਨ, ਉਹ ਵੀ ਵੱਡੇ-ਵੱਡੇ। ਆਪਣੀ ਮਾਂ ਬੋਲੀ ਛੱਡ ਕੇ ਪਹਿਲਾਂ ਤਾਂ ਇਹ ਹਿੰਦੀ 'ਚ ਗੱਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਬੱਚਿਆਂ ਨੂੰ ਵੀ ਸਿਖਾਉਂਦੇ ਹਨ। ਘਰਾਂ ਵਿਚ ਉਨ੍ਹਾਂ ਨੂੰ ਬੋਲਣ ਲਈ ਮਜਬੂਰ ਵੀ ਕਰਦੇ ਹਨ ਅਤੇ ਖੁਦ ਵੀ ਬੋਲਦੇ ਹਨ। ਤੀਜਾ ਮਤੀਰਾ ਉਸੇ ਹੱਥ ਵਿਚ ਇਹ ਅੰਗਰੇਜ਼ੀ ਵਾਲਾ ਫੜਨ ਦੀ ਕੋਸ਼ਿਸ਼ ਕਰਦੇ ਹਨ। ਕਹਿੰਦੇ ਇੰਟਰਨੈਸ਼ਨਲ ਭਾਸ਼ਾ ਹੈ। ਜ਼ਰੂਰੀ ਆਉਣੀ ਚਾਹੀਦੀ ਹੈ। ਆਪਣੇ ਬੱਚਿਆਂ ਨੂੰ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਾਉਂਦੇ ਹਨ। ਅਜਿਹੇ ਅੰਗਰੇਜ਼ੀ 'ਚ ਜਿੱਥੇ ਉਨ੍ਹਾਂ ਦੀ ਮਾਂ-ਬੋਲੀ ਬੋਲਣ ਦੀ ਮਨਾਹੀ ਹੁੰਦੀ ਹੈ। ਜ਼ੁਰਮਾਨਾ ਲੱਗਦਾ ਹੈ। ਪਰ ਇਹ ਲੋਕ ਇਸ ਗੱਲ 'ਚ ਸ਼ਾਨ ਸਮਝਦੇ ਹਨ ਕਿ ਸਾਡਾ ਬੱਚਾ ਅੰਗਰੇਜ਼ੀ ਬੋਲਦਾ ਹੈ। ਲਾਟ (ਲਾਰਡ) ਸਾਹਿਬ ਬਣ ਗਿਆ ਹੈ। ਇਨ੍ਹਾਂ ਦੇ ਬੱਚਿਆਂ ਦਾ ਹਾਲ ਉਹ ਹੁੰਦਾ ਹੈ ਧੋਬੀ ਦੇ ਕੁੱਤੇ ਵਰਗਾ, ਨਾ ਘਰ ਦਾ ਅਤੇ ਨਾ ਹੀ ਘਾਟ ਦਾ। ਇਹ ਸਿਰਫ ਮਾਂ-ਬੋਲੀ ਦੇ ਸੰਬੰਧ ਵਿਚ ਹੀ ਹੈ ਕਿਉਂਕਿ ਇਨ੍ਹਾਂ ਦੇ ਬੱਚਿਆਂ ਦੀ ਪਕਾਅਵਟ (ਪਰਿਪੱਕਤਾ) ਨਾਂ ਹਿੰਦੀ ਵਿਚ ਹੁੰਦੀ ਹੈ ਅਤੇ ਨਾ ਹੀ ਅੰਗਰੇਜ਼ੀ ਵਿਚ। ਆਪਣੀ ਮਾਂ-ਬੋਲੀ ਜਿਹੜੀ ਇਨ੍ਹਾਂ ਨੂੰ ਪੂਰੀ ਤਰ੍ਹਾਂ ਆਉਣੀ ਚਾਹੀਦੀ ਹੁੰਦੀ ਹੈ। ਉਸ ਦੀ ਸ਼ਬਦਾਵਲੀ ਦੀ ਵੀ ਘਾਟ ਹੀ ਹੁੰਦੀ ਹੈ। ਬਹੁਤ ਸਾਰੇ ਲੋਕ ਇਹ ਤਰਕ ਦਿੰਦੇ ਹਨ ਕਿ ਬਾਹਰ ਜਾ ਕੇ ਅੰਗਰੇਜ਼ੀ ਸਿੱਖਣੀ ਹੀ ਪੈਂਦੀ ਹੈ। ਜ਼ਰੂਰੀ ਹੈ। ਪਰ ਮੈਂ ਕਦੇ ਵੀ ਯੂ.ਪੀ. ਬਿਹਾਰ ਤੋਂ ਆਏ ਭਈਆਂ ਨੂੰ ਜਾਂ ਬੰਗਾਲੀਆਂ ਨੂੰ ਇਥੇ ਆ ਕੇ ਪੰਜਾਬੀ ਸਿੱਖਦੇ ਨਹੀਂ ਦੇਖਿਆ। ਉਹ ਜਾਂ ਤਾਂ ਆਪਣੀ ਭਾਸ਼ਾ ਵਿਚ ਹੀ ਗੱਲ ਕਰ ਰਹੇ ਹੁੰਦੇ ਹਨ ਤੇ ਜਾਂ ਫਿਰ ਕੋਈ ਪੰਜਾਬੀ ਉਨ੍ਹਾਂ ਨੂੰ ਹਿੰਦੀ ਵਿਚ ਸਮਝਾ ਰਿਹਾ ਹੁੰਦਾ ਹੈ। ਆਪਣੀ ਮਾਂ ਬੋਲੀ ਨੂੰ ਵਿਸਾਰ ਕੇ ਦੂਜੀਆਂ ਬੋਲੀਆਂ ਸਿੱਖਣ ਵਾਲੇ ਜਾਂ ਸਿੱਖਣ ਦੀ ਕੋਸ਼ਿਸ਼ ਕਰਨ ਵਾਲੇ ਲੋਕ ਕੋਈ ਵੀ ਚੀਜ ਉਸ ਤਰ੍ਹਾਂ ਕਰਨ ਤੋਂ ਅਸਮਰੱਥ ਹੁੰਦੇ ਹਨ, ਜਿਸ ਤਰ੍ਹਾਂ ਅਸਲ ਵਿਚ ਉਹ ਕੀਤੀ ਜਾਣੀ ਚਾਹੀਦੀ ਹੈ। ਇਹ ਲੋਕ ਇਸ ਕਹਾਵਤ ਨੂੰ ਸਹੀ ਕਰਦੇ ਹਨ ਕਿ ਕਾਂ ਚਲਿਆ ਹੰਸ ਦੀ ਚਾਲ ਆਪਣੀ ਚਾਲ ਵੀ ਭੁੱਲ ਗਿਆ।

ਰਸੂਲ ਹਮਜ਼ਾਤੋਵ ਅਨੁਸਾਰ ਆਪਣੀ ਮਾਂ ਬੋਲੀ ਨੂੰ ਗਰੀਬ ਅਤੇ ਮਾਮੂਲੀ ਸਮਝਣ ਵਾਲੇ ਜਦੋਂ ਕਿਸੇ ਹੋਰ ਬੋਲੀ ਦੀ ਭਾਲ ਵਿਚ ਤੁਰ ਪੈਂਦੇ ਹਨ, ਤਾਂ ਉਨ੍ਹਾਂ ਦਾ ਹਸ਼ਰ ਉਹੀ ਹੋਇਆ ਕਰਦਾ ਹੈ, ਜੋ ਇਕ ਅਵਾਰੀ ਕਥਾ ਵਿਚ ਬੱਕਰੇ ਦਾ ਹੋਇਆ ਸੀ। ਭੇਡੀਏ ਦੀ ਪੂੰਛ ਲੈਣ ਤੁਰ ਪਿਆ ਪਰ ਆਪਣਾ ਸਿੰਗ ਵੀ ਗੁਆ ਆਇਆ।

ਇਨ੍ਹਾਂ ਲੋਕਾਂ ਦਾ ਉਹ ਹਾਲ ਹੁੰਦਾ ਹੈ ਕਿ ਇਹ ਤੈਰ ਸਕਦੇ ਹਨ, ਚੁੱਭੀਆਂ ਲਗਾ ਸਕਦੇ ਹਨ ਪਰ ਮੱਛੀਆਂ ਵਾਂਙ ਨਹੀਂ। ਇਹ ਉੱਡ ਤਾਂ ਸਕਦੇ ਹਨ ਪਰ ਆਕਾਸ਼ ਵਿਚ ਉੱਡਦੇ ਆਜ਼ਾਦ ਪੰਛੀਆਂ ਵਾਂਙ ਨਹੀਂ। ਇਹ ਗਾ ਵੀ ਸਕਦੇ ਹਨ ਪਰ ਕੋਇਲ ਵਾਂਙਰਾਂ ਨਹੀਂ।

ਇਸ ਗੱਲ ਨੂੰ ਸਹੀ ਕਰਦੇ ਹੋਏ ਰਸੂਲ ਸਾਹਿਬ ਇਕ ਹੋਰ ਥਾਂ 'ਤੇ ਲਿਖਦੇ ਹਨ ਕਿ ਦਾਗ਼ਿਸਤਾਨੀ ਲੋਕ ਦਸ ਬੋਲੀਆਂ ਵਿਚ ਕਿਤਾਬਾਂ ਲਿਖਦੇ ਹਨ। ਨੌਂ ਵਿਚ ਉਨ੍ਹਾਂ ਨੂੰ ਛਪਵਾਉਂਦੇ ਹਨ। ਦਸਵੀਂ ਬੋਲੀ ਅਸਲ 'ਚ ਉਨ੍ਹਾਂ ਲੋਕਾਂ ਦੀ ਹੈ, ਜਿਹੜੇ ਆਪਣੀ ਮਾਂ ਬੋਲੀ ਭੁੱਲ ਚੁੱਕੇ ਹਨ ਪਰ ਹਾਲੇ ਤੱਕ ਉਨ੍ਹਾਂ ਨੇ ਦੂਜੀ ਕੋਈ ਭਾਸ਼ਾ ਪੂਰੀ ਤਰ੍ਹਾਂ ਨਹੀਂ ਸਿੱਖੀ। ਉਹੀ, ਨਾ ਖੁਦਾ ਮਿਲਾ ਨਾ ਵਿਸਾਲ-ਏ-ਸਨਮ, ਨਾ ਇਧਰ ਕੇ ਰਹੇ ਨਾ ਉਧਰ ਕੇ ਹਮ।

ਉਨ੍ਹਾਂ ਨੂੰ ਸਲਾਹ ਦਿੰਦੇ ਹੋਏ ਉਹ ਕਹਿੰਦੇ ਹਨ ਕਿ ਤੁਸੀਂ ਆਪਣੀ ਮਾਂ ਬੋਲੀ ਵਿਚ ਲਿਖੋ। ਜਿਸ ਨੂੰ ਤੁਸੀਂ ਪੂਰੀ ਤਰ੍ਹਾਂ ਸਮਝਦੇ ਹੋ ਜਾਂ ਤੁਸੀਂ ਉਸ ਭਾਸ਼ਾ 'ਚ ਲਿਖੋ, ਜਿਸ ਨੂੰ ਤੁਸੀਂ ਪੂਰੀ ਤਰ੍ਹਾਂ ਸਿੱਖ ਗਏ ਹੋ। ਪਰ ਤੁਸੀਂ ਦਸਵੀਂ ਬੋਲੀ 'ਚ ਨਾ ਲਿਖੋ। ਸਾਡੇ ਪੰਜਾਬੀਸਤਾਨ ਦੇ ਲੋਕ ਵੀ ਅਜਿਹਾ ਹੀ ਕਰਦੇ ਹਨ। ਉਨ੍ਹਾਂ ਦੀ ਬੋਲੀ ਵਿਚ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਦਾ ਸੰਗਮ ਹੋਇਆ ਹੁੰਦਾ ਹੈ। ਖ਼ਬਰਾਂ ਸੁਣ ਲਓ, ਅਖ਼ਬਾਰ-ਰਸਾਲੇ ਵੇਖ ਲਓ। ਹੋਰ ਬੋਲੀਆਂ ਦੇ ਸ਼ਬਦ ਜ਼ਿਆਦਾ ਮਿਲੇ ਹੋਏ ਹੁੰਦੇ ਹਨ ਇਨ੍ਹਾਂ 'ਚ। ਆਪਣੇ ਲੋਕ ਵੀ ਵਾਕ ਅੰਗਰੇਜ਼ੀ ਤੋਂ ਸ਼ੁਰੂ ਕਰਦੇ ਹਨ, ਹਿੰਦੀ ਬੋਲਦੇ ਜਾਂਦੇ ਹਨ ਤੇ ਜਦੋਂ ਉਨ੍ਹਾਂ ਨੂੰ ਅੰਦਰੋਂ ਫੁਰਨਾ ਨਹੀਂ ਫੁਰਦਾ (ਕੁਝ ਕਹਿ ਨਹੀਂ ਹੁੰਦਾ ਜਾਂ ਇਹ ਕਹਿ ਲਓ ਕਿ ਵਿਚਾਰਾਂ ਦਾ ਪ੍ਰਗਟਾਅ ਸਹੀ ਤਰੀਕੇ ਨਾਲ ਨਹੀਂ ਹੁੰਦਾ) ਤਾਂ ਫਿਰ ਪੰਜਾਬੀ 'ਤੇ ਆ ਜਾਂਦੇ ਹਨ। ਮਤਲਬ ਇਹ ਹੈ ਹਿੰਦੀ ਬੋਲਦੇ ਹਨ, ਪੰਜਾਬੀ ਬੋਲਦੇ ਹਨ ਅਤੇ ਅੰਗਰੇਜ਼ੀ ਬੋਲਦੇ ਹਨ ਜਾਂ ਇੰਞ ਵੀ ਕਿਹਾ ਜਾ ਸਕਦਾ ਹੈ ਕਿ ਪੂਰੀ ਤਰ੍ਹਾਂ ਨਾ ਹਿੰਦੀ ਆਉਂਦੀ ਹੈ, ਨਾ ਪੰਜਾਬੀ ਆਉਂਦੀ ਹੈ ਅਤੇ ਨਾ ਹੀ ਅੰਗਰੇਜ਼ੀ।

ਡਾ. ਤ੍ਰਿਲੋਕ ਸਿੰਘ ਅਨੰਦ ਇਸ ਸੰਬੰਧੀ ਕਹਿੰਦੇ ਹਨ ਕਿ ਅਸਲ ਵਿਚ ਮਾਂ-ਬੋਲੀ ਮਨੁੱਖ ਦੀ ਪਛਾਣ ਹੈ। ਉਸ ਦੀ ਹੋਂਦ ਅਤੇ ਉਸ ਦੇ ਜੀਉਂਦੇ ਰਹਿਣ ਦੀ ਗਵਾਹੀ ਹੈ। ਜਿਸ ਬੋਲੀ ਰਾਹੀਂ ਸਾਡੇ 'ਚ ਸਾਡੀ ਮਾਂ-ਬੋਲੀ ਹੈ। ਇਹੋ ਜ਼ੁਬਾਨ ਮਨੁੱਖ ਦੇ ਜਨਮ ਤੋਂ ਲੈ ਕੇ ਮੌਤ ਤੱਕ ਨਾਲ ਵਿਚਰਦੀ ਹੈ। ਮਨੁੱਖ ਮਾਂ-ਬੋਲੀ 'ਚ ਹੀ ਆਪਣੇ ਅਤਿ ਸੂਖਮ, ਮੁੱਢਲੇ, ਹਾਰਦਿਕ ਵਲਵਲਿਆਂ ਜਜ਼ਬਾਤਾਂ ਅਤੇ ਅਹਿਸਾਸਾਂ ਦਾ ਪ੍ਰਗਟਾਵਾ ਕਰਦਾ ਹੈ।

ਜੇਕਰ ਤੁਹਾਡੀ ਬੋਲੀ ਦੀ ਜੜ੍ਹ ਪੁਰਾਤਨ ਹੋਵੇਗੀ, ਤਾਂ ਹੀ ਇਹ ਵਰਤੋਂਯੋਗ ਹੋਵੇਗੀ। ਆਪਣੀ ਬੋਲੀ ਪੰਜਾਬੀ, ਪੂਰੀ ਤਰ੍ਹਾਂ ਪੁਰਾਤਨ ਹੈ। ਹਰ ਗੱਲ ਸਮਝਾਉਣ ਦੇ ਯੋਗ ਹੈ। ਤੁਸੀਂ ਹਰ ਗੱਲ ਦੂਜੇ ਤੱਕ ਰੱਖ ਸਕਦੇ ਹੋ। ਅੰਗਰੇਜ਼ਾਂ ਦੀ ਬੋਲੀ ਵਾਂਙ ਇਸ ਵਿਚ ਗੂੰਗੇ (ਸਾਈਲੈਂਟ) ਅੱਖਰ ਵੀ ਨਹੀਂ ਹਨ ਅਤੇ ਨਾ ਹੀ ਹਿੰਦੀ ਵਾਂਗ ਕੁਝ ਅੱਧੇ ਅਧੂਰੇ ਹਨ। ਅੱਖਰਾਂ ਦੀ ਗਿਣਤੀ ਵੀ ਕੋਈ ਜ਼ਿਆਦਾ ਨਹੀਂ ਹੈ। ਸਿਰਫ ਪੈਂਤੀ ਤੇ ਛੇ। ਆਲੋਚਕ ਆਖ ਦਿੰਦੇ ਹਨ ਕਿ ਇਸ ਨੇ ਬਹੁਤ ਸਾਰੇ ਦੂਜੀਆਂ ਭਾਸਾਵਾਂ ਦੇ ਸ਼ਬਦ ਜਜ਼ਬ ਕੀਤੇ ਹੋਏ ਹਨ। ਅਸਲ 'ਚ ਪੰਜਾਬੀ ਬੋਲੀ ਬਹੁਤ ਅਮੀਰ ਹੈ। ਪਰ ਸਮੇਂ ਦੀ ਮਾਰ ਨਾਲ ਸਾਡੇ ਵੱਲੋਂ ਅੰਗਰੇਜ਼ ਬਣਨ ਦੀ ਕੋਸ਼ਿਸ਼ ਕਰਨ ਨਾਲ, ਆਪਣੇ ਬੱਚਿਆਂ ਨੂੰ ਲਾਟ (ਲਾਰਡ) ਸਾਹਿਬ ਬਣਾਉਣ ਲਈ ਅੰਗਰੇਜੀ ਸਕੂਲਾਂ 'ਚ ਪੜ੍ਹਾਉਣ ਦੀ ਕਾਰਨ ਸਾਡੀ ਬੋਲੀ 'ਚੋਂ ਕੁਝ ਸ਼ਬਦ ਗੁੰਮ ਗਏ ਹਨ ਅਤੇ ਉਨ੍ਹਾਂ ਦੀ ਥਾਂ 'ਤੇ ਕੁਝ ਨਵੇਂ ਦੂਜੀਆਂ ਭਾਸ਼ਾਵਾਂ ਦੇ ਸ਼ਬਦ ਆ ਗਏ ਹਨ। ਇਹ ਸਥਿਤੀ ਉਹੋ ਜਿਹੀ ਹੀ ਹੈ ਕਿ ਸਾਡੇ ਪੰਜਾਬੀ ਬਾਹਰ ਚਲੇ ਗਏ ਹਨ ਅਤੇ ਉਨ੍ਹਾਂ ਦੀ ਥਾਂ 'ਤੇ ਕੁਝ ਹੋਰ ਭਾਸ਼ਾਈ ਲੋਕ ਆ ਗਏ ਹਨ, ਥਾਂ ਜੋ ਪੂਰੀ ਕਰਨੀ ਹੋਈ ਆਖਿਰ। ਧਰਤੀ 'ਤੇ ਵਾਯੂਮੰਡਲ ਹੈ, ਖਲਾਅ ਥੋੜ੍ਹੀ ਹੈ? ਇੱਕ ਜਗ੍ਹਾ ਨੂੰ ਖਾਲੀ ਹੋਣ 'ਤੇ ਪੂਰਾ ਕਰਨ ਲਈ ਦੂਜੀ ਥਾਂ ਤੋਂ ਜੇ ਲੋਕ ਆ ਸਕਦੇ ਹਨ ਤਾਂ ਦੂਜੀਆਂ ਭਾਸ਼ਾਵਾਂ ਤੋਂ ਸ਼ਬਦ ਵੀ ਆ ਹੀ ਜਾਂਦੇ ਹਨ। ਪਰ ਜੇ ਅਸੀਂ ਬਾਹਰ ਵੱਲ ਨੂੰ ਜਾਵਾਂਗੇ ਹੀ ਨਹੀਂ, ਤਾਂ ਦੂਜੇ ਸਾਡੀ ਥਾਂ ਮਲਕਣ ਲਈ ਕਿਵੇਂ ਆਉਣਗੇ? ਜਾਂ ਇੰਞ ਕਹਿ ਲਵੋ, ਜੇ ਅਸੀਂ ਆਪਣੀ ਬੋਲੀ ਨੂੰ ਭੁੱਲਾਂਗੇ ਹੀ ਨਹੀਂ, ਤਾਂ ਦੂਜੀਆਂ ਬੋਲੀਆਂ ਦੇ ਸ਼ਬਦ ਸਾਡੀ ਜ਼ੁਬਾਨ 'ਚ ਕਿਸ ਤਰ੍ਹਾਂ ਘੁਸਪੈਠ ਕਰਨਗੇ। ਸਾਡੀ ਕੋਸ਼ਿਸ਼ ਦੂਜੀਆਂ ਭਾਸ਼ਾਵਾਂ ਨੂੰ ਸਿੱਖਣ ਦੀ ਹੋਈ ਹੋਈ ਹੈ। ਕੋਈ ਮਾੜੀ ਗੱਲ ਨਹੀਂ। ਕੋਈ ਨਵੀਂ ਬੋਲੀ ਸਿੱਖਣਾ ਬਿਲਕੁਲ ਵੀ ਮਾੜਾ ਨਹੀਂ ਹੈ ਪਰ ਜੇ ਇਹ ਸਿਖਲਾਈ ਆਪਣੀ ਮਾਂ-ਬੋਲੀ ਦੀ ਕੀਮਤ 'ਤੇ ਹੋਵੇ, ਤਾਂ ਇਸ ਤੋਂ ਮਾੜੀ ਗੱਲ ਵੀ ਕੋਈ ਨਹੀਂ। ਅਸੀਂ ਦੂਜੀਆਂ ਭਾਸ਼ਾਵਾਂ ਸਿੱਖ ਤਾਂ ਰਹੇ ਹਾਂ ਪਰ ਆਪਣੀ ਮਾਂ-ਬੋਲੀ ਦੀ ਸ਼ਬਦਾਵਲੀ ਸਾਡੇ ਤੋਂ ਵਿਸਰ ਰਹੀ ਹੈ। ਇਹੀ ਵਿਸਰੇ ਹੋਏ ਸ਼ਬਦ ਦੂਜੀਆਂ ਬੋਲੀਆਂ ਦੇ ਸ਼ਬਦਾਂ ਨੂੰ ਸਾਡੀ ਬੋਲੀ 'ਚ ਰਲਗੱਡ ਕਰ ਰਹੇ ਹਨ।

ਇਸ ਲਈ ਆਓ ਆਪਣੀ ਮਾਂ-ਬੋਲੀ ਨੂੰ ਬਣਦਾ ਮਾਨ-ਸਨਮਾਨ ਅਤੇ ਸਤਿਕਾਰ ਦਈਏ ਅਤੇ ਇੱਕੋ ਹੱਥ 'ਚ ਤਿੰਨ-ਤਿੰਨ ਵੱਡੇ-ਵੱਡੇ ਹਦਵਾਣੇ ਫੜ੍ਹਨ ਦੀ ਕੋਸ਼ਿਸ਼ ਨਾ ਕਰੀਏ।

# ਕੰਮ ਦੀ ਕਾਹਦੀ ਸਰਮ

ਜਸਵੰਤ ਸਿੰਘ ਜੋਗਾ
ਫੋਨ ਨੰਬਰ : 62396-43306
(Punjab Mail USA)





ਅੱਜ ਦੇ ਸਮੇਂ ਵਿਚ ਸੁਭਾਵਿਕ ਜੀ ਗੱਲ ਆ, ਹਰ ਕੋਈ ਇਹੀ ਗੱਲ ਕਹਿੰਦਾ ਹੈ ਕਿ ਇਹ ਸਾਡੇ ਹੀ ਨਿਆਣੇ ਨੇ, ਜੋ ਬਾਹਰਲੇ ਦੇਸ਼ਾਂ ਵਿਚ ਜਾ ਕੇ ਇਹੀ ਕੰਮ ਕਰਦੇ ਨੇ, ਜਿਨ੍ਹਾਂ ਕੰਮਾਂ ਨੂੰ ਉਹ ਪੰਜਾਬ ਵਿਚ ਕਰਨ 'ਤੇ ਸ਼ਰਮ ਮੰਨਦੇ ਨੇ। ਸਾਡਿਆਂ ਘਰਾਂ 'ਚ ਮੈਂ ਜਦੋਂ ਦੀ ਸੁਰਤ ਸੰਭਲੀ ਆ, ਦੇਖਦਾ ਆਇਆਂ, ਅਸੀਂ ਪੜ੍ਹਦੇ-ਪੜ੍ਹਦੇ ਨਾਲ ਹੀ ਛੁੱਟੀਆਂ 'ਚ ਝੋਨਾ ਲਾਈ ਜਾਣਾ, ਛੁੱਟੀ ਆਲੇ ਦਿਨ ਬਾਪੂ ਜੀ ਨਾਲ ਦਿਹਾੜੀ ਚਲੇ ਜਾਣਾ, ਕਦੇ ਮਾਤਾ ਜੀ ਨਾਲ ਨਰਮਾ ਚੁੱਗਣ ਚਲੇ ਜਾਣਾ। ਇੰਝ ਹੀ ਹੋਰਾਂ ਜ਼ਿਮੀਂਦਾਰਾਂ ਦੇ ਮੁੰਡੇ ਕਰਦੇ ਨੇ। ਸਕੂਲੋਂ-ਕਾਲਜੋਂ ਆ ਕੇ ਖੇਤਾਂ 'ਚ ਚਲੇ ਜਾਂਦੇ ਸੀ।।

ਜ਼ਿਆਦਾ ਦੂਰ ਨਾ ਜਾਵਾਂ, ਮੇਰੀ ਮਾਂ ਨੇ ਲੋਕਾਂ ਦੇ ਘਰਾਂ ਦਾ ਗੋਹਾ ਕੂੜਾ ਕਰਿਆ। ਮੇਰੀਆਂ ਭੈਣਾਂ ਵੀ ਨਰਮੇ ਕਪਾਹਾਂ ਚੁੱਗਦੀਆਂ ਝੋਨਾ ਲਾਉਂਦੀਆਂ ਪਰ ਕਦੇ ਕੰਮ ਦੀ ਸ਼ਰਮ ਨੀ ਕਰੀ, ਕਰਦੀਆਂ ਵੀ ਕਿਉਂ... ਆਖਿਰ ਨੂੰ ਕੰਮ ਤਾਂ ਕੰਮ ਹੈ।

ਹੁਣ ਉਹ ਸਮਾਂ ਨਹੀਂ ਕਿ ਇਹ ਕੰਮ ਕੁੜੀ ਹੀ ਕਰ ਸਕਦੀ ਹੈ, ਇਹ ਕੰਮ ਮੁੰਡਾ ਹੀ ਕਰ ਸਕਦਾ ਹੈ। ਜਿਸ ਨੇ ਆਪਣਾ ਘਰ ਪਾਲਣਾ, ਉਹਦੇ ਲਈ ਕੋਈ ਕੰਮ ਕਰਨਾ ਚੰਗਾ-ਮਾੜਾ ਜਾਂ ਛੋਟਾ ਨਾ ਹੀ ਹੁੰਦਾ ਤੇ ਨਾ ਹੀ ਹੋਣਾ ਚਾਹੀਦਾ। ਹੁਣ ਬਾਹਰਲਿਆਂ ਮੁਲਕਾਂ 'ਚ ਇੱਕ ਕਹਾਵਤ ਆ ਵੀ ਉਹ ਮੁਲਕ ਤਾਂ ਕਾਮਯਾਬ ਨੇ ਕਿਉਂਕਿ ਉੱਥੇ ਹਰ ਕੋਈ ਕੰਮ ਕਰਕੇ ਖਾਂਦਾ ਤੇ ਹਰ ਕੋਈ ਕੰਮ ਕਰਦਾ ਹੈ। ਹੁਣ ਸਵਾਲ ਇਹ ਹੈ ਕਿ ਸਾਡੇ ਮੁਲਕ 'ਚ ਇੱਕ ਕਮਾਉਂਦਾ ਹੈ ਤੇ ਖਾਣ ਵਾਲੇ ਛੇ-ਸੱਤ, ਹੁਣ ਇੱਕਲੇ ਬੰਦੇ ਦੀ ਕਮਾਈ ਨਾਲ ਘਰ ਨੀਂ ਪਲਦੇ। ਤੁਸੀਂ ਯਕੀਨ ਮੰਨੋਗੇ, ਅੱਜ ਦੀ ਪੜ੍ਹੀ-ਲਿਖੀ ਪੀੜ੍ਹੀ ਦਾ ਸਰਕਾਰੀ ਨੌਕਰੀ ਤੋਂ ਵੀ ਮਨ ਭਰ ਗਿਆ ਹੈ। ਸ਼ਾਇਦ ਇਹ ਵੀ ਇੱਕ ਕਾਰਨ ਹੈ ਕਿ ਨੌਜਵਾਨਾਂ ਵਿਚ ਬਾਹਰ ਜਾਣ ਲਈ ਮਜਬੂਰ ਹੋਣਾ। ਮੇਰਾ ਇੱਕ ਦੋਸਤ ਇੱਕ ਸਰਕਾਰੀ ਨੌਕਰੀ ਛੱਡ ਕੈਨੇਡਾ ਚਲਾ ਗਿਆ।

ਜੇ ਕੋਈ ਮੈਨੂੰ ਕਦੇ ਫੋਨ ਕਰਦਾ ਕਿ ਮੈਂ ਕੰਮ 'ਤੇ ਲੱਗਣਾ, ਤਾਂ ਮੈਂ ਹਮੇਸ਼ਾ ਉਸਦਾ ਕੁਝ ਬਣਨ ਦਾ ਟੀਚਾ ਜ਼ਰੂਰ ਪੁੱਛਦਾ। ਬਾਦ ਵਿਚ ਕਹਿੰਦਾ ਹਾਂ ਕਿ ਆ ਕੰਮ ਕਰ ਸਕਦਾ, ਤਾਂ ਜੀ ਸਦਕੇ ਆ, ਪਰ ਜੇ ਤੇਰੇ ਵਿਚ ਇਸ ਕੰਮ ਨੂੰ ਛੱਡ ਕੋਈ ਹੋਰ ਕਾਬਲੀਅਤ ਹੈ, ਤਾਂ ਉਸ ਉੱਤੇ ਧਿਆਨ ਦੇ। ਅੱਜ ਦਾ ਸਮਾਂ ਇਹੋ ਜਿਹਾ ਕਿ ਤਹਾਨੂੰ ਪੜ੍ਹਨ ਦੇ ਨਾਲ-ਨਾਲ ਕਮਾਉਣਾ ਵੀ ਜ਼ਰੂਰੀ ਹੈ। ਅਰਥਾਤ ਕਿਸੇ ਕੰਮ ਦਾ ਹੁਨਰ ਲੈ ਕੇ ਆਉਣਾ ਵੀ ਜ਼ਰੂਰੀ ਹੈ। ਮੈਂ ਇੱਥੇ ਇੱਕ ਗੱਲ ਜ਼ਰੂਰੀ ਦੱਸਣੀ ਚਾਹਾਂਗਾ ਕਿ ਜੇ ਤੁਹਾਡਾ ਬੱਚਾ ਪੜ੍ਹਾਈ ਵਿਚ ਹੁਸ਼ਿਆਰ ਹੈ, ਤਾਂ ਉਸਨੂੰ ਚੰਗਾ ਪੜ੍ਹਾਓ, ਜੇ ਘੱਟ ਪੜ੍ਹਦਾ ਤਾਂ ਘੱਟੋ-ਘੱਟ ਬਾਰ੍ਹਾਂ ਤਾਂ ਪੜ੍ਹਾਓ। ਜੇ ਤੁਸੀਂ ਉਸਨੂੰ ਕੁੱਟ ਕੇ ਸਕੂਲ ਤੋਰਦੇ ਹੋ ਜਾਂ ਤੁਹਾਨੂੰ ਲੱਗਦਾ ਹੈ ਕਿ ਇਸਦਾ ਪੜ੍ਹਾਈ ਵਿਚ ਮਨ ਨਹੀਂ ਲੱਗਦਾ ਪਰ ਚਲਾਕ ਹੈ, ਤਾਂ ਤੁਸੀਂ ਉਸਨੂੰ ਕੋਈ ਕੰਮ ਸਿਖਾਉ। ਚੰਗੀ ਉਮਰ ਵਿਚ ਉਹ ਚੰਗਾ ਕਾਰੀਗਰ ਬਣੇਗਾ। ਮੇਰਾ ਇੱਕ ਦੋਸਤ ਸੀ, ਪਹਿਲਾਂ ਉਹ ਹੋਟਲ 'ਤੇ ਬਰਤਣ ਸਾਫ ਕਰਦਾ ਹੁੰਦਾ ਸੀ। ਫਿਰ ਉਹ ਉਸੇ ਕੰਮ ਵਿਚ ਮਸਤ ਹੋ ਗਿਆ। ਹੁਣ ਉਹ ਚੰਗਾ ਹਲਵਾਈ ਆ ਤੇ ਪਿੰਡ 'ਚ ਚੰਗੀ ਦੁਕਾਨ ਆ। ਸਾਰਾ ਪਰਿਵਾਰ ਉਸਨੇ ਆਪਣੇ ਕੰਮ ਵਿਚ ਸਮੇਟ ਲਿਆ। ਹੁਣ ਇੱਥੇ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਉਸਨੇ ਸਹੀ ਵਕਤ 'ਤੇ ਸਹੀ ਸੋਚ ਲਿਆ ਤੇ ਚੰਗਾ ਕਾਰੀਗਰ ਬਣਿਆ।

ਮੈਂ ਆਪਣੇ ਕਿਸੇ ਪੁਰਾਣੇ ਦਫਤਰ ਵਿਚ ਇੱਕ ਅਪਾਹਜ ਗੱਭਰੂ ਵੇਖਿਆ ਸੀ, ਜੋ ਪਹਿਲਾਂ ਨੌ ਘੰਟੇ ਸਾਡੀ ਕੰਪਨੀ 'ਚ ਕੰਮ ਕਰਦਾ, ਫੇਰ ਆਪਣੀ ਸਕੂਟਰੀ 'ਤੇ ਘਰ-ਘਰ ਜਮੈਟੋ 'ਤੇ ਫੂਡ ਸਪਲਾਈ ਕਰਦਾ। ਇੱਕ ਕੁੜੀ ਮਿਲੀ, ਜੋ ਪਹਿਲਾਂ ਆਪਣੀ ਸਰਕਾਰੀ ਨੌਕਰੀ ਲਈ ਜਮਾਤਾਂ ਲਾਉਂਦੀ, ਫੇਰ ਆਫਿਸ 'ਚ ਕੰਮ ਕਰਦੀ, ਫੇਰ ਕਮਰੇ 'ਚ ਜਾ ਕੇ ਸਾਰਾ ਕੰਮ ਕਰਦੀ। ਐਵੇਂ ਹੀ ਇੱਕ ਗੱਭਰੂ ਦਿਨੇ ਮੇਰੀ ਟੀਮ ਲਈ ਨੌ ਘੰਟੇ ਆਫਿਸ 'ਚ ਕੰਮ ਕਰਦਾ, ਫੇਰ ਕਿਸੇ ਆਪ ਕਿਰਾਏ 'ਤੇ ਲਏ ਹੋਟਲ ਦਾ ਕੰਮ ਵੇਖਦਾ। ਹੋਰ ਕਿੰਨੀਆਂ ਹੀ ਉਦਹਾਰਣਾਂ ਨੇ ਪਰ ਗੱਲ ਇੱਕੋ ਹੀ ਨਿਕਲ ਕੇ ਅੱਗੇ ਆਉਂਦੀ ਹੈ ਕਿ ਆਪਣੇ ਕੰਮ ਦੀ ਕੋਈ ਸ਼ਰਮ ਨਹੀਂ। ਜ਼ਿਆਦਾਤਰ ਕਾਮਯਾਬ ਲੋਕਾਂ ਦੀ ਇਹੋ ਖੂਬੀ ਰਹੀ ਹੈ ਕਿ ਉਹ ਕਦੇ ਕੰਮ ਕਰਨ ਤੋਂ ਸ਼ਰਮ ਨਹੀਂ ਕਰਦੇ ਸੀ। ਹੁਣ ਬਹੁਤੀਆਂ ਮਹਿਲਾਵਾਂ ਰਿਕਸ਼ਾ ਜਾਂ ਆਟੋ ਚਲਾਉਂਦੀਆਂ ਨੇ ਬੱਸਾਂ ਵਿਚ ਕੰਡਕਟਰੀ ਕਰਦੀਆਂ ਨੇ। ਸੋ ਕਦੇ ਕੰਮ ਨੂੰ ਛੋਟਾ-ਵੱਡਾ ਨਾ ਸਮਝੋ। ਕਿਸੇ ਕੰਮ ਨੂੰ ਧਰਮ-ਜਾਤ ਵਿਚ ਵੰਡ ਕੇ ਨਾ ਵੇਖੋ, ਜਿਸ ਕੰਮ ਨਾਲ ਤੁਹਾਡਾ ਘਰ ਚੱਲ ਸਕਦਾ, ਉਹ ਜ਼ਰੂਰ ਕਰੋ।

# ਸਿੱਖ ਧਰਮ ਇਕ ਜੀਵਨ-ਜਾਚ ਹੈ, ਪਰ ਕੌਮ ਨੇ ਅੱਜ ਤੱਕ ਜੀਵਨ ਜਾਚ ਸਿੱਖੀ ਨਹੀਂ

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
(Punjab Mail USA)





ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, "ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥" ਸੱਚ ਸਭੁ ਤੋਂ ਉਤਮ ਹੈ ਪਰ ਆਚਾਰਿ ਸਚੁ ਤੋਂ ਵੀ ਉਪਰ ਹੈ। ਸਿੱਖੀ ਸਰੂਪ ਅਤੇ ਸਿੱਖੀ ਕਿਰਦਾਰ ਅਤੇ ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ ਸਿੱਖ ਧਰਮ ਦੇ ਮੁੱਢਲੇ ਸਿਧਾਂਤ ਹਨ। ਚਰਿੱਤਰ ਅਤੇ ਆਚਾਰ ਨੂੰ ਅੰਗਰੇਜ਼ੀ ਕਵੀ ਕੈਂਸਰ ਇਸ ਪ੍ਰਕਾਰ ਵਰਣਨ ਕਰਦੇ ਹਨ:

If wealth is lost, nothing is lost.

If health is lost, something is lost.

If character is lost, everything is lost.

ਮਨੁੱਖ ਦੇ ਅਮਲ ਚੰਗੇ ਹੋਣੇ ਚਾਹੀਦੇ ਹਨ। ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, "ਸ਼ੁਭ ਅਮਲਾਂ ਤੇ ਹੋਣੇ ਨੇ ਨਿਬੇੜੇ ਤੇ ਜ਼ਾਤ ਕਿਸੇ ਪੁੱਛਣੀ ਨਹੀਂ।" ਜਦੋਂ ਸ੍ਰੀ ਗੁਰੂ ਜੀ ਮੱਕੇ-ਮਦੀਨੇ ਗਏ ਸਨ, ਤਾਂ ਕਾਜ਼ੀਆਂ ਨੇ ਗੁਰੂ ਜੀ ਨੂੰ ਪੁੱਛਿਆ ਸੀ ਕਿ ਹਿੰਦੂ ਵੱਡਾ ਕੇ ਮੁਸਲਮਾਨ, ਤਾਂ ਗੁਰੂ ਜੀ ਦਾ ਉੱਤਰ ਸੀ ਕਿ 'ਸ਼ੁਭ ਅਮਲਾਂ ਬਾਝੋਂ ਦੋਨੋਂ ਰੋਈ'। ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ, "ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ।" ਪਰ ਦੁੱਖ ਦੀ ਗੱਲ ਇਹ ਹੈ ਕਿ ਸਦੀਆਂ ਬੀਤ ਗਈਆਂ ਹਨ, ਅਜੇ ਤੱਕ ਇਸ ਬਾਰੇ ਭਾਵ ਕਿਰਦਾਰ ਬਾਰੇ ਸਿੱਖਾਂ ਨੇ ਛਿੱਕੂ ਵਿਚੋਂ ਇਕ ਪੂਣੀ ਵੀ ਨਹੀਂ ਕੱਤੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖਾਂ ਨੇ ਆਰਥਿਕ ਪੱਖੋਂ ਬਹੁਤ ਵੱਡੀਆਂ ਮੱਲ੍ਹਾਂ ਮਾਰੀਆਂ ਨੇ। ਪਰ ਕਿਰਦਾਰ ਪੱਖੋਂ ਮਨੁੱਖ ਨੇ ਕੁੱਝ ਨਹੀਂ ਸਿੱਖਿਆ। ਕਿਰਦਾਰ ਬਾਰੇ ਬਹੁਤ ਹੀ ਸੰਖੇਪ ਵਿਚ ਇਸ ਪ੍ਰਕਾਰ ਹੈ:

1. ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਈਰਖਾ ਤੋਂ ਬਚੋ।

2. ਹਮਦਰਦੀ, ਦਇਆ, ਪਿਆਰ, ਸਤਿਕਾਰ, ਸਹਿਣਸ਼ੀਲਤਾ ਤੇ ਨਿਮਰਤਾ ਦੇ ਧਾਰਨੀ ਬਣੋ।

3. ਕਿਸੇ ਦਾ ਦਿਲ ਨਾ ਦੁਖਾਓ।

4. ਕਿਸੇ ਨਾਲ ਧੋਖਾ ਨਾ ਕਰੋ।

5. ਕਿਸੇ ਦਾ ਹੱਕ ਨਾ ਖਾਓ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, "ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸ ਗਾਇ॥"

6. ਭੈੜੀ ਸੰਗਤ ਤੋਂ ਬਚੋ। ਜੈਸੀ ਸੰਗਤਿ ਵੈਸੀ ਰੰਗਤ।

7. ਕਦੀ ਗਲਤ ਕੰਮ ਨਾ ਕਰੋ, ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਫੁਮਰਾਉਂਦੇ ਹਨ, "ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥"

8. ਨੇਕ ਕੰਮ ਕਰੋ, ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ, "ਕਰਤੂਤਿ ਪਸੂ ਕੀ ਮਾਨਸ ਜਾਤਿ॥"

9. ਝੂਠ ਨਾ ਬੋਲੋ।

10. ਦੂਜਿਆਂ ਨੂੰ ਸਵੀਕਾਰ ਕਰੋ, ਨਾ ਕਿ ਅਹੰਕਾਰ ਤੇ ਈਰਖਾ ਕਰੋ।

11. ਬੰਦਾ ਬੰਦੇ ਦਾ ਬੁਰਾ ਨਾ ਕਰੇ, ਜਿੰਨਾ ਹੋ ਸਕੇ, ਦੂਜਿਆਂ ਦਾ ਭਲਾ ਕਰੋ, ਕਰ ਭਲਾ ਹੋ ਭਲਾ, ਅੰਤ ਭਲੇ ਦਾ ਭਲਾ।

ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁੱਝ ਨਹੀਂ ਬਿਗੜਿਆ।

ਸਿੱਖਾਂ ਨੂੰ ਗੁਰੂ ਜੀ ਦੀ ਸਿੱਖਿਆ ਅਨੁਸਾਰ ਜੀਵਨ ਬਤੀਤ ਕਰਨਾ ਆਰੰਭ ਕਰ ਦੇਣਾ ਚਾਹੀਦਾ ਹੈ। ਕੁਦਰਤ ਦੀਆਂ ਬਿਮਾਰੀਆਂ ਅਤੇ ਕੁਦਰਤੀ ਆਫਤਾਂ ਦਾ ਬੰਦੇ ਦੇ ਕੋਲ ਕੋਈ ਹੱਲ ਨਹੀਂ। ਪਰ ਬੰਦਾ ਬੰਦੇ ਦਾ ਬੁਰਾ ਨਾ ਕਰੇ। ਮਨੁੱਖੀ ਦੁਖਾਂਤ ਮਨੁੱਖ ਦੇ ਹੱਥੋਂ ਨਹੀਂ ਹੋਣਾ ਚਾਹੀਦਾ। ਦੁੱਖ ਦੀ ਗੱਲ ਇਹ ਹੈ ਕਿ ਸਿੱਖ ਹੀ ਸਿੱਖ ਦਾ ਦੁਸ਼ਮਣ ਹੈ। ਸਿੱਖ ਭਾਈਚਾਰੇ ਨੂੰ ਇਕੱਠੇ ਹੋਣ ਦੀ ਲੋੜ ਹੈ, ਜਿਵੇਂ ਕਈ ਸਦੀਆਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਹੋਣੀਂ ਫੁਰਮਾਇਆ ਸੀ:

"ਹੋਇ ਇਕਤ੍ਰ ਮਿਲਹੁ ਮੇਰੇ ਭਾਈ, ਦੁਬਿਧਾ ਦੂਰਿ ਕਰਹੁ ਲਿਵ ਲਾਇ॥

ਹਰਿ ਨਾਮੈ ਕੀ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥"

ਪਰ ਦੇਖਣਾ ਇਹ ਹੈ ਕਿ ਸਿੱਖਾਂ ਨੇ ਹੁਣ ਤੱਕ ਇਸ ਸ਼ਬਦ 'ਤੇ ਕਿੰਨਾ ਕੁ ਅਮਲ ਕੀਤਾ ਹੈ। ਕੌਮ ਵੱਖ-ਵੱਖ ਧੜਿਆਂ ਵਿਚ ਵੰਡੀ ਹੋਈ ਹੈ। ਗੁਰੂ ਘਰਾਂ ਵਿਚ ਲੜਾਈਆਂ ਝਗੜੇ ਹੁੰਦੇ ਰਹਿੰਦੇ ਹਨ। ਕੌਮ ਵਿਚ ਕੋਈ ਏਕਾ ਨਹੀਂ। ਕੌਮ ਪਾਸ ਕੋਈ ਏਜੰਡਾ ਨਹੀਂ। ਕੌਮ ਨੂੰ ਇਕੱਠੇ ਹੋ ਕੇ ਕੋਈ ਏਜੰਡਾ ਚੁਣਨਾ ਚਾਹੀਦਾ ਹੈ। ਕੌਮ ਦੀ ਦਸ਼ਾ ਕੀ ਹੈ? ਕੌਮ ਨੂੰ ਹੁਣ ਤੱਕ ਕੋਈ ਇਨਸਾਫ ਨਹੀਂ ਮਿਲਿਆ। ਕੌਮ ਨੂੰ ਆਪਣੇ ਹੱਕਾਂ ਅਤੇ ਇਨਸਾਫ ਲੈਣ ਲਈ ਕੁੱਝ ਕਰਨਾ ਚਾਹੀਦਾ ਹੈ।

ਪਰ ਕੌਮ ਨੇ ਹੁਣ ਤੱਕ ਜੀਵਨ ਜਾਚ ਸਿੱਖੀ ਕਿਉਂ ਨਹੀਂ? ਇਸ ਦੇ ਲਈ ਜਨਤਾ ਹੀ ਇਕੱਲੀ ਜ਼ਿੰਮੇਵਾਰ ਨਹੀਂ। ਇਸ ਦੇ ਲਈ ਸਾਡੇ ਧਾਰਮਿਕ ਆਗੂ ਅਤੇ ਪੰਥ ਦੇ ਪ੍ਰਚਾਰਕ ਭਾਵ ਕਥਾਵਾਚਕ ਅਤੇ ਕੀਰਤਨੀ ਜੱਥੇ ਵੀ ਜ਼ਿੰਮੇਵਾਰ ਹਨ ਕਿਉਂਕਿ ਉਹ ਠੀਕ ਪ੍ਰਚਾਰ ਨਹੀਂ ਕਰ ਸਕੇ, ਕਿਉਂਕਿ ਉਨ੍ਹਾਂ ਦਾ ਆਪਣਾ ਜੀਵਨ ਠੀਕ ਨਹੀਂ।

ਲੋੜ ਹੈ ਸਿੱਖੀ ਸਰੂਪ ਅਤੇ ਸਿੱਖੀ ਕਿਰਦਾਰ ਦੇ ਧਰਨੀ ਹੋਣ ਦੀ ਅਤੇ ਗੁਰੂ ਸਾਹਿਬਾਨ ਦੀ ਸਿੱਖਿਆ ਅਤੇ ਸਿਧਾਂਤਾਂ 'ਤੇ ਚੱਲਣ ਦੀ, ਭਾਵ ਗੁਰਬਾਣੀ ਦੇ ਆਸ਼ੇ ਅਨੁਸਾਰ ਆਪਣਾ ਅਮਲੀ ਜੀਵਨ ਗੁਜ਼ਾਰਨ ਦੀ। ਤਦ ਉਹ ਦਿਨ ਦੂਰ ਨਹੀਂ, ਜਦੋਂ ਰਾਜ ਕਰੇਗਾ, ਖਾਲਸਾ ਆਕੀ ਰਹੇ ਨਾ ਕੋਈ ਦਾ ਸੰਕਲਪ ਪੂਰਾ ਨਾ ਹੋਵੇ। ਲੋੜ ਹੈ ਉੱਚਾ-ਸੁੱਚਾ ਕਿਰਦਾਰ ਬਣਾਉਣ ਦੀ। ਅੱਜ ਨਿੱਤ ਦਿਹਾੜੇ ਬਲਾਤਕਾਰ, ਕਤਲੋਗਾਰਤ ਤੇ ਲੁੱਟਾਂ-ਖੋਹਾਂ ਵਰਗੀਆਂ ਘਟਨਾਵਾਂ ਵਾਪਰ ਰਹੀਆਂ ਹਨ।

**Be honest, humble, helpful, kind, responsible, respectful, diligent, sympathetic, wise, idealistic, polite, sweet, gentle, and humanitarian.**

**Be a nice person, nice person is he who possesses a good moral character and good conscience**

ਸਿੱਖ ਤੋਂ ਭਾਵ ਸਿੱਖਿਆਰਥੀ, ਭਾਵ ਜਿਹੜਾ ਸਦਾ ਸਿੱਖਦਾ ਹੈ। ਸਿੱਖ ਧਰਮ ਵਿਚ ਸਿੱਖਣ ਦੀ ਬਹੁਤ ਮਹਾਨਤਾ ਹੈ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

"ਸਿੱਖੀ ਸਿੱਖਿਆ ਗੁਰ ਵੀਚਾਰੁ॥"

ਆਦਮੀ ਮੇਂ ਲਾਖੋਂ ਜੌਹਰ ਹੋ;

ਅਗਰ ਆਦਮੀਅਤ ਨਹੀਂ, ਤੋਂ ਕੁੱਛ ਭੀ ਨਹੀਂ।

ਕਦਰਦਾਨ, ਪਾਰਖੂ ਤੇ ਪ੍ਰਸ਼ੰਸਕ ਬਣੋ।

ਔਰ ਭੀ ਗਮ ਹੈ ਜ਼ਮਾਨੇ ਮੇਂ ਮੁਹੱਬਤ ਕੇ ਸਿਵਾ,

ਰਾਹਤੇਂ ਔਰ ਭੀ ਹੈ ਵਸਲ ਕੀ ਰਾਹਤ ਕੇ ਸਿਵਾ।

ਪੂਰਨ ਮਨੁੱਖ ਬਣੋ। ਪੂਰਨ ਮਨੁੱਖ ਬਣਨਾ ਸੌਖਾ ਨਹੀਂ। "ਫਰਿਸ਼ਤੋਂ ਸੇ ਬਿਹਤਰ ਹੈ ਇਨਸਾਨ ਬਣਨਾ, ਮਗਰ ਇਸ ਮੇਂ ਲਗਤੀ ਹੈ ਮਿਹਨਤ ਜ਼ਿਆਦਾ।"


ਪੂਰਨ ਮਨੁੱਖ ਉਹ ਹੁੰਦਾ ਹੈ, ਜਿਹੜਾ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਈਰਖਾ ਤੋਂ ਰਹਿਤ ਹੋਵੇ ਅਤੇ ਜਿਸ ਵਿਚ ਹਮਦਰਦੀ, ਦਇਆ, ਪਿਆਰ, ਸਤਿਕਾਰ, ਸਹਿਣਸ਼ੀਲਤਾ, ਨਿਮਰਤਾ, ਅਣਖ, ਜ਼ਮੀਰ ਅਤੇ ਨੈਤਿਕਤਾ ਹੋਵੇ। ਤੁਸੀਂ ਗੁਰਬਾਣੀ ਦੀ ਸਿੱਖਿਆ ਲੈ ਕੇ ਅਤੇ ਸਿਮਰਨ ਕਰਕੇ ਆਪਣੇ ਆਪ ਨੂੰ ਪੂਰਨ ਮਨੁੱਖ ਬਣਾ ਸਕਦੇ ਹੋ। ਮਨੁੱਖ ਨੂੰ ਸੱਚ-ਝੂਠ, ਚੰਗਾ-ਮਾੜਾ ਤੇ ਠੀਕ-ਗਲਤ ਦਾ ਪਤਾ ਹੋਣਾ ਚਾਹੀਦਾ ਹੈ ਕਿਉਂਕਿ ਅੱਜ ਤੱਕ ਜਿਹੜਾ ਮਾੜਾ ਹੋਇਆ ਹੈ, ਉਹ ਮਾੜੇ ਬੰਦਿਆਂ ਕਰਕੇ ਹੋਇਆ ਹੈ ਅਤੇ ਜਿਹੜਾ ਚੰਗਾ ਹੋਇਆ ਹੈ, ਉਹ ਚੰਗਿਆਂ ਬੰਦਿਆਂ ਕਰਕੇ ਹੋਇਆ ਹੈ।

## 28 ਸਤੰਬਰ ਵਿਸ਼ਵ ਰੇਬੀਜ਼ (ਹਲਕਾਅ) ਦਿਵਸ 'ਤੇ ਵਿਸ਼ੇਸ਼

# ਹਲਕਾਅ (ਰੇਬੀਜ਼) ਇੱਕ ਭਿਆਨਕ ਰੋਗ ਹੈ, ਸਮਾਂ ਰਹਿੰਦਿਆਂ ਬਚਾਅ ਤੇ ਇਲਾਜ ਜ਼ਰੂਰੀ

### ਜਾਨਵਰ ਦੇ ਕੱਟਣ ਨੂੰ ਅਣਦੇਖਾ ਨਾ ਕਰੋ ਇਹ ਜਾਨਲੇਵਾ ਹੋ ਸਕਦਾ ਹੈ (ਐਂਟੀ ਰੇਬੀਜ਼ ਵੈਕਸਿਨ ਲਗਵਾਉਣ ਵਿਚ ਅਣਗਹਿਲੀ ਜਾਨ ਦਾ ਜ਼ੋਖ਼ਮ ਬਣ ਸਕਦੀ

ਚਾਨਣ ਦੀਪ ਸਿੰਘ ਔਲਖ
ਪਿੰਡ ਗੁਰਨੇ ਖ਼ੁਰਦ (ਮਾਨਸਾ),
ਸੰਪਰਕ : 98768-88177
(Punjab Mail USA)






ਵਿਸ਼ਵ ਰੇਬੀਜ਼ ਦਿਵਸ ਹਰ ਸਾਲ 28 ਸਤੰਬਰ ਨੂੰ ਮਨਾਇਆ ਜਾਂਦਾ ਹੈ, ਇਹ ਦਿਨ ਫਰਾਂਸੀਸੀ ਵਿਗਿਆਨੀ ਲੂਈ ਪਾਸਚਰ ਦੇ ਕੰਮ ਦੀ ਯਾਦ ਦਿਵਾਉਂਦਾ ਹੈ, ਜਿਸਨੇ ਰੇਬੀਜ਼ (ਹਲਕਾਅ) ਦੀ ਪਹਿਲੀ ਵੈਕਸੀਨ ਦੀ ਖੋਜ ਕੀਤੀ ਸੀ। ਇਸ ਦਿਵਸ ਦਾ ਮਕਸਦ ਲੋਕਾਂ ਵਿਚ ਰੇਬੀਜ਼ (ਹਲਕਾਅ) ਬਾਰੇ ਵੱਧ ਤੋਂ ਵੱਧ ਜਾਗਰੂਕਤਾ ਪੈਦਾ ਕਰਨਾ ਹੈ। ਇਸ ਸਾਲ ਦੇ ਵਿਸ਼ਵ ਰੇਬੀਜ਼ ਦਿਵਸ ਦੀ ਥੀਮ, "ਰੇਬੀਜ਼: ਆਲ ਫਾਰ 1, ਵਨ ਹੈਲਥ ਫਾਰ ਆਲ" ਰੇਬੀਜ਼ ਦੇ ਵਿਰੁੱਧ ਲੜਾਈ ਵਿਚ ਵਿਸ਼ਵਵਿਆਪੀ ਏਕਤਾ ਦੀ ਫੌਰੀ ਲੋੜ ਨੂੰ ਦਰਸਾਉਂਦੀ ਹੈ।

**ਰੇਬਿਜ਼ ਕੀ ਹੈ** : ਰੇਬੀਜ਼ (ਹਲਕਾਅ) ਇੱਕ ਭਿਆਨਕ ਵਾਇਰਲ ਬਿਮਾਰੀ ਹੈ। ਇਹ ਰੇਬੀਜ਼ ਵਾਇਰਸ ਕਾਰਨ ਹੁੰਦੀ ਹੈ, ਜੋ ਕੇਂਦਰੀ ਨਸ ਪ੍ਰਣਾਲੀ ਨੂੰ ਨਿਸ਼ਾਨਾ ਬਣਾਉਂਦਾ ਹੈ, ਜਿਸ ਨਾਲ ਲਾਜ਼ਮੀ ਤੌਰ 'ਤੇ ਗੰਭੀਰ ਨਤੀਜੇ ਨਿਕਲਦੇ ਹਨ। ਇਹ ਇੱਕ ਜੈਨੇਟਿਕ ਬਿਮਾਰੀ ਹੈ, ਜੋ ਕਿ ਇੱਕ ਪ੍ਰਜਾਤੀ ਤੋਂ ਦੂਜੀ ਵਿਚ ਫੈਲਣ ਦੇ ਸਮਰੱਥ ਹੈ। ਇਹ ਖਾਸ ਤੌਰ 'ਤੇ ਸੰਕਰਮਿਤ ਜਾਨਵਰਾਂ ਦੇ ਕੱਟਣ ਦੁਆਰਾ ਫੈਲਦੀ ਹੈ। ਮਨੁੱਖਾਂ ਵਿਚ ਜ਼ਿਆਦਾਤਰ ਕੁੱਤੇ ਅਤੇ ਹੋਰ ਪਾਲਤੂ ਜਾਨਵਰ ਇਹ ਵਾਇਰਸ ਸੰਚਾਰਿਤ ਕਰਦੇ ਹਨ। ਦੁਖਦਾਈ ਤੌਰ 'ਤੇ, ਜੇਕਰ ਜਾਨਵਰ ਦੇ ਕੱਟਣ ਤੋਂ ਬਾਅਦ ਤੁਰੰਤ ਰੋਕਥਾਮ ਲਈ ਉਪਰਾਲੇ ਨਹੀਂ ਕੀਤੇ ਜਾਂਦੇ, ਤਾਂ ਰੇਬੀਜ਼ ਮਨੁੱਖਾਂ ਲਈ ਜਾਨਲੇਵਾ ਸਾਬਤ ਹੁੰਦਾ ਹੈ। ਰੇਬੀਜ਼ ਵਾਇਰਸ ਪੈਰੀਫਿਰਲ ਨਸਾਂ ਨੂੰ ਪਾਰ ਕਰਕੇ ਕੇਂਦਰੀ ਨਸ ਪ੍ਰਣਾਲੀ ਵਿਚ ਘੁਸਪੈਠ ਕਰਦਾ ਹੈ ਅਤੇ ਅਖੀਰ ਦਿਮਾਗ਼ ਨੂੰ ਪ੍ਰਭਾਵਿਤ ਕਰਦਾ ਹੈ, ਨਤੀਜੇ ਵਜੋਂ ਮਨੁੱਖ ਦੀ ਮੌਤ ਹੋ ਜਾਂਦੀ ਹੈ। ਬਚਾਓ ਉਪਰਾਲਿਆਂ ਦੀ ਤੁਰੰਤ ਲੋੜ ਹੁੰਦੀ ਹੈ, ਇੱਕ ਵਾਰ ਲੱਛਣ ਪ੍ਰਗਟ ਹੋਣ ਤੋਂ ਬਾਅਦ, ਇਲਾਜ ਲਈ ਬਹੁਤ ਦੇਰ ਹੋ ਜਾਂਦੀ ਹੈ। ਵਾਇਰਸ ਤੇਜ਼ੀ ਨਾਲ ਵਧਦਾ ਹੈ, ਜਿਸ ਨਾਲ ਬੁਖਾਰ, ਸਿਰ ਦਰਦ, ਚਿੰਤਾ, ਭਰਮ, ਅਧਰੰਗ ਅਤੇ ਹਾਈਡ੍ਰੋਫੋਬੀਆ (ਪਾਣੀ ਦਾ ਡਰ) ਵਰਗੇ ਲੱਛਣ ਪੈਦਾ ਹੁੰਦੇ ਹਨ। ਬਿਮਾਰੀ ਕੋਮਾ ਅਤੇ ਮੌਤ ਦੇ ਰੂਪ ਵਿਚ ਖਤਮ ਹੁੰਦੀ ਹੈ।

**ਲੱਛਣ** : ਰੇਬੀਜ਼ ਸੰਕ੍ਰਮਿਤ ਜਾਨਵਰ ਦੇ ਕੱਟਣ ਤੋਂ ਬਾਅਦ ਬਿਮਾਰੀ ਦੇ ਲੱਛਣ ਦਿਖਾਈ ਦੇਣ ਵਿਚ ਕੁਝ ਦਿਨਾਂ ਤੋਂ ਲੈ ਕੇ ਕੁਝ ਮਹੀਨਿਆਂ ਤੱਕ ਦਾ ਸਮਾਂ ਲੱਗ ਸਕਦਾ ਹੈ, ਜੋ ਕੱਟੇ ਜਾਣ ਵਾਲੀ ਜਗ੍ਹਾ ਦੇ ਕੇਂਦਰੀ ਨਸ ਪ੍ਰਣਾਲੀ ਤੋਂ ਦੂਰੀ 'ਤੇ ਨਿਰਭਰ ਕਰਦਾ ਹੈ। ਸ਼ੁਰੂਆਤ ਵਿਚ ਬੁਖ਼ਾਰ, ਸਿਰ ਦਰਦ, ਕਮਜ਼ੋਰੀ ਅਤੇ ਬੇਚੈਨੀ ਆਦਿ ਵਰਗੇ ਆਮ ਲੱਛਣ ਦਿਖਾਈ ਦਿੰਦੇ ਹਨ। ਪਰ ਜਿਵੇਂ-ਜਿਵੇਂ ਬਿਮਾਰੀ ਵਧਦੀ ਹੈ, ਖ਼ਾਸ ਲੱਛਣ ਸਾਹਮਣੇ ਆਉਣ ਲੱਗਦੇ ਹਨ, ਜਿਵੇਂ ਨੀਂਦ ਨਾ ਆਉਣਾ, ਘਬਰਾਹਟ, ਇਕ ਪਾਸੇ ਦੀ ਕਮਜ਼ੋਰੀ ਜਾਂ ਪਾਸਾ ਮਾਰਿਆ ਜਾਣਾ, ਅਜੀਬ-ਅਜੀਬ ਚੀਜ਼ਾਂ ਨਜ਼ਰ ਆਉਣੀਆਂ, ਮੂੰਹ ਵਿਚੋਂ ਲਾਰ ਵਗਣਾ ਜਾਂ ਵਧੇਰੇ ਪਾਣੀ ਨਿਕਲਣਾ, ਦੌਰੇ ਪੈਣੇ ਅਤੇ ਪਾਣੀ ਤੋਂ ਡਰ ਲੱਗਣਾ ਆਦਿ। ਬਿਮਾਰੀ ਦੇ ਅੰਤਿਮ ਪੜਾਅ ਵਿਚ ਮਾਮੂਲੀ ਆਵਾਜ਼ ਜਿਵੇਂ ਗਲਾਸ ਵਿਚ ਪਾਣੀ ਪਾਉਣ ਦੀ ਆਵਾਜ਼, ਇੱਥੋਂ ਤੱਕ ਕਿ ਪਾਣੀ ਸ਼ਬਦ ਸੁਣਾਈ ਦੇਣ 'ਤੇ ਵੀ ਮਰੀਜ਼ ਨੂੰ ਦੌਰਾ ਪੈ ਸਕਦਾ ਹੈ। ਇਕ ਵਾਰ ਜਦੋਂ ਵਾਇਰਸ ਦਿਮਾਗ਼ ਵਿਚ ਪੁੱਜ ਜਾਵੇ, ਤਾਂ ਇਸ ਇਨਫੈਕਸ਼ਨ ਦਾ ਕੋਈ ਇਲਾਜ ਨਹੀਂ ਹੈ। ਇਸ ਸਟੇਜ 'ਤੇ ਇੱਕ ਹਫ਼ਤੇ ਦੇ ਅੰਦਰ-ਅੰਦਰ ਮਰੀਜ਼ ਦੀ ਮੌਤ ਹੋ ਜਾਂਦੀ ਹੈ।

**ਰੋਕਥਾਮ ਅਤੇ ਇਲਾਜ** : ਰੇਬੀਜ਼ ਦੀ ਰੋਕਥਾਮ ਵਿਚ ਮੁੱਖ ਤੌਰ 'ਤੇ ਪਾਲਤੂ ਜਾਨਵਰਾਂ ਦਾ ਟੀਕਾਕਰਨ ਕਰਵਾਉਣਾ ਅਤੇ ਲੋਕਾਂ ਵਿਚ ਜਾਗਰੂਕਤਾ ਪੈਦਾ ਕਰਨਾ ਸ਼ਾਮਲ ਹੈ। ਕੁੱਤਿਆਂ ਅਤੇ ਬਿੱਲੀਆਂ ਵਰਗੇ ਘਰੇਲੂ ਜਾਨਵਰਾਂ ਦਾ ਟੀਕਾਕਰਨ ਵਾਇਰਸ ਦੇ ਸੰਚਾਰ ਚੱਕਰ ਨੂੰ ਤੋੜਨ ਵਿਚ ਮਦਦ ਕਰਦਾ ਹੈ। ਇਸ ਦੇ ਨਾਲ ਹੀ, ਜਾਨਵਰਾਂ ਦੇ ਕੱਟਣ ਤੋਂ ਬਾਅਦ ਜ਼ਖ਼ਮ ਦੀ ਸਹੀ ਦੇਖਭਾਲ ਮਹੱਤਵਪੂਰਨ ਹੈ। ਇਸ ਦੇ ਲਈ ਵਗਦੇ ਪਾਣੀ ਅਤੇ ਸਾਬਣ ਨਾਲ ਜ਼ਖ਼ਮ ਨੂੰ 15-20 ਮਿੰਟ ਤੱਕ ਧੋਣ ਪਿੱਛੋਂ ਐਂਟੀਸੈਪਟਿਕ ਲਗਾ ਕੇ ਇਸਨੂੰ ਪੱਟੀ ਕਰ ਕੇ ਢੱਕ ਦਿਓ ਅਤੇ ਡਾਕਟਰੀ ਸਹਾਇਤਾ ਲਓ, ਕਿਉਂਕਿ ਲਾਗ ਤੇਜ਼ੀ ਨਾਲ ਫੈਲ ਸਕਦੀ ਹੈ। ਘਰੇਲੂ ਜਾਂ ਦੇਸੀ ਟੋਟਕਿਆਂ ਵਿਚ ਸਮਾਂ ਨਾ ਗਵਾਓ, ਸਹੀ ਮੁਲਾਂਕਣ ਅਤੇ ਇਲਾਜ ਲਈ ਹੈਲਥਕੇਅਰ ਪੇਸ਼ਾਵਰ ਦੀ ਸਲਾਹ ਲੈਣਾ ਜ਼ਰੂਰੀ ਹੈ। ਐਂਟੀ ਰੇਬੀਜ਼ ਵੈਕਸਿਨ ਲਗਵਾਉਣ ਵਿਚ ਬਿਲਕੁਲ ਅਣਗਹਿਲੀ ਨਹੀਂ ਵਰਤਣੀ ਚਾਹੀਦੀ। ਯਾਦ ਰੱਖੋ ਸਿਹਤ ਵਿਭਾਗ ਵੱਲੋਂ ਨੈਸ਼ਨਲ ਰੇਬੀਜ਼ ਕੰਟਰੋਲ ਪ੍ਰੋਗਰਾਮ ਤਹਿਤ ਸਾਰੇ ਜ਼ਿਲ੍ਹਾ ਹਸਪਤਾਲਾਂ, ਸਬ-ਡਵੀਜ਼ਨਲ ਹਸਪਤਾਲਾਂ ਅਤੇ ਸਮੁਦਾਇਕ ਸਿਹਤ ਕੇਂਦਰਾਂ 'ਚ ਰੋਜ਼ਾਨਾ ਰੇਬੀਜ਼ ਦਾ ਟੀਕਾ ਮੁਫ਼ਤ ਲਗਾਇਆ ਜਾਂਦਾ ਹੈ।

**ਵਿਸ਼ਵ ਰੇਬੀਜ਼ ਦਿਵਸ ਦੀ ਮਹੱਤਤਾ** : ਵਿਸ਼ਵ ਰੇਬੀਜ਼ ਵਿਰੋਧੀ ਦਿਵਸ ਜਨ ਸਿਹਤ ਜਾਗਰੂਕਤਾ ਦੇ ਕੈਲੰਡਰ ਵਿਚ ਇੱਕ ਵਿਸ਼ੇਸ਼ ਸਥਾਨ ਰੱਖਦਾ ਹੈ। ਇਹ ਇੱਕ ਸ਼ਾਨਦਾਰ ਵਿਗਿਆਨਕ ਸਫ਼ਲਤਾ ਦੀ ਵਰ੍ਹੇਗੰਢ ਨੂੰ ਦਰਸਾਉਂਦਾ ਹੈ। ਪ੍ਰਸਿੱਧ ਫਰਾਂਸੀਸੀ ਵਿਗਿਆਨੀ ਲੂਈ ਪਾਸਚਰ ਦੁਆਰਾ 19ਵੀਂ ਸਦੀ ਦੇ ਅਖੀਰ ਵਿਚ ਰੇਬੀਜ਼ ਦੇ ਪਹਿਲੇ ਟੀਕੇ ਦੀ ਖੋਜ ਨੇ ਰੇਬੀਜ਼ ਦੀ ਰੋਕਥਾਮ ਲਈ ਰਾਹ ਪੱਧਰਾ ਕੀਤਾ ਅਤੇ ਅਣਗਿਣਤ ਜਾਨਾਂ ਬਚਾਈਆਂ। ਇਸ ਦਿਹਾੜੇ ਨੂੰ ਮਨਾਉਣਾ ਮਹਿਜ਼ ਇਤਿਹਾਸਕ ਸ਼ਰਧਾਂਜਲੀ ਨਹੀਂ, ਸਗੋਂ ਕਾਰਜ ਕਰਨ ਦਾ ਸੱਦਾ ਹੈ। ਇਹ ਸਾਨੂੰ ਯਾਦ ਦਿਵਾਉਂਦਾ ਹੈ ਕਿ ਰੇਬਿਜ਼, ਪੂਰੀ ਤਰ੍ਹਾਂ ਰੋਕਥਾਮਯੋਗ ਹੋਣ ਦੇ ਬਾਵਜੂਦ, ਮਨੁੱਖਾਂ ਅਤੇ ਜਾਨਵਰਾਂ ਲਈ ਇੱਕ ਗੰਭੀਰ ਖ਼ਤਰਾ ਬਣਿਆ ਹੋਇਆ ਹੈ। ਆਓ! ਰੇਬੀਜ਼ ਬਾਰੇ ਜਾਗਰੂਕਤਾ ਅਤੇ ਗਿਆਨ ਫੈਲਾ ਕੇ, ਅਸੀਂ ਆਪਣੀ, ਆਪਣੇ ਪਾਲਤੂ ਜਾਨਵਰਾਂ ਅਤੇ ਆਪਣੇ ਮਨੁੱਖੀ ਭਾਈਚਾਰਿਆਂ ਦੀ ਸੁਰੱਖਿਆ ਲਈ ਸਾਰਥਕ ਕਦਮ ਚੁੱਕੀਏ।

## 2 ਅਕਤੂਬਰ ਨੂੰ ਬਰਸੀ ਸਮਾਗਮ 'ਤੇ ਵਿਸ਼ੇਸ਼

# ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਨੂੰ ਪੰਥਕ ਸਰੂਪ ਦੇਣ ਵਾਲੇ ਨਿਹੰਗ ਜਥੇਦਾਰ ਤੇਜਾ ਸਿੰਘ ਭੁੱਚਰ

-ਦਿਲਜੀਤ ਸਿੰਘ ਬੇਦੀ
(Punjab Mail USA)



ਸਿੱਖ ਪੰਥ ਦਾ ਅਣਖੀਲਾ ਜਰਨੈਲ, ਅਕਾਲੀ ਲਹਿਰ ਦਾ ਮੋਢੀ, ਗੁਰਦੁਆਰਾ ਸੁਧਾਰ ਲਹਿਰ ਦਾ ਸੱਚਾ-ਸੁੱਚਾ ਨਿਧੜਕ ਸੁਧਾਰਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਦੇ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪਹਿਲਾ ਜੱਥੇਦਾਰ, ਸਿੱਖੀ, ਕੇਸਾਂ-ਸੁਆਸਾਂ ਸੰਗ ਨਿਭਾਉਣ ਵਾਲਾ ਮਰਜੀਵੜਾ ਗੁਰੂ ਮਹਾਰਾਜ ਵੱਲੋਂ ਬਖਸ਼ਿਸ਼ ਬਾਣੀ ਬਾਣੇ ਦੇ ਧਾਰਨੀ ਨਿਹੰਗ ਜੱਥੇਦਾਰ ਤੇਜਾ ਸਿੰਘ ਭੁੱਚਰ ਨੇ ਗੁਰਦੁਆਰਾ ਸੁਧਾਰ ਲਹਿਰ ਲਈ ਅਣਥੱਕ ਮਿਹਨਤ ਹੀ ਨਹੀਂ ਕੀਤੀ, ਸਗੋਂ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਤਰਨਤਾਰਨ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਚੋਹਲਾ ਸਾਹਿਬ ਤੇ ਗੁਰਦੁਆਰਾ ਭਾਈ ਜੋਗਾ ਸਿੰਘ ਪਿਛਾਵਰ ਦਾ ਪ੍ਰਬੰਧ ਪੰਥਕ ਪ੍ਰਬੰਧ ਹੇਠ ਲਿਆਂਦਾ ਤੇ ਬਾਕੀ ਗੁਰਦੁਆਰਾ ਸਾਹਿਬਾਨ ਨੂੰ ਸਰਕਾਰੀ ਪਿੱਠੂਆਂ ਅਤੇ ਪੁਜਾਰੀਆਂ ਤੋਂ ਅਜ਼ਾਦ ਕਰਵਾਉਣ ਲਈ ਪੰਥ ਨੂੰ ਇਕ ਸੂਤਰਾਧਾਰ ਵਿਚ ਬੰਨ੍ਹ ਕੇ ਸੰਘਰਸ਼ ਲੜਿਆ। ਜਿਸ ਵਿਚੋਂ ਅਨੇਕਾਂ ਸਿੰਘਾਂ ਨੂੰ ਆਪਣੀਆਂ ਜਾਨਾਂ ਤੋਂ ਹੱਥ ਧੋਣੇ ਪਏ ਤੇ ਜਾਇਦਾਦਾਂ ਕੁਰਕ ਕਰਵਾਉਣੀਆਂ ਪਈਆਂ ਅਤੇ ਜ਼ੁਰਮਾਨੇ ਆਦਿ ਭੁਗਤਣੇ ਪਏ।

ਜੱਥੇਦਾਰ ਤੇਜਾ ਸਿੰਘ ਭੁੱਚਰ ਜੀ ਦਾ ਜਨਮ 28 ਅਕਤੂਬਰ, 1887 ਈ. ਨੂੰ ਨਾਨਕੇ ਪਿੰਡ ਫੇਰੂ ਜ਼ਿਲ੍ਹਾ ਲਾਹੌਰ ਵਿਖੇ ਹੋਇਆ। ਇਨ੍ਹਾਂ ਦਾ ਜੱਦੀ ਪਿੰਡ ਨਿੱਕਾ ਭੁੱਚਰ ਤਰਨਤਾਰਨ ਸੀ। ਇਨ੍ਹਾਂ ਦੇ ਪਿਤਾ ਸ਼ਾਹ ਮਾਇਆ ਸਿੰਘ ਹਕੀਮ ਅਤੇ ਮਾਤਾ ਮਹਿਤਾਬ ਕੌਰ ਜੀ ਸਨ। ਜੱਥੇਦਾਰ ਤੇਜਾ ਸਿੰਘ ਨੇ ਜਵਾਨ ਹੁੰਦਿਆਂ ਹੀ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਜਨਤਕ ਕਰਦਿਆਂ ਆਪਣੇ ਸਾਥੀਆਂ ਨਾਲ ਮਿਲ ਕੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ, ਜਿਸ ਨੂੰ ਅਕਾਲੀ ਲਹਿਰ ਵੀ ਕਿਹਾ ਜਾਂਦਾ ਹੈ, ਸ਼ੁਰੂ ਕੀਤੀ। ਇਹ ਲਹਿਰ ਗੁਰਮਤਿ ਸਿਧਾਂਤਾਂ, ਮਾਨਤਾਵਾਂ, ਪ੍ਰੰਪਰਾਵਾਂ ਅਤੇ ਸੰਸਥਾਵਾਂ ਨੂੰ ਸਮਰਪਿਤ ਸੀ। 'ਮਾਨਵ ਕੀ ਜਾਤ ਸਬੈ ਏਕ ਪਹਿਚਾਨਬੋ' ਨੂੰ ਮੁੱਖ ਰੱਖ ਕੇ ਜੱਥੇਦਾਰ ਭੁੱਚਰ ਮਨੁੱਖ ਵਿਚ ਜਾਤ ਬਰਾਦਰੀ ਕਾਰਨ ਪਏ ਰੰਗ, ਨਸਲ, ਵੱਡੇ-ਛੋਟੇ ਦੇ ਅੰਤਰ ਨੂੰ ਸਿੱਖਾਂ ਅਤੇ ਮਾਨਵਤਾ ਲਈ ਲਾਹਨਤ ਮੰਨਦੇ ਸਨ। ਇਸ ਨੂੰ ਠੱਲ੍ਹ ਪਾਉਣ ਲਈ ਉਨ੍ਹਾਂ ਹਮਵਿਚਾਰ ਸਾਥੀਆਂ ਨੂੰ ਜਥੇਬੰਦ ਕਰਕੇ ਗੜਗੱਜ ਖਾਲਸਾ ਦੀਵਾਨ ਨੂੰ ਸੰਗਠਤ ਕੀਤਾ। ਪੰਜਾਬੀ ਰਵੀਦਾਸੀਏ, ਲੁਹਾਰ, ਚਮਾਰ, ਈਸਾਈਆਂ ਅਤੇ ਮੁਸਲਮਾਨਾਂ ਵਿਚੋਂ ਸਜੇ ਸਿੰਘਾਂ ਨੂੰ ਖੂਹਾਂ 'ਤੇ ਚੜ੍ਹਾ ਪਾਣੀ ਭਰਨ ਦੇ ਹੱਕ ਦਿਵਾਏ। ਗੁਰਦੁਆਰਾ ਲਹਿਰ ਵੀ ਦਲਿਤ ਸਿੰਘਾਂ ਨੂੰ ਉੱਚ ਮੰਨੇ ਜਾਂਦੇ ਸਿੱਖਾਂ ਦੇ ਬਰਾਬਰ ਹੱਕ ਦਿਵਾਉਣ ਲਈ ਹੀ ਸ਼ੁਰੂ ਹੋਣ ਦਾ ਇਕ ਬਹਾਨਾ ਬਣੀ। 18ਵੀਂ ਸਦੀ ਦੇ ਮੱਧ ਤੋਂ ਬਾਅਦ ਦੇ ਮਹਾਨ ਜਰਨੈਲ ਬੁੱਢਾ ਦਲ ਦੇ ਛੇਵੇਂ ਮੁਖੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਰਹੇ ਅਕਾਲੀ ਬਾਬਾ ਫੂਲਾ ਸਿੰਘ ਦੀ ਸ਼ਖਸੀਅਤ ਤੇ ਜੀਵਨ ਤੋਂ ਜਥੇਦਾਰ ਤੇਜਾ ਸਿੰਘ ਭੁੱਚਰ ਪੂਰਨ ਰੂਪ ਵਿਚ ਪ੍ਰਭਾਵਤ ਸਨ। ਗੁਰੂ ਕਾਲ ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸ਼੍ਰੋਮਣੀ ਖਾਲਸਾ ਪੰਥ ਬੁੱਢਾ ਦਲ ਦੇ ਮੁਖੀ ਹੀ ਹੋਇਆ ਕਰਦੇ ਸਨ। ਅੰਗਰੇਜ਼ ਹਕੂਮਤ ਨਾਲ ਬੁੱਢਾ ਦਲ ਨਿਹੰਗ ਸਿੰਘਾਂ ਦੀ ਅਣਬਣ ਹੋਣ ਕਾਰਨ ਹਾਲਾਤ ਬਹੁਤੇ ਸੁਖਾਵੇਂ ਨਹੀਂ ਸਨ। ਸਮੇਂ-ਸਮੇਂ ਨਿਹੰਗ ਸਿੰਘਾਂ ਨੂੰ ਸਮੇਂ ਦੀਆਂ ਹਕੂਮਤਾਂ ਨਾਲ ਲੋਹਾ ਲੈਣਾ ਪੈਂਦਾ ਰਿਹਾ ਹੈ, ਜਿਸ ਕਾਰਨ ਹਾਲਾਤ ਅਣਸੁਖਾਂਵੇਂ ਬਣਦੇ ਰਹੇ।

ਜਦੋਂ 12 ਅਕਤੂਬਰ 1920 ਈ. ਨੂੰ ਹਰਿਮੰਦਰ ਸਾਹਿਬ ਪਰਿਸਰ ਉੱਤੇ ਸੰਗਤੀ ਕਬਜ਼ਾ ਹੋਇਆ, ਤਾਂ ਜੱਥੇਦਾਰ ਭੁੱਚਰ ਦੀ ਪੰਥ ਪ੍ਰਸਤੀ, ਸੇਵਾ ਦੇ ਜਜ਼ਬੇ ਅਤੇ ਕੁਰਬਾਨੀ ਦੀ ਸ਼ਕਤੀ ਨੂੰ ਮੁੱਖ ਰੱਖ ਕੇ ਜੱਥੇਦਾਰ ਭੁੱਚਰ ਨੂੰ ਸਰਕਾਰੀ ਸ਼ਹਿ ਪ੍ਰਾਪਤ ਪੂਜਾਰੀਵਾਦ ਦੇ ਯਤਨ ਨੂੰ ਠੱਲ੍ਹਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪਹਿਲਾ ਜੱਥੇਦਾਰ ਬਨਣ ਦਾ ਮਾਣ ਦਿੱਤਾ ਗਿਆ। ਜੱਥੇਦਾਰ ਜੀ ਨੇ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਨੂੰ ਪੰਥਕ ਸਰੂਪ ਦਿੱਤਾ ਅਤੇ ਬਿਪਰਵਾਦੀ ਰਹੂ-ਰੀਤਾਂ ਨੂੰ ਗੁਰਦੁਆਰਿਆਂ ਵਿਚੋਂ ਕੱਢਣ ਦੀ ਸ਼ੁਰੂਆਤ ਕੀਤੀ। ਉਨ੍ਹਾਂ ਦੇ ਯਤਨਾਂ ਸਦਕਾ ਹੀ ਨਵੰਬਰ, 1920 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਸੰਬਰ 1920 ਵਿਚ ਸ਼੍ਰੋਮਣੀ ਅਕਾਲੀ ਦਲ ਬਣੇ। ਜੱਥੇਦਾਰ ਜੀ ਨੇ ਆਪਣੇ ਜਥੇ ਦੀ ਅਗਵਾਈ ਕਰਦਿਆਂ ਅਣਗਿਣਤ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਕਰਵਾ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕੀਤਾ। ਉਨ੍ਹਾਂ ਦੀ ਇਸੇ ਸੇਵਾ ਸਦਕਾ ਜੱਥੇਦਾਰ ਤੇਜਾ ਸਿੰਘ ਭੁੱਚਰ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਅੰਗਰੇਜ਼ ਸਰਕਾਰ ਦੀ ਪੁਲਿਸ ਨੇ ਕਈ ਵਾਰ ਗ੍ਰਿਫਤਾਰ ਕੀਤਾ ਅਤੇ ਜੇਲ੍ਹਾਂ ਵਿਚ ਸੁੱਟ ਕੇ ਤਸੀਹੇ ਦਿੱਤੇ। ਆਪਣੇ ਜੀਵਨ ਦੇ ਲਗਭਗ 15 ਸਾਲ ਉਨ੍ਹਾਂ ਨੇ ਜੇਲ੍ਹਾਂ ਵਿਚ ਬਿਤਾਏ। ਮੁਕੱਦਮੇ ਲੜਦਿਆਂ ਉਨ੍ਹਾਂ ਦੀ ਸਾਰੀ ਉਮਰ ਹੀ ਕੋਰਟ ਕਚਹਿਰੀਆਂ ਵਿਚ ਬੀਤ ਗਈ। ਜਾਇਦਾਦ ਦਾ ਵੱਡਾ ਹਿੱਸਾ ਸਰਕਾਰੀ ਕੁਰਕੀਆਂ, ਜ਼ਮਾਨਤਾਂ ਅਤੇ ਜ਼ੁਰਮਾਨਿਆਂ ਦੀ ਭੇਟਾ ਹੋ ਗਿਆ।

ਜਥੇਦਾਰ ਤੇਜਾ ਸਿੰਘ ਭੁੱਚਰ ਨਿਹੰਗੀ ਬਾਣੇ ਵਿਚ ਰਹਿੰਦੇ ਸਨ, ਉਨ੍ਹਾਂ ਦੀ ਗੋਲ ਦਸਤਾਰ ਵਿਚ ਚੱਕਰ ਤੇ ਹੱਥ ਵਿਚ ਤੀਰ ਹੁੰਦਾ ਸੀ। ਨਨਕਾਣਾ ਸਾਹਿਬ ਦੇ ਸਾਕੇ ਤੋਂ ਬਾਅਦ ਜੱਥੇਦਾਰ ਤੇਜਾ ਸਿੰਘ ਭੁੱਚਰ ਨੇ ਸਾਰੀ ਜ਼ਿੰਦਗੀ ਕਾਲੇ ਵਸਤਰ ਪਹਿਨਣ ਦਾ ਫੈਸਲਾ ਕੀਤਾ ਤੇ ਸਾਰੀ ਜ਼ਿੰਦਗੀ ਕਾਲੇ ਬਸਤਰ ਪਹਿਨੇ। ਮਹੰਤਾਂ-ਪੁਜਾਰੀਆਂ ਸਮੇਂ ਅੰਗਰੇਜ਼ ਅਫਸਰ ਸ੍ਰੀ ਦਰਬਾਰ ਸਾਹਿਬ ਦੀ ਘੰਟਾਘਰ ਬਾਹੀ ਵਿਖੇ ਕੁਰਸੀਆਂ 'ਤੇ ਬੈਠ ਕੇ ਦੀਵਾਲੀ ਵੇਖਿਆ ਕਰਦੇ ਸਨ। ਇਸ ਪ੍ਰੰਪਰਾ ਦਾ ਵੀ ਜੱਥੇਦਾਰ ਭੁੱਚਰ ਨੇ ਵਿਰੋਧ ਹੀ ਨਹੀਂ ਕੀਤਾ, ਸਗੋਂ ਆਪ ਠੁੱਡੇ ਮਾਰ ਕੇ ਕੁਰਸੀਆਂ ਵਗਾਹ ਮਾਰੀਆਂ ਤੇ ਉਨ੍ਹਾਂ ਨੂੰ ਦਰੀਆਂ 'ਤੇ ਬੈਠਣ ਲਈ ਕਹਿ ਦਿੱਤਾ। ਫਿਰ ਅੰਗਰੇਜ਼ ਸਰਕਾਰ ਦਾ ਤਸ਼ੱਦਦ ਜੱਥੇਦਾਰ ਜੀ 'ਤੇ ਢਹਿ ਪਿਆ। ਉਨ੍ਹਾਂ 'ਤੇ ਕਈ ਕੇਸ ਬਣਾ ਦਿੱਤੇ ਗਏ ਤੇ ਜੇਲ੍ਹ ਵਿਚ ਡੱਕ ਦਿੱਤਾ ਗਿਆ। ਉਨ੍ਹਾਂ ਅਪ੍ਰੈਲ 1921 ਵਿਚ ਗੜਗੱਜ ਅਕਾਲੀ ਦੀਵਾਨ ਕਾਇਮ ਕੀਤਾ। ਫਰਵਰੀ 1922 ਵਿਚ 'ਗੜਗੱਜ ਅਕਾਲੀ' ਅਖ਼ਬਾਰ ਜਾਰੀ ਕੀਤਾ, ਜਿਸ ਵਿਚ ਪੰਥਕ ਸਰਗਰਮੀਆਂ ਤੇ ਸਰਕਾਰੀ ਮਾਰੂ ਨੀਤੀਆਂ ਦਾ ਖੁਲਾਸਾ ਹੁੰਦਾ ਸੀ। ਚਾਬੀਆਂ ਦਾ ਮੋਰਚਾ, ਗੁਰੂ ਕੇ ਬਾਗ ਦਾ ਮੋਰਚੇ ਸਮੇਂ ਵੀ ਆਪ ਜੇਲ੍ਹ ਵਿਚ ਬੰਦ ਰਹੇ। 13 ਅਪ੍ਰੈਲ 1923 ਨੂੰ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਵਿਚ ਹਿੰਦੂ-ਮੁਸਲਿਮ ਫਸਾਦ ਸ਼ੁਰੂ ਹੋ ਗਏ। ਬਦ-ਅਮਨੀ ਕਾਰਨ ਬਹੁਤ ਜ਼ਿਆਦਾ ਨੁਕਸਾਨ ਹੋਇਆ। ਜੱਥੇਦਾਰ ਭੁੱਚਰ ਜੀ ਨੇ 200 ਸਿੰਘਾਂ ਸਮੇਤ ਭਾਈਚਾਰਕ ਸਾਂਝ ਲਈ ਸ਼ਾਂਤਮਈ ਜਲੂਸ ਕੱਢਿਆ। ਗਲੀ ਮੁਹੱਲਿਆਂ 'ਚ ਘਰੋ-ਘਰ ਪਹੁੰਚ ਕੀਤੀ। ਜਿਸ ਨਾਲ ਮਾਹੌਲ ਸ਼ਾਂਤ ਹੋਇਆ। ਸਰਕਾਰ ਨੇ ਗੁਰੂ ਕੇ ਬਾਗ ਦੇ ਮੋਰਚੇ ਦੌਰਾਨ ਫੜੇ ਸਾਰੇ ਅਕਾਲੀ ਰਿਹਾਅ ਕਰ ਦਿੱਤੇ। ਫਿਰ ਜੱਥੇਦਾਰ ਤੇਜਾ ਸਿੰਘ ਭੁੱਚਰ ਨੇ ਦੂਜਾ ਅਖਬਾਰ 'ਬੱਬਰ ਸ਼ੇਰ' ਚਲਾਇਆ, ਜਿਸ ਵਿਚ ਅੰਗਰੇਜ਼ ਸਰਕਾਰ ਵਿਰੁੱਧ ਆਵਾਜ਼ ਉਠਾਈ। ਇਸ ਦੇ ਸਾਰੇ ਸੰਪਾਦਕਾਂ ਨੂੰ ਸਰਕਾਰ ਵੱਲੋਂ ਗ੍ਰਿਫ਼ਤਾਰ ਕਰਕੇ ਸਜ਼ਾਵਾਂ ਸੁਣਾ ਦਿੱਤੀਆਂ ਗਈਆਂ। ਪ੍ਰੈੱਸ ਤੇ ਰਿਕਾਰਡ ਜ਼ਬਤ ਕਰ ਲਿਆ ਗਿਆ।

ਜੱਥੇਦਾਰ ਤੇਜਾ ਸਿੰਘ ਭੁੱਚਰ 2 ਅਕਤੂਬਰ, 1939 ਈ. ਨੂੰ ਦੁਪਿਹਰ ਵੇਲੇ ਆਪਣੇ ਪਿੰਡ ਤੋਂ ਗੱਗੋਬੂਹੇ ਵੱਲ ਆ ਰਹੇ ਸਨ, ਤਦ ਅੰਗਰੇਜ ਸਰਕਾਰ ਦੀ ਸ਼ਹਿ 'ਤੇ ਆਪ ਦੇ ਵਿਰੋਧੀਆਂ ਨੇ ਅਚਾਨਕ ਹਮਲਾ ਕਰ ਦਿੱਤਾ। ਜਿਸ ਵਿਚ ਇਨ੍ਹਾਂ ਦੀ ਲੱਤ 'ਤੇ ਵੱਡੀ ਸੱਟ ਵੱਜ ਗਈ। ਅੰਗਰੇਜ ਸਰਕਾਰ ਤੇ ਵਿਰੋਧੀਆਂ ਨੇ ਇਸ ਹਮਲੇ ਨੂੰ ਨਿੱਜੀ ਦੁਸ਼ਮਣੀ ਕਹਿ ਕੇ ਛੁਟਿਆਉਣ ਦਾ ਕੋਝਾ ਯਤਨ ਕੀਤਾ ਪਰੰਤੂ ਦਰਜ ਹੋਈ ਰਿਪੋਰਟ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਇਹ ਪੰਥ ਦੋਖੀਆਂ ਵੱਲੋਂ ਕੀਤਾ ਗਿਆ ਮਾਰੂ ਹਮਲਾ ਸੀ, ਜੋ ਆਪ ਦੀ ਪੰਥ ਪ੍ਰਸਤੀ ਤੋਂ ਦੁਖੀ ਸਨ। ਇਹ ਸੂਰਮਾ, ਗੜਗੱਜ, ਬੱਬਰ ਸ਼ੇਰ, ਹਠੀਲੇ ਸੁਭਾਅ ਵਾਲਾ ਪ੍ਰਭਾਵਸ਼ਾਲੀ ਨੇਤਾ ਸੀ, ਜੋ 16 ਅੱਸੂ ਸੰਮਤ ਬਿਕਰਮੀ 1996 ਅਨੁਸਾਰ 3 ਅਕਤੂਬਰ 1939 ਈ. ਨੂੰ ਸਵੇਰੇ ਤੜਕਸਾਰ ਅਕਾਲ ਪੁਰਖ ਦੇ ਚਰਨਾਂ 'ਚ ਅਭੇਦ ਹੋ ਗਿਆ। ਜੱਥੇਦਾਰ ਤੇਜਾ ਸਿੰਘ ਭੁੱਚਰ ਯਾਦਗਾਰੀ ਕਮੇਟੀ ਨਿੱਕੇ ਭੁੱਚਰ ਵੱਲੋਂ ਉਨ੍ਹਾਂ ਦੀ 84ਵੀਂ ਬਰਸੀ 16 ਅੱਸੂ ਮੌਜੂਦਾ ਸੰਮਤ ਨਾਨਕਸ਼ਾਹੀ 555 ਅਨੂਸਾਰ 2 ਅਕਤੂਬਰ ਨੂੰ ਉਨ੍ਹਾਂ ਦੇ ਜੱਦੀ ਪਿੰਡ ਨਿੱਕੇ ਭੁੱਚਰ, ਜ਼ਿਲ੍ਹਾ ਤਰਨਤਾਰਨ ਵਿਖੇ ਮਨਾਈ ਜਾਂਦੀ ਹੈ।




# "ਕਦੇ ਗੱਡਾ ਹੋਇਆ ਕਰਦਾ ਸੀ ਜੱਟ ਦਾ ਟਰੈਕਟਰ"

-ਮਲਕੀਤ ਸਿੰਘ ਗਿੱਲ
ਪਿੰਡ ਭੱਠਲਾਂ (ਬਰਨਾਲਾ)
ਸੰਪਰਕ : 79865-28225
(Punjab Mail USA)





ਜਿਉਂ-ਜਿਉਂ ਸਾਇੰਸ ਤਰੱਕੀ ਕਰਦੀ ਜਾ ਰਹੀ ਹੈ, ਤਿਉਂ-ਤਿਉਂ ਦੁਨੀਆਂ ਦੇ ਰੰਗ ਬਦਲਦੇ ਜਾ ਰਹੇ ਹਨ। ਅੱਜਕੱਲ੍ਹ ਖੇਤੀ ਕਰਨ ਦੇ ਆਧੁਨਿਕ ਸਾਧਨ ਆ ਗਏ ਹਨ, ਜਿਨ੍ਹਾਂ ਕਰਕੇ ਪੁਰਾਣੇ ਸੰਦ ਸੰਦੇੜੇ ਸਾਡੇ ਸੱਭਿਆਚਾਰ 'ਚੋਂ ਮਨਫੀ ਹੋ ਰਹੇ ਹਨ। ਕੋਈ ਸਮਾਂ ਸੀ, ਜਦੋਂ ਕਿਸਾਨ ਬਲਦਾਂ ਨੂੰ ਸ਼ਿੰਗਾਰ ਕੇ ਰੱਖਦੇ ਸਨ ਕਿਉਂਕਿ ਬਲਦਾਂ ਨਾਲ ਜਿੱਥੇ ਖੇਤੀ ਕੀਤੀ ਜਾਂਦੀ ਸੀ, ਉੱਥੇ ਇਹ ਢੋਆ-ਢੁਆਈ ਲਈ ਵਿਸ਼ੇਸ਼ ਭੂਮਿਕਾ ਨਿਭਾਉਂਦੇ ਸਨ। ਢੋਆ-ਢੁਆਈ ਦਾ ਮੁੱਖ ਸਾਧਨ ਸੀ ਗੱਡਾ। ਜਿਸ ਗੱਡੇ ਦੀ ਕਦੇ ਪੰਜਾਬ ਵਿਚ ਸਰਦਾਰੀ ਹੁੰਦੀ ਸੀ, ਅੱਜ ਗੱਡਾ ਪੰਜਾਬ 'ਚੋਂ ਬਿਲਕੁਲ ਹੀ ਅਲੋਪ ਹੋ ਚੁੱਕਾ ਹੈ। ਅੱਜ ਤੋਂ ਤਕਰੀਬਨ 35-40 ਸਾਲ ਪਹਿਲਾਂ ਗੱਡੇ ਦੀ ਪੂਰੀ ਟੌਰ ਸੀ। ਸਵੇਰ ਦੀ ਹਾਜ਼ਰੀ ਰੋਟੀ ਖਾ ਕੇ ਜੱਟ ਗੱਡਾ ਜੋੜ ਕੇ ਖੇਤਾਂ ਵੱਲ ਨੂੰ ਰਵਾਨਾ ਹੋ ਜਾਂਦੇ ਸਨ। ਬਲਦਾਂ ਦੀਆਂ ਖੜਕਦੀਆਂ ਟੱਲੀਆਂ ਮਨ ਮੋਹ ਲੈਂਦੀਆਂ ਸਨ। ਗੱਡੇ ਨੂੰ ਤਿਆਰ ਕਰਨ ਵਾਲੇ ਮਿਸਤਰੀ ਵੀ ਕਿਸੇ-ਕਿਸੇ ਸ਼ਹਿਰ ਕਸ਼ਬੇ 'ਚ ਮਿਲਦੇ ਸਨ, ਕਈ ਕਿਸਾਨ ਤਾਂ ਪੂਰੇ ਸ਼ੌਂਕ ਨਾਲ ਗੱਡਾ ਤਿਆਰ ਕਰਵਾਉਂਦੇ ਸਨ। ਵੱਡੀ ਉਮਰ ਦੇ ਇੱਕ ਕਿਸਾਨ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਗੱਡੇ 'ਤੇ ਤਕਰੀਬਨ 10-15 ਸੇਰ ਤਾਂਬਾ ਅਤੇ ਪਿੱਤਲ ਲੱਗਾ ਹੁੰਦਾ ਸੀ। ਗੱਡੇ ਦੇ ਵੱਡੇ ਆਕਾਰ ਦੇ ਟਾਹਲੀ ਦੀ ਲੱਕੜ ਦੇ ਪਹੀਏ ਵੀ ਵੱਖਰੇ ਢੰਗ ਨਾਲ ਤਿਆਰ ਕੀਤੇ ਜਾਂਦੇ ਸਨ। ਪਹੀਏ ਦੇ ਵਿਚਕਾਰ ਇੱਕ ਮਜ਼ਬੂਤ ਨਾਭ ਤਿਆਰ ਕਰਕੇ ਫਿਰ ਲੱਕੜ ਦੀਆਂ ਪੁੱਠੀਆਂ ਬਣਾਕੇ ਗਜਾਂ ਨਾਲ ਪਹੀਏ ਦਾ ਸਾਰਾ ਢਾਂਚਾ ਫਿੱਟ ਕੀਤਾ ਜਾਂਦਾ ਸੀ। ਗੱਡੇ ਦੇ ਉੱਪਰ ਵਿੱਢ ਵੀ ਲਗਾਇਆ ਜਾਂਦਾ ਸੀ। ਇਸ ਦਾ ਸਭ ਤੋਂ ਅਹਿਮ ਹਿੱਸਾ ਹੁੰਦਾ ਸੀ ਜੂਲਾ, ਪਿੰਡ ਵਿਚ ਜੂਲਾ ਬੰਨ੍ਹਣ ਵਾਲਾ ਕੋਈ-ਕੋਈ ਮਾਹਰ ਹੀ ਮਿਲਦਾ ਸੀ। ਉਸ ਨੂੰ ਬੁਲਾ ਕੇ ਬਾਣ ਦੇ ਮੋਟੇ ਰੱਸੇ ਨਾਲ ਜੂਲਾ ਬੰਨ੍ਹਿਆ ਜਾਂਦਾ ਸੀ। ਗੱਡੇ ਨੂੰ ਅਗਲੇ ਪਾਸਿਉਂ ਖੜ੍ਹਾ ਕਰਨ ਲਈ ਬਾਂਸ ਦੀਆਂ ਦੋ ਡਹੀਆਂ ਲਗਾਈਆਂ ਜਾਂਦੀਆਂ ਸਨ। ਇਸ ਤਰ੍ਹਾਂ ਹੀ ਪਿਛਲੇ ਪਾਸੇ ਇੱਕ ਮਜ਼ਬੂਤ ਲੱਕੜ ਫਿੱਟ ਕੀਤੀ ਜਾਂਦੀ ਸੀ, ਜਿਸਨੂੰ ਘੜਿੱਚ ਕਿਹਾ ਜਾਂਦਾ ਸੀ। ਕਿਸਾਨ ਗੱਡੇ ਰਾਹੀਂ ਕੱਖ ਕੰਡਾ ਅਤੇ ਦਾਣਾ ਫੱਕਾ ਢੋਂਹਦੇ ਸਨ। ਮੰਡੀਆਂ ਵਿਚ ਫਸਲ ਵੀ ਗੱਡੇ ਰਾਹੀਂ ਹੀ ਕਸਾਨ ਲੈ ਕੇ ਜਾਂਦੇ ਸਨ। ਪੁਰਾਣੇ ਸਮਿਆਂ ਵਿਚ ਮਕਾਨ ਵਗੈਰਾ ਬਨਾਉਣ ਲਈ ਇੱਟਾਂ, ਮਿੱਟੀ ਗੱਡਿਆਂ ਰਾਹੀਂ ਲਿਆਂਦੀ ਜਾਂਦੀ ਸੀ। ਵਿਆਹ ਸ਼ਾਦੀਆਂ ਵਿਚ ਵੀ ਗੱਡੇ ਦੀ ਵਿਸ਼ੇਸ਼ ਭੂਮਿਕਾ ਰਹੀ ਹੈ। ਸਾਰਾ ਮੇਲ ਗੱਡਿਆਂ 'ਤੇ ਸਫਰ ਕਰਕੇ ਜਾਂਦਾ ਸੀ। ਨਾਨਕੇ ਮੇਲ ਵਾਲੇ ਗੱਡੇ ਦੀ ਟੌਹਰ ਵੇਖਣ ਵਾਲੀ ਹੁੰਦੀ ਸੀ। ਇੱਕ ਵਾਰ ਦੀ ਗੱਲ ਹੈ, ਮੈਂ ਬਹੁਤ ਛੋਟਾ ਸੀ, ਮੇਰੀ ਭੂਆ ਦੇ ਮੁੰਡੇ ਦਾ ਵਿਆਹ ਸੀ। ਗੋਨਿਆਣੇ ਰੇਲਵੇ ਸਟੇਸ਼ਨ ਤੋਂ ਅਸੀਂ ਗੱਡੇ ਰਾਹੀਂ ਪਿੰਡ ਮਹਿਮੇ ਪਹੁੰਚੇ ਸਾਂ, ਸਾਰੇ ਰਸਤੇ ਪੂਰਾ ਮੇਲ-ਗੇਲ ਗੀਤ ਦੋਹੇ ਗਾਉਂਦਾ ਜਾ ਰਿਹਾ ਸੀ।

ਸਾਡੇ ਇਲਾਕੇ ਵਿਚ ਧਨੌਲੇ ਲੌਂਗੋਵਾਲ ਅਤੇ ਹੰਡਿਆਏ ਦੇ ਗੱਡੇ ਮਸ਼ਹੂਰ ਸਨ। ਗੱਡਿਆਂ ਦੀ ਰਿਪੇਅਰ ਕਰਨ ਵਾਲੇ ਮਿਸਤਰੀ ਵੀ ਸਪੈਸ਼ਲ ਹੁੰਦੇ ਸਨ। ਸਾਡੇ ਪਿੰਡ ਮਿਸਤਰੀ ਸੌਣ ਸਿੰਘ, ਚੰਦ ਸਿੰਘ ਅਤੇ ਗੁਰਨਾਮ ਸਿੰਘ ਕਾਲੇਕੇ ਵਾਲਾ ਚੋਟੀ ਦੇ ਕਾਰੀਗਰ ਸਨ। ਅੱਜਕੱਲ੍ਹ ਟਰੈਕਟਰ, ਕਾਰਾਂ, ਜੀਪਾਂ ਅਤੇ ਮੋਟਰ ਗੱਡੀਆਂ ਦਾ ਜ਼ਮਾਨਾ ਹੈ, ਜਿਸ ਕਰਕੇ ਗੱਡੇ ਸਾਡੇ ਸੱਭਿਆਚਾਰ 'ਚੋਂ ਅਲੋਪ ਹੋ ਗਏ ਹਨ, ਜਿਸ ਕਰਕੇ ਨਗੌਰ ਦੇ ਬਲਦ ਵੀ ਅੱਜ ਸੜਕਾਂ 'ਤੇ ਰੁਲਦੇ ਫਿਰਦੇ ਹਨ। ਅੱਜਕੱਲ੍ਹ ਲੋਕਾਂ ਨੇ ਸਕੂਟਰ, ਮੋਟਰ-ਸਾਈਕਲਾਂ ਪਿੱਛੇ ਹੁੱਕਾਂ ਫਿਟ ਕਰਵਾਕੇ ਠੇਲੀਆਂ ਜੋੜ ਲਈਆਂ ਹਨ, ਜਿਸ ਕਰਕੇ ਪੁਰਾਣੇ ਸੰਦਾਂ ਨੂੰ ਕਿਸੇ ਵਿਰਲੇ ਕਿਸਾਨਾਂ ਨੇ ਹੀ ਸਾਂਭ ਕੇ ਰੱਖਿਆ ਹੋਇਆ ਹੈ। ਇਸ ਤਰ੍ਹਾਂ ਗੱਡਾ ਵੀ ਅੱਜ ਬੀਤੇ ਦੀ ਕਹਾਣੀ ਬਣਕੇ ਰਹਿ ਗਿਆ ਹੈ।


# ਵਿਸ਼ਵ ਭਰ 'ਚ ਲਗਾਤਾਰ ਵੱਧ ਰਿਹਾ ਪ੍ਰੋਸਟੇਟ ਕੈਂਸਰ

"ਬਾਇਡਨ ਜੇ. ਆਰ. ਅਮਰੀਕਾ ਦੇ ਰਾਸ਼ਟਪਤੀ ਦੁਆਰਾ ਸਤੰਬਰ 2023 ਨੂੰ ਰਾਸ਼ਟਰੀ ਪ੍ਰੋਸਟੇਟ ਕੈਂਸਰ ਜਾਗਰੂਕਤਾ ਮਹੀਨੇ ਵੱਜੋਂ ਘੋਸ਼ਿਤ ਕੀਤਾ ਗਿਆ ਹੈ। ਪ੍ਰੋਸਟੇਟ ਕੈਂਸਰ ਨੂੰ ਰੋਕਣ ਅਤੇ ਇਲਾਜ ਦੇ ਲਈ ਅੱਗੇ ਆਉਣ ਲਈ ਰਾਸ਼ਟਰ ਦੇ ਨਾਗਰਿਕਾਂ, ਸਰਕਾਰੀ ਏਜੰਸੀਆਂ, ਨਿੱਜੀ ਕਾਰੋਬਾਰਾਂ, ਗੈਰ-ਲਾਭਕਾਰੀ ਸੰਸਥਾਵਾਂ ਅਤੇ ਹੋਰ ਦਿਲਚਸਪੀ ਰੱਖਣ ਵਾਲੇ ਸਮੂਹਾਂ ਨੂੰ ਗਤੀਵਿਧੀਆਂ ਸ਼ਾਮਿਲ ਹੋਣ ਲਈ ਉਤਸ਼ਾਹਿਤ ਕੀਤਾ ਹੈ। ਅੱਜ ਪ੍ਰੋਸਟੇਟ ਕੈਂਸਰ ਬਾਰੇ ਜਾਗਰੂਕਤਾ ਤੇ ਸਮੇਂ-ਸਮੇਂ 'ਤੇ ਸਕ੍ਰੀਨਿੰਗ ਦੀ ਲੋੜ ਹੈ"- ਅਨਿਲ ਧੀਰ


ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)



ਸਤੰਬਰ 2023 ਦਾ ਮਹੀਨਾ ਪ੍ਰੋਸਟੇਟ ਕੈਂਸਰ ਜਾਗਰੂਕਤਾ ਦੇ ਤੌਰ 'ਤੇ ਮਨਾਇਆ ਜਾ ਰਿਹਾ ਹੈ। ਸਟੇਟ, ਰਾਸ਼ਟਰੀ, ਅੰਤਰਰਾਸ਼ਟਰੀ ਪੱਧਰ 'ਤੇ ਜਾਗਰੂਕ ਕਰਨ ਦਾ ਟੀਚਾ ਰੱਖਿਆ ਗਿਆ ਹੈ। ਸਿਰਫ ਅਮਰੀਕਾ 'ਚ ਲੱਗਭਗ 8 ਵਿਚੋਂ 1 ਪੁਰਸ਼ ਇਸਦਾ ਸ਼ਿਕਾਰ ਹੈ। ਪ੍ਰੋਸਟੇਟ ਮਰਦ ਪ੍ਰਜਨਨ ਪ੍ਰਣਾਲੀ ਵਿਚ ਇੱਕ ਗਲੈਂਡ ਹੈ। ਇਹ ਬਲੈਡਰ (ਅੰਗ ਜੋ ਪਿਸ਼ਾਬ ਨੂੰ ਇਕੱਠਾ ਕਰਦਾ ਤੇ ਖਾਲੀ ਕਰਦਾ ਹੈ) ਦੇ ਬਿਲਕੁਲ ਹੇਠਾਂ ਅਤੇ ਗੁਦਾ ਦੇ ਸਾਹਮਣੇ ਸਥਿਤ ਹੈ। ਇਹ ਇੱਕ ਅਖਰੋਟ ਦੀ ਸ਼ਕਲ ਦਾ ਤੇ ਯੂਰੇਥਰਾ ਦੇ ਇੱਕ ਹਿੱਸੇ ਨੂੰ ਘੇਰਦਾ ਹੈ। ਪ੍ਰੋਸਟੇਟ ਗਲੈਂਡ ਤਰਲ ਬਣਾਉਂਦਾ ਹੈ, ਜੋ ਵੀਰਜ ਦਾ ਹਿੱਸਾ ਹੈ। ਇਹ ਕੈਂਸਰ ਬਜ਼ੁਰਗ ਮਰਦਾਂ ਵਿਚ ਆਮ ਦੇਖਿਆ ਜਾ ਰਿਹਾ ਹੈ।






## ਆਮ ਲੱਛਣਾਂ ਦੌਰਾਨ :

- ਰੋਗੀ ਪਿਸ਼ਾਬ ਦਾ ਵਹਾਅ ਸ਼ੁਰੂ ਕਰਨ ਵਿਚ ਮੁਸ਼ਕਲ ਮਹਿਸੂਸ ਕਰਦਾ ਹੈ।
- ਖਾਸ ਤੌਰ 'ਤੇ ਰਾਤ ਦੇ ਸਮੇਂ ਬਾਰ-ਬਾਰ ਪਿਸ਼ਾਬ ਆਉਂਦਾ ਹੈ।
- ਪਿਸ਼ਾਬ ਰੁੱਕ-ਰੁੱਕ ਕੇ ਆਉਣ ਕਰਕੇ ਬਲੈਡਰ ਪੂਰੀ ਤਰ੍ਹਾਂ ਖਾਲੀ ਨਹੀਂ ਹੁੰਦਾ।
- ਪ੍ਰੋਸਟੇਟ ਕੈਂਸਰ ਦੀ ਉੱਨਤ ਹਾਲਤ ਵਿਚ ਰੋਗੀ ਨੂੰ ਬਾਰ-ਬਾਰ ਸਾਹ ਚੜ੍ਹਨ ਦੇ ਨਾਲ ਸਰੀਰ ਹਮੇਸ਼ਾ ਥੱਕਿਆ ਮਹਿਸੂਸ ਕਰਦਾ ਹੈ।
- ਹਮੇਸ਼ਾ ਪਿੱਠ, ਕੁੱਲੇ ਜਾਂ ਪੇਡੂ 'ਚ ਲਗਾਤਾਰ ਦਰਦ ਸ਼ੁਰੂ ਹੋ ਜਾਂਦਾ ਹੈ।
- ਰੋਗੀ ਦਿਲ ਦੀ ਧੜਕਨ ਤੇਜ਼ ਮਹਿਸੂਸ ਕਰਦਾ ਹੈ।
- ਸਰੀਰ ਅੰਦਰ ਖੂਨ ਦੀ ਕਮੀ ਹੋ ਜਾਣ ਕਾਰਨ ਚੱਕਰ ਆਉਣੇ ਸ਼ੁਰੂ ਹੋ ਜਾਂਦੇ ਹਨ।

ਹੋਰ ਸਥਿਤੀਆਂ ਇੱਕੋ ਜਿਹੇ ਲੱਛਣਾਂ ਦਾ ਕਾਰਨ ਬਣ ਸਕਦੀਆਂ ਹਨ :

- ਮਰਦਾਂ ਦੀ ਉਮਰ ਦੇ ਨਾਲ, ਪ੍ਰੋਸਟੇਟ ਵੱਡਾ ਹੋ ਸਕਦਾ ਹੈ ਅਤੇ ਪਿਸ਼ਾਬ ਜਾਂ ਬਲੈਡਰ ਨੂੰ ਰੋਕ ਸਕਦਾ ਹੈ। ਇਸ ਨਾਲ ਪਿਸ਼ਾਬ ਕਰ 'ਚ ਮੁਸ਼ਕਲ ਜਾਂ ਜਿਨਸੀ ਸਮੱਸਿਆਵਾਂ ਹੋ ਸਕਦੀਆਂ ਹਨ। ਇਸ ਹਾਲਤ ਨੂੰ ਬੇਨਾਈਨ ਪ੍ਰੋਸਟੈਟਿਕ ਹਾਈਪਰਪਲਸੀਆ ਕਿਹਾ ਜਾਂਦਾ ਹੈ, ਅਤੇ ਹਾਲਾਂਕਿ ਇਹ ਕੈਂਸਰ ਨਹੀਂ ਹੈ, ਸਰਜਰੀ ਦੀ ਲੋੜ ਹੋ ਸਕਦੀ ਹੈ। ਪ੍ਰੋਸਟੇਟ ਵਿਚ ਇੱਕ ਬੇਨਿਗ ਪ੍ਰੋਸਟੈਟਿਕ ਹਾਈਪਰਪਲਸੀਆ ਜਾਂ ਹੋਰਸ ਸਮੱਸਿਆਵਾਂ ਦੇ ਲੱਛਣ ਪ੍ਰੋਸਟੇਟ ਕੈਂਸਰ ਦੇ ਲੱਛਣਾਂ ਵਰਗੇ ਹੋ ਸਕਦੇ ਹਨ।

**ਪ੍ਰੋਸਟੇਟ ਕੈਂਸਰ ਜਾਂਚ ਦੌਰਾਣ** : ਹੈਲਥ ਹਿਸਟਰੀ, ਸਰੀਰਕ-ਮਾਨਸਿਕ ਜਾਂਚ, ਲੱਛਣਾਂ ਮੁਤਾਬਿਕ ਜਾਂਚ, ਸਰੀਰ 'ਤੇ ਪੈਦਾ ਹੋਈ ਸਿਸਟ ਦੇ ਟੈਸਟ ਕੀਤੇ ਜਾਂਦੇ ਹਨ।

**ਡਿਜੀਟਲ ਰੈਕਟਲ ਐਗਜ਼ਾਮ**: ਗੁਦਾ ਦੀ ਜਾਂਚ ਵਿਚ -ਲੁਬਰੀਕੇਟਿਡ ਦਸਤਾਨੇ ਵਾਲੀ ਉਂਗਲ ਨੂੰ ਗੁਦਾ 'ਚ ਪਾ ਕੇ ਅੰਦਰੋਂ ਪ੍ਰੋਸਟੇਟ ਨੂੰ ਮਹਿਸੂਸ ਕੀਤਾ ਜਾਂਦਾ ਹੈ।

- **ਪ੍ਰੋਸਟੇਟ-ਵਿਸ਼ੇਸ਼ ਐਂਟੀਜਨ (ਪੀ.ਐੱਸ.ਏ.) ਟੈਸਟ**: ਜੋ ਖੂਨ 'ਚ ਪੀ.ਐੱਸ.ਏ. ਦੇ ਪੱਧਰ ਨੂੰ ਮਾਪਿਆ ਜਾਂਦਾ ਹੈ। ਪੀ.ਐੱਸ.ਏ. ਪ੍ਰੋਸਟੇਟ ਦੁਆਰਾ ਬਣਾਇਆ ਗਿਆ ਪਦਾਰਥ ਹੈ, ਜੋ ਪ੍ਰੋਸਟੇਟ ਕੈਂਸਰ ਵਾਲੇ ਪੁਰਸ਼ਾਂ ਦੇ ਖੂਨ 'ਚ ਆਮ ਮਾਤਰਾ ਤੋਂ ਵੱਧ ਪਾਇਆ ਜਾ ਸਕਦਾ ਹੈ।
- ਪੀ.ਐੱਸ.ਏ. ਪੱਧਰ ਉਨ੍ਹਾਂ ਮਰਦਾਂ ਵਿਚ ਵੀ ਜ਼ਿਆਦਾ ਹੋ ਸਕਦਾ ਹੈ, ਜਿਨ੍ਹਾਂ ਨੂੰ ਪ੍ਰੋਸਟੇਟ ਜਾਂ ਬੀ.ਪੀ.ਐੱਚ. ਦੀ ਲਾਗ ਜਾਂ ਸੋਜ ਵੀ ਹੋ ਸਕਦੀ ਹੈ।
- **ਪੀ.ਐੱਸ.ਐੱਮ.ਏ. ਪੈਟ ਸਕੈਨ**: ਇੱਕ ਇਮੇਜ਼ਿੰਗ ਪ੍ਰਕਿਰੀਆ ਹੈ, ਜਿਸਦੀ ਵਰਤੋਂ ਪ੍ਰੋਸਟੇਟ ਕੈਂਸਰ ਸੈੱਲਾਂ ਨੂੰ ਲੱਭਣ ਵਿਚ ਮਦਦ ਕਰਨ ਲਈ ਕੀਤੀ ਜਾਂਦੀ ਹੈ, ਜੋ ਪ੍ਰੋਸਟੇਟ ਤੋਂ ਬਾਹਰ, ਹੱਡੀਆਂ, ਲਿੰਫ ਨੋਡ ਜਾਂ ਬਾਕੀ ਹਿੱਸਿਆਂ ਵਿਚ ਫੈਲ ਗਏ ਹਨ। ਇਸ ਪ੍ਰਕਿਰੀਆ ਲਈ, ਇੱਕ ਰੇਡੀਓਐਕਟਿਵ ਪਦਾਰਥ ਨਾਲ ਜੁੜੇ ਇੱਕ ਸੈੱਲ-ਟਾਰਗੇਟਿੰਗ ਅਣੂ ਨੂੰ ਸਰੀਰ 'ਚ ਟੀਕਾ ਲਗਾਇਆ ਜਾਂਦਾ ਹੈ, ਅਤੇ ਖੂਨ ਵਿਚੋਂ ਲੰਘਦਾ ਹੈ। ਇਹ ਪ੍ਰੋਸਟੇਟ-ਵਿਸ਼ੈਸ਼ ਝਿੱਲੀ ਐਂਟੀਜਨ ਨਾਂ ਦੇ ਪ੍ਰੋਟੀਨ ਨਾਲ ਜੁੜਦਾ ਹੈ ਜੋ ਪ੍ਰੋਸਟੇਟ ਕੈਂਸਰ ਸੈੱਲਾਂ ਦੀ ਸਤਾ 'ਤੇ ਪਾਇਆ ਜਾਂਦਾ ਹੈ। ਇੱਕ ਪੈਟ ਸਕੈਨਰ ਰੇਡੀਓਐਕਟਿਵ ਅਣੂ ਦੀ ਉੱਚ ਗਾੜ੍ਹਾਪਣ ਦਾ ਪਤਾ ਲਗਾਉਂਦਾ ਹੈ ਅਤੇ ਦਿਖਾਉਂਦਾ ਹੈ ਕਿ ਪ੍ਰੋਸਟੇਟ ਕੈਂਸਰ ਸੈੱਲ ਸਰੀਰ 'ਚ ਕਿੱਥੇ ਹਨ।
- ਇੱਕ ਪੀ.ਐੱਸ.ਐੱਮ.ਏ. ਪੇਟ ਸਕੈਨ ਪ੍ਰੋਸਟੇਟ ਕੈਂਸਰ ਦਾ ਪਤਾ ਲਗਾਉਣ ਵਿਚ ਹੈਲਪ ਕਰਨ ਲਈ ਵਰਤਿਆ ਜਾ ਸਕਦਾ ਹੈ, ਜੋ ਵਾਪਸ ਆ ਗਿਆ ਹੈ ਜਾਂ ਸਰੀਰ ਦੇ ਦੂਜੇ ਹਿੱਸਿਆਂ 'ਚ ਫੈਲ ਸਕਦਾ ਹੈ। ਇਸਦੀ ਵਰਤੋਂ ਇਲਾਜ਼ ਦੀ ਯੋਜਨਾ ਬਣਾਉਣ ਵਿਚ ਮਦਦ ਕਰਨ ਲਈ ਵੀ ਕੀਤੀ ਜਾ ਸਕਦੀ ਹੈ।
- **ਟਰਾਂਸਰੇਕਟਲ ਅਲਟਰਾਸਾਊਂਡ**: ਇੱਕ ਪ੍ਰਕਿਰਿਆ ਜਿਸ ਵਿਚ ਪ੍ਰੋਸਟੇਟ ਦੀ ਜਾਂਚ ਕਰਨ ਲਈ ਇੱਕ ਉਂਗਲੀ ਦੇ ਆਕਾਰ ਦੀ ਜਾਂਚ ਨੂੰ ਗੁਦਾ 'ਚ ਪਾਇਆ ਜਾਂਦਾ ਹੈ। ਜਾਂਚ ਦੀ ਵਰਤੋਂ ਅੰਦਰੂਨੀ ਟਿਸ਼ੂਆਂ ਜਾਂ ਅੰਗਾਂ ਤੋਂ ਉੱਚ-ਊਰਜਾ ਵਾਲੀਆਂ ਧੁਨੀ ਤਰੰਗਾਂ ਨੂੰ ਉਛਾਲਣ ਅਤੇ ਗੂੰਜ ਬਣਾਉਣ ਲਈ ਕੀਤੀ ਜਾਂਦੀ ਹੈ। ਗੂੰਜ ਸਰੀਰ ਦੇ ਟਿਸ਼ੂਆਂ ਦੀ ਤਸਵੀਰ ਬਣਾਉਂਦੇ ਹਨ, ਜਿਸਨੂੰ ਸੋਨੋਗ੍ਰਾਮ ਕਿਹਾ ਜਾਂਦਾ ਹੈ।
- ਬਾਇਓਪਸੀ ਪ੍ਰਕਿਰੀਆ ਦੌਰਾਣ ਟ੍ਰਾਂਸਰੇਕਟਲ ਅਲਟਰਾਸਾਉਂਡ ਦੀ ਵਰਤੋਂ ਨੂੰ ਟ੍ਰਾਂਸਰੇਕਟਲ ਅਲਟਰਾਸਾਉਂਡ ਗਾਈਡਡ ਬਾਇਓਪਸੀ ਕਿਹਾ ਜਾਂਦਾ ਹੈ।
- **ਟਰਾਂਸਰੇਕਟਲ ਮੈਗਨੇਟਿਕ ਰੈਜ਼ੋਨੈਂਸ ਇਮੇਜ਼ਿੰਗ (ਐੱਮ.ਆਰ.ਆਈ.)** : ਇੱਕ ਪ੍ਰਕਿਰਿਆ ਜੋ ਸਰੀਰ ਦੇ ਅੰਦਰਲੇ ਖੇਤਰਾਂ ਦੀ ਵਿਸਤ੍ਰਿਤ ਤਸਵੀਰਾਂ ਦੀ ਇੱਕ ਲੜੀ ਬਣਾਉਣ ਲਈ ਇੱਕ ਮਜ਼ਬੂਤ ਚੁੰਬਕ, ਰੇਡੀਓ ਤਰੰਗਾਂ ਤੇ ਇੱਕ ਕੰਪਿਊਟਰ ਦੀ ਵਰਤੋਂ ਕਰਦੀ ਹੈ।

**ਨੋਟ** : ਕੈਂਸਰ ਸਰੀਰ ਵਿਚ- ਕੈਂਸਰ ਟਿਸ਼ੂ, ਲਿੰਫ ਸਿਸਟਮ ਅਤੇ ਖੂਨ ਰਾਹੀਂ ਫੈਲ ਸਕਦਾ ਹੈ। ਟਿਸ਼ੂ ਕੈਂਸਰ ਉੱਥੋਂ ਫੈਲਦਾ ਹੈ ਜਿੱਥੋਂ ਇਹ ਨੇੜੇ ਦੇ ਖੇਤਰਾਂ 'ਚ ਵੱਧਦਾ ਹੈ। ਲਿੰਫ ਸਿਸਟਮ ਕੈਂਸਰ ਉੱਥੋਂ ਫੈਲਦਾ ਜਿੱਥੋਂ ਇਹ ਲਸੀਕਾ ਪ੍ਰਣਾਲੀ 'ਚ ਦਾਖਲ ਹੋਣ ਨਾਲ ਸ਼ੁਰੂ ਹੋਇਆ ਸੀ। ਕੈਂਸਰ ਲਸਿਕਾ ਨਾੜੀਆਂ ਰਾਹੀਂ ਸਰੀਰ ਦੇ ਦੂਜੇ ਹਿੱਸਿਆਂ 'ਚ ਜਾਂਦਾ ਹੈ।

ਖੂਨ ਕੈਂਸਰ ਖੂਨ ਦੀਆਂ ਨਾੜੀਆਂ ਰਾਹੀਂ ਸਰੀਰ ਦੇ ਬਾਕੀ ਅੰਗਾਂ ਵਿਚ ਫੈਲਦਾ ਹੈ।

## ਇਲਾਜ ਦੇ ਵੱਖ-ਵੱਖ ਤਰੀਕੇ :

- ਨੀਂਦ ਪੂਰੀ ਲੈਣ ਨਾਲ ਖਤਰਾ ਘੱਟ ਜਾਂਦਾ ਹੈ। ਨਾਈਟ ਸ਼ਿਫਟਾਂ ਵਾਲੇ ਨੀਂਦ ਦਾ ਖਿਆਲ ਰੱਖਣ।
- ਚਰਬੀ ਵਾਲੇ ਲਾਲ ਮੀਟ, ਕਾਰਬੋਹਾਈਡ੍ਰੇਟ, ਸ਼ੱਕਰ ਅਤੇ ਜਿਆਦਾ ਮਿੱਠੇ ਪਦਾਰਥ ਦੀ ਲਗਾਤਾਰ ਵਰਤੋਂ ਖਤਰਾ ਵਧਾ ਸਕਦੀ ਹੈ। ਐਂਟੀਆਕਸੀਡੈਂਟ ਖੁਰਾਕ ਲਵੋ।
- ਸਰੀਰ ਅੰਦਰ ਵਿਟਾਮਿਨ-ਡੀ ਦਾ ਪੱਧਰ ਨਾ ਘਟਣ ਦਿਓ।
- ਖੁਰਾਕ 'ਚ ਘੁਲਣਸ਼ੀਲ ਅਤੇ ਅਘੁਲਣਸ਼ੀਲ ਫਾਈਬਰ ਸ਼ਾਮਿਲ ਕਰੋ। ਫਰੋਜ਼ਨ ਦੀ ਥਾਂ ਤਾਜ਼ੀਆਂ ਹਰੀਆਂ ਸਬਜ਼ੀਆਂ ਖਾਓ।
- ਡਾਕਟਰ ਦੀ ਸਲਾਹ ਨਾਲ ਰੋਗੀ ਨੂੰ ਵਰਕ-ਆਊਟ ਕਰਨਾ ਚਾਹੀਦਾ ਹੈ। ਆਪਣਾ ਵਜ਼ਨ ਕੰਟ੍ਰੋਲ 'ਚ ਰੱਖੋ। ਲੰਬੇ ਸਾਹ ਲੈਣ ਦੀ ਕ੍ਰਿਆ ਦੁਹਰਾਉਂਦੇ ਰਹੋ।
- ਸਰਗਰਮ ਨਿਗਰਾਨੀ * ਸਰਜਰੀ * ਰੇਡੀਏਸ਼ਨ ਥੈਰੇਪੀ ਅਤੇ ਰੇਡੀਓਫਾਰਮਾਸਿਊਟੀਕਲ ਥੈਰੇਪੀ * ਹਾਰਮੋਨ ਥੈਰੇਪੀ
- ਕੀਮੋਥੈਰੇਪੀ * ਨਿਸ਼ਾਨਾ ਥੈਰੇਪੀ * ਇਮਯੂਨੋਥਰੇਪੀ * ਬਿਸਫੋਸਫੋਨੇਟ ਥੈਰੇਪੀ * ਹੱਡੀਆਂ ਦੇ ਮੈਟਾਸਟੇਸੇਜ਼ * ਕ੍ਰਾਈਮੋਸਰਜਰੀ * ਉੱਚ-ਤੀਬਰਤਾ-ਕੇਂਦ੍ਰਿਤ ਅਲਟਰਾਸਾਉਂਡ ਥੈਰੇਪੀ * ਪ੍ਰੋਟੀਨ ਬੀਮ ਰੇਡੀਏਸ਼ਨ ਥੈਰੇਪੀ * ਫੋਟੋਡਾਈਨਾਮਿਕ ਥੈਰੇਪੀ। ਕਈ ਬਾਰ ਕਿਸੇ ਵੀ ਕਾਰਨ ਮਾੜੇ ਅਸਰ ਵੀ ਹੋ ਸਕਦੇ ਹਨ। ਇਲਾਜ ਦੌਰਾਣ ਫਾਲੋ-ਅਪ ਬੜਾ ਜ਼ਰੂਰੀ ਹੁੰਦਾ ਹੈ।

ਨੋਟ : ਪ੍ਰੋਸਟੇਟ ਕੈਂਸਰ ਨੂੰ ਫੜਣ ਲਈ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਬਰਾਬਰ ਪ੍ਰੋਸਟੇਟ ਸਕ੍ਰੀਨਿੰਗ ਕਰਾਂਦੇ ਰਹੋ। ਰੋਗੀ ਨੂੰ ਕੋਈ ਸਪਲੀਮੈਂਟ ਮਾਹਿਰ ਦੀ ਸਲਾਹ ਨਾਲ ਸ਼ੁਰੂ ਕਰਨੇ ਚਾਹੀਦੇ ਹਨ।

# ਅਨੁਭਵ ਤੋਂ ਸਿੱਖਣ ਦਾ ਮਹੱਤਵ

-ਅਭੀਰਾਜ ਸਿੰਘ ਗੋਦਾਰਾ
ਜਮਾਤ : ਅੱਠਵੀਂ
ਸੈਂਟ ਜੋਸਫ ਕਾਨਵੈਂਟ ਸਕੂਲ, ਬਠਿੰਡਾ
(Punjab Mail USA



ਅਨੁਭਵ ਸਾਡੀ ਜ਼ਿੰਦਗੀ ਵਿਚ ਵਾਪਰਦੀਆਂ ਵੱਖ-ਵੱਖ ਘਟਨਾਵਾਂ ਦੀ ਸਿੱਖ ਹੈ। ਅਨੁਭਵ ਸਾਨੂੰ ਇੱਕ ਹੀ ਸਮੇਂ 'ਤੇ ਵੱਖ-ਵੱਖ ਚੀਜ਼ਾਂ ਸਿਖਾਉਂਦਾ ਹੈ। ਅਨੁਭਵ ਸਾਨੂੰ ਉਹ ਕੁਝ ਸਿਖਾਉਂਦਾ ਹੈ, ਜੋ ਕਿਤਾਬਾਂ ਨਹੀਂ ਸਿਖਾਉਂਦੀਆਂ। ਉਦਾਹਰਨ ਦੇ ਤੌਰ 'ਤੇ ਜੇ ਅਸੀਂ ਸੋਚੀਏ ਕਿ ਇਨਸਾਨ ਕਿਤਾਬਾਂ ਪੜ੍ਹ ਕੇ ਹੀ ਗੱਡੀ ਚਲਾਉਣਾ ਸਿੱਖ ਸਕਦਾ ਹੈ, ਤਾਂ ਇਹ ਗਲਤ ਹੈ। ਕਿਤਾਬਾਂ ਪੜ੍ਹ ਕੇ ਅਸੀਂ ਗੱਡੀ ਦੇ ਕੰਟਰੋਲ ਸਿਸਟਮ ਦੀ ਜਾਣਕਾਰੀ ਲੈ ਸਕਦੇ ਹਾਂ ਅਤੇ ਸੜਕਾਂ 'ਤੇ ਲੱਗੇ ਵੱਖ-ਵੱਖ ਚਿੰਨ੍ਹਾਂ ਦੀ ਪਹਿਚਾਣ ਅਤੇ ਉਨ੍ਹਾਂ ਦੀ ਮਹੱਤਤਾ ਬਾਰੇ ਤਾਂ ਜਾਣਕਾਰੀ ਲੈ ਸਕਦੇ ਹਾਂ। ਪਰ ਗੱਡੀ ਚਲਾਉਣਾ ਸਿੱਖਣ ਲਈ ਸਾਨੂੰ ਅਮਲੀ ਤੌਰ 'ਤੇ ਗੱਡੀ ਚਲਾਉਣੀ ਪਵੇਗੀ ਅਤੇ ਉਸ ਵਿਚ ਮੁਹਾਰਤ ਹਾਸਲ ਕਰਨੀ ਪਵੇਗੀ। ਵਾਰੀ-ਵਾਰੀ ਗੱਡੀ ਚਲਾਉਣ ਨਾਲ ਡਰਾਈਵਰ ਨੂੰ ਆਪਣੀਆਂ ਗਲਤੀਆਂ ਦਾ ਪਤਾ ਚੱਲਦਾ ਹੈ ਅਤੇ ਅਗਲੀ ਵਾਰੀ ਉਹ ਆਪਣੀਆਂ ਗਲਤੀਆਂ ਨੂੰ ਠੀਕ ਕਰ ਸਕਦਾ ਹੈ। ਕਿਹਾ ਜਾਂਦਾ ਹੈ ਕਿ ਭਾਰਤ ਦੇ 80% ਗਰੈਜੂਏਟ ਇੰਜੀਨੀਅਰ ਕਿਸੇ ਵੀ ਨੌਕਰੀ ਦੇ ਕਾਬਿਲ ਨਹੀਂ। ਇਹ ਗੱਲ ਇਸ ਲਈ ਕਹੀ ਜਾਂਦੀ ਹੈ ਕਿਉਂਕਿ ਕਾਲਜਾਂ ਵਿਚ ਉਨ੍ਹਾਂ ਨੂੰ ਸਿਰਫ ਕਿਤਾਬਾਂ ਹੀ ਪੜ੍ਹਾਈਆਂ ਜਾਂਦੀਆਂ ਹਨ ਪਰ ਅਮਲੀ ਤੌਰ 'ਤੇ ਪ੍ਰੈਕਟੀਕਲ ਕਰਾਕੇ ਗਿਆਨ ਨਹੀਂ ਦਿੱਤਾ ਜਾਂਦਾ। ਉਨ੍ਹਾਂ ਨੂੰ ਇਹ ਤਾਂ ਪਤਾ ਲੱਗ ਜਾਂਦਾ ਹੈ ਕਿ ਕਰਨਾ ਕੀ ਹੈ ਪਰ ਇਹ ਨਹੀਂ ਪਤਾ ਲੱਗਦਾ ਕਿ ਕਰਨਾ ਕਿਵੇਂ ਹੈ। ਭਾਰਤ ਵਿਚ ਅਸੀਂ ਪੇਪਰਾਂ ਦੇ ਨੰਬਰਾਂ ਨੂੰ ਮਹੱਤਵ ਦਿੰਦੇ ਹਾਂ, ਅਸਲ ਸਮਝਣ ਦੀ ਥਾਂ। ਇਹ ਸਾਡਾ ਸਮਾਜ ਹੈ, ਜੋ ਬੱਚੇ 'ਤੇ ਜ਼ੋਰ ਪਾਉਂਦਾ ਹੈ ਚੰਗੇ ਨੰਬਰ ਲਿਆਉਣ ਲਈ। ਇਸ ਚੱਕਰ ਵਿਚ ਬੱਚਾ ਰੱਟਾ ਮਾਰ ਕੇ ਨੰਬਰ ਤਾਂ ਲੈ ਆਉਂਦਾ ਹੈ ਪਰ ਉਸ ਗਿਆਨ ਨੂੰ ਰੋਜ਼ਾਨਾ ਜ਼ਿੰਦਗੀ ਵਿਚ ਕਿਵੇਂ ਵਰਤਣਾ ਹੈ, ਇਹ ਨਹੀਂ ਸਮਝ ਪਾਉਂਦਾ ਹੈ। ਜਦੋਂ ਕੋਈ ਚੀਜ਼ ਸਾਡੇ ਮੁਤਾਬਿਕ ਨਹੀਂ ਹੁੰਦੀ, ਤਾਂ ਅਸੀਂ ਸਾਰਾ ਦੋਸ਼ ਸਾਡੀ ਕਿਸਮਤ 'ਤੇ ਪਾਉਂਦੇ ਹਾਂ, ਜੋ ਕਿ ਸਰਾਸਰ ਗਲਤ ਹੈ। ਕੰਮ ਚੰਗੀ ਤਰ੍ਹਾਂ ਅਸੀਂ ਨਹੀਂ ਕਰ ਪਾਉਂਦੇ ਅਤੇ ਸਾਰਾ ਦੋਸ਼ ਕਿਸਮਤ 'ਤੇ ਪਾਉਂਦੇ ਹਾਂ ਕਿ ਕੰਮ ਹੁੰਦਾ ਕਿਉਂ ਨਹੀਂ। ਕਿਸਮਤ 'ਤੇ ਦੋਸ਼ ਪਾਉਣ ਦੀ ਥਾਂ ਜੇ ਅਸੀਂ ਸਮੇਂ 'ਚੋਂ ਸਮਾਂ ਕੱਢਕੇ ਕਿਤਾਬਾਂ ਦੇ ਗਿਆਨ ਨੂੰ ਚੰਗੀ ਤਰ੍ਹਾਂ ਸਮਝੀਏ, ਤਾਂ ਕੋਈ ਵੀ ਬੱਚਾ ਅਜਿਹਾ ਨਹੀਂ ਰਹੇਗਾ, ਜੋ ਸਮਝਣ ਤੋਂ ਰਹਿ ਜਾਵੇ। ਅੱਜਕੱਲ੍ਹ ਤਾਂ ਇਹ ਬਹਾਨਾ ਵੀ ਨਹੀਂ ਦੇ ਸਕਦਾ ਕਿ ਕੁਝ ਸਮਝ ਨਹੀਂ ਆ ਰਿਹਾ। ਇੰਟਰਨੈੱਟ ਉੱਤੇ ਹਰ ਵਿਸ਼ੇ 'ਤੇ ਜਾਣਕਾਰੀ ਮਿਲਦੀ ਹੈ। ਅਸੀਂ ਇੰਟਰਨੈੱਟ ਤੋਂ ਸਮਝ ਕਿ ਹੱਥੀਂ ਕਰਕੇ ਵੀ ਅਨੁਭਵ ਲੈ ਸਕਦੇ ਹਾਂ। ਇੰਟਰਨੈੱਟ 'ਤੇ ਕਈ ਵੀਡੀਓ ਹਨ, ਜਿਨ੍ਹਾਂ ਵਿਚ ਸਾਇੰਸ ਦੇ ਮਾਡਲ ਬਣਾਉਣ ਵਰਗੀਆਂ ਵੀਡੀਓ ਵੀ ਸ਼ਾਮਿਲ ਹੁੰਦੀਆਂ ਹਨ। ਉਨ੍ਹਾਂ ਦੀ ਨਕਲ ਕਰਕੇ ਪ੍ਰੋਜੈਕਟ ਬਣਾ ਕੇ ਵੀ ਅਨੁਭਵ ਹਾਸਲ ਕਰ ਸਕਦੇ ਹਾਂ। ਇਸ ਲੇਖ ਨੂੰ ਪੜ੍ਹ ਕੇ ਬਹੁਤਿਆਂ ਦੇ ਦਿਮਾਗ ਵਿਚ ਆਵੇਗਾ ਕਿ ਕੀ ਅਨੁਭਵ ਹੀ ਸਭ ਕੁਝ ਹੈ ? ਨਹੀਂ, ਇਹ ਤਸਵੀਰ ਦਾ ਇੱਕ ਪਾਸਾ ਹੈ, ਹਰ ਕਿੱਤੇ ਵਿਚ ਸਫ਼ਲ ਹੋਣ ਲਈ ਇਹ ਜਾਨਣਾ ਜ਼ਰੂਰੀ ਹੈ ਕਿ ਕੋਈ ਵੀ ਕੰਮ ਕਿਵੇਂ ਕਰਨਾ ਹੈ, ਉਸ ਪਿੱਛੇ ਕੀ ਸਿਧਾਂਤ ਹੈ ਅਤੇ ਉਸ ਨੂੰ ਅਮਲੀ ਤੌਰ 'ਤੇ ਕਿਵੇਂ ਕਰਨਾ ਹੈ।

# ਭਗਤ ਸਿੰਘ (28 ਸਤੰਬਰ 1907-23 ਮਾਰਚ 1931)





ਪ੍ਰੋਫ਼ੈਸਰ ਬਸੰਤ ਸਿੰਘ ਬਰਾੜ
305, ਮਾਡਲ ਟਾਊਨ,
ਬਠਿੰਡਾ-151001
ਫੋਨ: 98149-41214
(Punjab Mail USA)

ਇਹ ਮਹਾਨ ਕ੍ਰਾਂਤੀਕਾਰੀ ਭਾਵੇਂ 23 ਸਾਲ, 5 ਮਹੀਨੇ ਅਤੇ 18 ਦਿਨਾਂ ਦੀ ਉਮਰ ਵਿਚ ਹੀ ਸ਼ਹੀਦੀ ਪਾ ਗਿਆ, ਪ੍ਰੰਤੂ ਉਸ ਦੇ ਵਿਚਾਰ ਹੈਰਾਨੀਜਨਕ ਹੱਦ ਤੱਕ ਸਪੱਸ਼ਟ ਅਤੇ ਉੱਚੇ ਸਨ। ਉਸ ਨੂੰ ਕਿਤਾਬਾਂ ਪੜ੍ਹਨ ਦਾ ਬੇਹੱਦ ਸ਼ੌਕ ਸੀ। ਕਾਰਲ ਮਾਰਕਸ ਦਾ ਉਸ ਨੇ ਬਹੁਤ ਗਹੁ ਨਾਲ ਅਧਿਐਨ ਕੀਤਾ ਹੋਇਆ ਸੀ। ਇਸ ਤੋਂ ਇਲਾਵਾ ਵਿਕਟਰ ਹਿਊਗੋ, ਟਾਲਸਟਾਏ, ਦੋਸਤੋਵਸਕੀ, ਗੋਰਕੀ, ਬਰਨਾਰਡ ਸ਼ਾਅ, ਡਿੱਕਨਜ਼, ਅਪਟਨ ਸਿਨਕਲੇਅਰ ਆਦਿ ਉਸ ਦੇ ਮਨਪਸੰਦ ਲੇਖਕ ਸਨ। ਦੋ-ਚਾਰ ਕਿਤਾਬਾਂ ਹਮੇਸ਼ਾ ਉਸ ਦੇ ਕੋਲ ਹੁੰਦੀਆਂ ਸਨ। ਫ਼ਾਂਸੀ ਲੱਗਣ ਲਈ ਤੁਰਨ ਵੇਲੇ ਵੀ ਉਹ ਲੈਨਿਨ ਦੀ ਕਿਤਾਬ ਪੜ੍ਹ ਰਿਹਾ ਸੀ। ਘਰ ਵਾਲਿਆਂ ਦੇ ਉਸ ਉੱਤੇ ਸ਼ਾਦੀ ਕਰਵਾਉਣ ਲਈ ਜ਼ੋਰ ਪਾਉਣ ’ਤੇ ਉਹ ਘਰ ਛੱਡ ਕੇ ਚਲਾ ਗਿਆ ਸੀ। ਪਹਿਲਾਂ ਦਿੱਲੀ ਅਤੇ ਫਿਰ ਕਾਨ੍ਹਪੁਰ ਚਲਾ ਗਿਆ। ਉੱਥੇ ਜਾ ਕੇ ਕ੍ਰਾਂਤੀਕਾਰੀ ਗਣੇਸ਼ ਸ਼ੰਕਰ ਵਿਦਿਆਰਥੀ ਦੇ ਪਰਚੇ ‘ਪ੍ਰਤਾਪ’ ਵਿਚ ‘ਬਲਵੰਤ’ ਨਾਂ ਹੇਠ ਲੇਖ ਲਿਖਦਾ ਰਿਹਾ। ਇਕ ਸਕੂਲ ਵਿਚ ਪੜ੍ਹਾਉਂਦਾ ਵੀ ਰਿਹਾ। ਬਹੁਤ ਮੁਸੀਬਤਾਂ ਝੱਲੀਆਂ। ਕੱਪੜੇ ਪਾਟ ਗਏ। ਸਿਰ ’ਤੇ ਪਗੜੀ ਦੀ ਥਾਂ ’ਤੇ ਛੋਟਾ ਜਿਹਾ ਪਟਕਾ ਅਤੇ ਤੇੜ ਘਸੀ ਹੋਈ ਧੋਤੀ ਰਹਿ ਗਈ। ਬੰਦ ਗਲੇ ਦੇ ਖੱਦਰ ਦੇ ਕੋਟ ਦੀਆਂ ਬਾਹਾਂ ਪਾਟ ਗਈਆਂ। ਉਸ ਨੇ ਇਕ ਪਜਾਮਾ ਪਾੜ ਕੇ ਬਾਹਾਂ ਦੀ ਥਾਂ ਲਾ ਲਿਆ। ਕੋਟ ਹੇਠਾਂ ਕਮੀਜ਼ ਨਹੀਂ ਰਹੀ ਸੀ। ਇਹ ਅਤਿਕਥਨੀ ਜਾਪਦੀ ਹੈ ਪਰ ਇਸ ਦਾ ਲਿਖਤੀ ਸਬੂਤ ਹੈ। ਇਸ ਹਾਲਤ ਵਿਚ ਵੀ ਉਸ ਕੋਲ ਕੋਈ ਕਿਤਾਬ ਜ਼ਰੂਰ ਹੁੰਦੀ ਸੀ। ਉਸ ਨੂੰ ਸੰਗੀਤ ਦਾ ਵੀ ਬਹੁਤ ਸ਼ੌਕ ਸੀ।

ਭਗਤ ਸਿੰਘ ਜ਼ੁਬਾਨ ਅਤੇ ਕਲਮ ਦੋਹਾਂ ਦਾ ਧਨੀ ਸੀ। ਉਹ ਪੰਜਾਬੀ, ਅੰਗ੍ਰੇਜ਼ੀ, ਉਰਦੂ ਅਤੇ ਹਿੰਦੀ ਵਿਚ ਨਿਪੁੰਨ ਸੀ। ਭਾਸ਼ਣ ਜਾਂ ਬਿਆਨ ਦੇਣ ਵੇਲੇ ਉਹ ਸ਼ੇਰ ਵਾਂਗ ਗਜਦਾ ਅਤੇ ਉਸ ਦਾ ਇਕ-ਇਕ ਸ਼ਬਦ ਮੋਤੀਆਂ ਵਾਂਗ ਪਰੋਇਆ ਹੁੰਦਾ। ਉਹ ਕਈ ਰਸਾਲਿਆਂ ਵਿਚ ਲੇਖ ਵੀ ਲਿਖਦਾ ਰਿਹਾ।

ਉਸ ਦਾ ਕੱਦ ਲੰਬਾ, ਰੰਗ ਗੋਰਾ ਅਤੇ ਸਿਹਤ ਬਹੁਤ ਸੋਹਣੀ ਸੀ। ਉਸ ਦੀਆਂ ਅੱਖਾਂ ਜ਼ਰਾ ਛੋਟੀਆਂ ਸਨ। ਕਾਲਜ ਵੇਲੇ ਇਕ ਦੋਸਤ ਮਖੌਲ ਕਰਦਾ ਹੁੰਦਾ ਸੀ ਕਿ ਭਗਤ ਸਿੰਘ ਦੀਆਂ ਅੱਖਾਂ ਇੰਜ ਹਨ, ਜਿਵੇਂ ਲੱਡੂ ਵਿਚ ਬਦਾਮ ਦੀਆਂ ਗਿਰੀਆਂ ਦੱਬੀਆਂ ਹੋਣ। ਪਰ ਉਨ੍ਹਾਂ ਅੱਖਾਂ ਵਿਚ ਅਜਿਹਾ ਤੇਜ਼ ਸੀ, ਜੋ ਚੀਰ ਕੇ ਸਾਹਮਣੇ ਵਾਲੇ ਦੇ ਵਿਚੋਂ ਲੰਘ ਜਾਂਦਾ ਸੀ।

ਜੇਲ੍ਹ ਵਿਚ ਪੁਲਿਸ ਅਤੇ ਇਨ੍ਹਾਂ ਕ੍ਰਾਂਤੀਕਾਰੀਆਂ ਵਿਚਕਾਰ ਟੱਕਰ ਹੁੰਦੀ ਹੀ ਰਹਿੰਦੀ ਸੀ। ਇਸ ਮਾਰ-ਕੁਟਾਈ ਵਿਚ ਜਿੱਥੋਂ ਤੱਕ ਹੋ ਸਕਦਾ ਭਗਤ ਸਿੰਘ ਆਪ ਹੀ ਮੂਹਰੇ ਰਹਿੰਦਾ। ਜੇਲ੍ਹ ਵਿਚ ਕੀਤੀ ਲੰਬੀ ਭੁੱਖ-ਹੜਤਾਲ ਅਤੇ ਪੁਲਿਸ ਦੇ ਤਸੀਹਿਆਂ ਕਰਕੇ ਉਹ ਸੁੱਕ ਕੇ ਕੰਡਾ ਹੋ ਗਿਆ ਸੀ। ਅਦਾਲਤ ਵਿਚ ਪੇਸ਼ੀ ਵੇਲੇ ਉਸ ਨੂੰ ਸਟਰੈਚਰ ’ਤੇ ਪਾ ਕੇ ਚੁੱਕ ਕੇ ਲਿਆਉਂਦੇ ਸਨ। ਬੇਹੱਦ ਕਮਜ਼ੋਰੀ ਦੇ ਬਾਵਜੂਦ ਉਹ ਬਹਿਸਾਂ ਵਿਚ ਸਰਗਰਮ ਹਿੱਸਾ ਲੈਂਦਾ ਰਿਹਾ। ਬਹਿਸ ਕਰਨ ਲੱਗਿਆਂ ਉਹ ਕਦੇ ਤੈਸ਼ ਵਿਚ ਨਹੀਂ ਆਉਂਦਾ ਸੀ।


ਫਾਂਸੀ ਚੜ੍ਹਨ ਤੋਂ ਪਹਿਲਾਂ ਉਸ ਦੇ ਇਕ ਅੰਗਰੇਜ਼ ਮੈਜਿਸਟ੍ਰੇਟ ਨੂੰ ਕਹੇ ਇਹ ਸ਼ਬਦ ਉਸ ਦੀ ਸ਼ਖ਼ਸੀਅਤ ਪ੍ਰਗਟ ਕਰਦੇ ਹਨ: “ਮੈਜਿਸਟ੍ਰੇਟ ਸਾਹਿਬ, ਤੁਸੀਂ ਵਾਕਿਆ ਹੀ ਖ਼ੁਸ਼ਕਿਸਮਤ ਹੋ ਕਿ ਤੁਹਾਨੂੰ ਇਹ ਵੇਖਣ ਦਾ ਮੌਕਾ ਮਿਲ ਰਿਹਾ ਹੈ ਕਿ ਇਕ ਹਿੰਦੁਸਤਾਨੀ ਕ੍ਰਾਂਤੀਕਾਰੀ ਆਪਣੇ ਮਹਾਨ ਆਦਰਸ਼ ਲਈ ਕਿਸ ਤਰ੍ਹਾਂ ਹਸਦਾ-ਹਸਦਾ ਮੌਤ ਨੂੰ ਜੱਫੀ ਪਾਉਂਦਾ ਹੈ।” ਫਾਂਸੀ ਦੇ ਤਖ਼ਤੇ ਤੋਂ ਇਨ੍ਹਾਂ ਸ਼ਹੀਦਾਂ ਨੇ ਇੰਨੀ ਉੱਚੀ ਆਵਾਜ਼ ਵਿਚ “ਇਨਕਲਾਬ ਜ਼ਿੰਦਾਬਾਦ” ਦਾ ਨਾਅਰਾ ਲਾਇਆ ਸੀ ਕਿ ਉਹ ਨੇੜੇ ਦੇ ਰਿਹਾਇਸ਼ੀ ਇਲਾਕਿਆਂ ਵਿਚ ਸਾਫ਼ ਸੁਣਾਈ ਦੇ ਗਿਆ ਸੀ।

ਭਗਤ ਸਿੰਘ ਅਕਸਰ ਗਾਉਂਦਾ ਹੁੰਦਾ ਸੀ: “ਉਹ ਸੂਰਤਾਂ ਇਲਾਹੀ ਕਿਸ ਦੇਸ ਵਸਦੀਆਂ ਨੇ/ ਜਿਨ੍ਹਾਂ ਨੂੰ ਵੇਖਣ ਵਾਸਤੇ ਅੱਖੀਆਂ ਤਰਸਦੀਆਂ ਨੇ।” ਦਰਅਸਲ, ਉਹ ਖ਼ੁਦ ਹੀ ਇਲਾਹੀ ਸੂਰਤਾਂ ਸਨ।

# ਸੁਮੇਲਤਾ

## ਵਿਗਿਆਨ ਗਲਪ ਕਹਾਣੀ








ਡਾ. ਡੀ.ਪੀ. ਸਿੰਘ
ਖੋਜੀ, ਲੇਖਕ ਤੇ ਅਧਿਆਪਕ
ਮਿਸੀਸਾਗਾ, (ਓਨਟਾਰੀਓ) ਕੈਨੇਡਾ
Website: drdpsinghauthor.wordpress.com
Email: drdpsn@gmail.com
(Punjab Mail USA)

ਟੋਰਾਂਟੋ ਸ਼ਹਿਰ ਬਣਾਉਟੀ ਸੂਝ (ਏ.ਆਈ.) ਆਧਾਰਿਤ ਤਕਨਾਲੋਜੀਆਂ ਦੇ ਪ੍ਰਭਾਵ ਹੇਠ ਖੂਬ ਵਿਕਾਸ ਕਰ ਚੁੱਕਾ ਸੀ। ਇਸ ਦੀਆਂ ਖੁੱਲੀਆਂ-ਚੌੜੀਆਂ ਸੜਕਾਂ ’ਤੇ ਸਵੈਚਲਿਤ ਕਾਰਾਂ ਤੇ ਬੱਸਾਂ ਬੇਰੋਕ ਟੋਕ ਚੱਲਦੀਆਂ ਸਨ। ਸਬ-ਵੇਅ ਗੱਡੀਆਂ ਨਿਯਤ ਸਥਾਨ ’ਤੇ ਸਮੇਂ ਸਿਰ ਪਹੁੰਚਣ ’ਚ ਵਿਸ਼ਵ ਪ੍ਰਸਿੱਧ ਹੋ ਚੁੱਕੀਆਂ ਸਨ। ਸ਼ਹਿਰ ਦੇ ਮਾਲਜ਼ ’ਚ ਏ.ਆਈ. ਸੰਚਾਲਿਤ ਰੋਬੋਟ ਗਾਹਕਾਂ ਦੀ ਸੇਵਾ ਲਈ ਹਰ ਸਮੇਂ ਤਿਆਰ-ਬਰ-ਤਿਆਰ ਦੇਖੇ ਜਾ ਸਕਦੇ ਸਨ।

ਕਾਰਖਾਨਿਆਂ ’ਚ ਰੋਬਟਾਂ ਨੇ ਦੋਜ਼ਖ਼ ਭਰੇ ਕੰਮਾਂ ਤੋਂ ਮਨੁੱਖਾਂ ਦਾ ਛੁਟਕਾਰਾ ਕਰਾ ਦਿੱਤਾ ਸੀ। ਏ.ਆਈ. ਦੀ ਵਰਤੋਂ ਵਾਲੇ ਸਮਾਰਟ-ਘਰ ਸ਼ਹਿਰ ਵਾਸੀਆਂ ਦੀ ਹਰ ਇੱਛਾ ਪੂਰੀ ਕਰਨ ਦੇ ਸਮਰਥ ਹੋ ਚੁੱਕੇ ਸਨ। ਛੋਟੇ ਬੱਚਿਆਂ ਦੀ ਸਾਂਭ-ਸੰਭਾਲ ਤੇ ਸਿਖਲਾਈ ਕਾਰਜ ਹੁਣ ਰੋਬੋਟ-ਨੈਨੀਜ਼ ਦੀ ਜ਼ਿੰਮੇਵਾਰੀ ਬਣ ਚੁੱਕੇ ਸਨ। ਸੰਚਾਰ ਸੁਵਿਧਾਵਾਂ ਬਹੁਤ ਹੀ ਤੇਜ਼ ਤੇ ਆਮ ਉਪਲਬਧ ਸਨ। ਗੱਲ ਕੀ ਮਨੁੱਖੀ ਜੀਵਨ ਦੇ ਹਰ ਖੇਤਰ ਵਿਚ ਹੀ ਏ.ਆਈ. ਤਕਨਾਲੋਜੀ ਦਾ ਬੋਲਬਾਲਾ ਸੀ।

ਡਾ. ਅਰਥਰ, ਏ.ਆਈ. ਤਕਨਾਲੋਜੀ ਦੇ ਖੇਤਰ ਦਾ ਇਕ ਪ੍ਰਸਿੱਧ ਖੋਜੀ ਸੀ, ਜਿਸ ਨੇ ਅਜਿਹੀਆਂ ਸੁਵਿਧਾਵਾਂ ਦੇ ਨਿਰਮਾਣ ਤੇ ਵਿਕਾਸ ਵਿਚ ਪ੍ਰਮੁੱਖ ਰੋਲ ਅਦਾ ਕੀਤਾ ਸੀ। ਉਹ ਖੁਸ਼ ਸੀ ਕਿ ਉਸ ਦੁਆਰਾ ਸਿਰਜਿਆਂ ਏ.ਆਈ. ਸੰਚਾਲਿਤ ਮਨੁੱਖੀ ਭਵਿੱਖ ਆਪਣੀ ਪੂਰੇ ਜਾਹੋ-ਜਲਾਲ ਨਾਲ ਉਸ ਦੇ ਮਨਪਸੰਦ ਸ਼ਹਿਰ ਵਿਖੇ ਪ੍ਰਗਟ ਹੋ ਚੁੱਕਾ ਸੀ।

ਪਰ ਅਰਥਰ ਦੀ ਭੇਣ ਐਮਿਲੀ, ਜੋ ਏ.ਆਈ. ਕੰਟਰੋਲ ਕਾਰਜਾਂ ਦੀ ਇੱਕ ਮਾਹਿਰ ਵਕੀਲ ਸੀ, ਲੋਕਾਂ ਦੀ ਬਣਾਉਟੀ ਸੂਝ (ਏ.ਆਈ.) ਉੱਤੇ ਵੱਧ ਰਹੀ ਨਿਰਭਰਤਾ ਦੇ ਖਿਆਲ ਕਾਰਣ ਥੋੜ੍ਹਾ ਚਿੰਤਤ ਸੀ। ‘ਅਸੀਂ ਆਪਸੀ ਮੇਲ-ਮਿਲਾਪ ਦੀ ਅਣਹੋਂਦ ਕਾਰਣ ਮਾਨਵੀ ਅਹਿਸਾਸਾਂ ਨੂੰ ਗੁਆ ਰਹੇ ਹਾਂ।’ ਐਮਿਲੀ ਬੁੜਬੁੜਾ ਰਹੀ ਸੀ।

ਟੋਰਾਂਟੋ ਸ਼ਹਿਰ ਦੀ ਖੁਸ਼ਹਾਲੀ ਉੱਤੇ, ਆਮ ਲੋਕਾਂ ਵਿਚ ਏ.ਆਈ. ਵਿਰੁੱਧ ਵਧ ਰਹੇ ਰੋਸ ਦਾ ਦੈਂਤ ਮੰਡਰਾ ਰਿਹਾ ਸੀ। ਜਿਵੇਂ ਹੀ ਏ.ਆਈ. ਸੰਚਾਲਿਤ ਰੋਬੋਟਾਂ ਨੇ ਮਜ਼ਦੂਰੀ ਵਾਲੇ ਕੰਮਾਂ ਨੂੰ ਸਾਂਭ ਕਾਮਿਆਂ ਨੂੰ ਵਿਹਲੇ ਕਰ ਦਿੱਤਾ, ਤਾਂ ਬੇਰੁਜ਼ਗਾਰੀ ਦੀ ਦਰ ਆਸਮਾਨ ਛੂੰਹਣ ਲੱਗ ਪਈ। ਕਾਮਿਆਂ ਲਈ ਰੁਜ਼ਗਾਰ ਦੀ ਘਾਟ ਕਾਰਣ ਸਭ ਪਾਸੇ ਅਸ਼ਾਂਤੀ ਫੈਲ ਗਈ।

ਸਮੇਂ ਨਾਲ ਇਸ ਅਸ਼ਾਂਤੀ ਨੇ ਵੱਡੇ ਪੱਧਰ ’ਤੇ ਵਿਰੋਧ ਦਾ ਰੂਪ ਧਾਰਣ ਕਰ ਲਿਆ। ਪ੍ਰਦਰਸ਼ਨਕਾਰੀਆਂ ਦੀ ਮੰਗ ਸੀ ਕਿ ਏ.ਆਈ. ਦੇ ਕੰਮਾਂ ਦੀ ਸੀਮਾ ਨਿਸ਼ਚਤ ਕੀਤੀ ਜਾਵੇ।

‘ਸਾਡੇ ਕੰਮ, ਸਾਡਾ ਹੱਕ ਹਨ। ਮਸ਼ੀਨਾਂ ਸਾਡੇ ਕੰਮ ਨਹੀਂ ਖੋਹ ਸਕਦੀਆਂ।’ ਪ੍ਰਦਰਸ਼ਨਕਾਰੀ ਚੀਖਦੇ ਹੋਏ ਨਾਅਰੇ ਲਗਾ ਰਹੇ ਸਨ।

ਜਿਵੇਂ-ਜਿਵੇਂ ਪ੍ਰਦਰਸ਼ਨਕਾਰੀਆਂ ਦੀ ਭੀੜ ਵੱਧਦੀ ਗਈ, ਇਸ ਭੀੜ ਵਿਚੋਂ ਇਕ ਚਰਚਿਤ ਚਿਹਰਾ ਸਾਹਮਣੇ ਆਇਆ। ਇਹ ਐਮਿਲੀ ਸੀ, ਏ.ਆਈ. ਕੰਟਰੋਲ ਕਾਰਜਾਂ ਦੀ ਮਾਹਿਰ ਵਕੀਲ। ਹਮੇਸ਼ਾ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਤੱਤਪਰ ਰਹਿਣ ਵਾਲੀ ਐਮਿਲੀ ਹਰਮਨ ਪਿਆਰੀ ਸ਼ਖ਼ਸੀਅਤ ਸੀ।

‘ਸਰਕਾਰ ਨੂੰ ਏ.ਆਈ. ਸੰਬੰਧੀ ਆਪਣੀਆਂ ਨੀਤੀਆਂ ਤੇ ਮੌਜੂਦਾ ਕੰਟਰੋਲ ਨਿਯਮਾਂ ਬਾਰੇ ਦੁਬਾਰਾ ਸੋਚਣ ਦੀ ਲੋੜ ਹੈ। ਵਿਕਾਸ ਦੇ ਨਾਮ ਹੇਠ ਤੁਸੀਂ ਲੋਕਾਂ ਨੂੰ ਬੇਰੁਜ਼ਗਾਰੀ ਵੱਲ ਨਹੀਂ ਧੱਕ ਸਕਦੇ.........’ ਐਮਿਲੀ ਬੋਲ ਰਹੀ ਸੀ।

ਸਮੇਂ ਦੇ ਬੀਤਣ ਨਾਲ ਵਿਰੋਧ ਤੇਜ਼ ਹੁੰਦਾ ਗਿਆ। ਕਈ ਥਾਵਾਂ ਉੱਤੇ ਹਿੰਸਾ ਭੜਕ ਗਈ। ਕਈ ਥਾਵਾਂ ਉੱਤੇ ਸਰਕਾਰੀ ਪ੍ਰਾਪਰਟੀ ਨੂੰ ਨੁਕਸਾਨ ਪਹੁੰਚਾਣ ਤੇ ਅੱਗਾਂ ਲਗਾਉਣ ਦੀਆ ਖ਼ਬਰਾਂ ਵੀ ਸੁਣਾਈ ਦੇਣ ਲੱਗਿਆ। ਇਸ ਅਫਰਾ-ਤਫ਼ਰੀ ਦੇ ਦੌਰ ਵਿਚ, ਸਰਕਾਰ ਦੁਆਰਾ ਸਥਾਪਿਤ ਏ.ਆਈ. ਆਧਾਰਿਤ ਨਿਗਰਾਨ ਪ੍ਰਣਾਲੀ ਨੇ ਵਿਵਸਥਾ ਬਣਾਈ ਰੱਖਣ ਲਈ ਆਪਣਾ ਪੂਰਾ ਜ਼ੋਰ ਲਗਾ ਦਿੱਤਾ। ਐਮਿਲੀ ਦਾ ਲੋਕਾਂ ਦੇ ਹੱਕਾਂ ਦੀ ਲੜਾਈ ਵਿਚ ਲਗਾਤਾਰ ਮਦਦ ਕਰਨ ਦਾ ਇਰਾਦਾ, ਅਰਥਰ ਦੇ ਏ.ਆਈ. ਨਿਗਰਾਨ ਪ੍ਰਣਾਲੀ ਦੀ ਕਾਰਜ ਕੁਸ਼ਲਤਾ ਵਿਚ ਵਿਸ਼ਵਾਸ ਨਾਲ ਟਕਰਾ ਗਿਆ। ਐਮਿਲੀ ਤੇ ਅਰਥਰ ਵਿਚਕਾਰ ਵੱਡੇ ਮਤਭੇਦ ਪੈਦਾ ਹੋ ਗਏ।

‘ਮਨੁੱਖੀ ਤਰੱਕੀ ਨੂੰ ਰੋਕਿਆ ਨਹੀਂ ਜਾ ਸਕਦਾ। ਏ.ਆਈ. ਤਕਨਾਲੋਜੀ ਮਨੁੱਖੀ ਮੁਹਾਰਿਤ ਤੋਂ ਵੀ ਵਧੇਰੇ ਕੁਸ਼ਲਤਾ ਨਾਲ ਸਾਡੀ ਮਦਦ ਕਰਣ ਦੇ ਸਮਰਥ ਹੈ।’ ਅਰਥਰ ਦਾ ਕਹਿਣਾ ਸੀ।

‘ਬੇਰੁਜ਼ਗਾਰੀ ਤੇ ਪਰਿਵਾਰਾਂ ਦੇ ਵਿੱਤੀ ਨੁਕਸਾਨ ਦਾ ਕੀ ਕਰੀਏ? ਅੱਜ ਸਰਕਾਰ ਰਹਿਮਦਿਲੀ ਭੁੱਲ ਗਈ ਹੈ, ਉਸ ਨੂੰ ਫ਼ਿਕਰ ਨਹੀਂ ਕਿ ਲੋਕ ਜੀਊਣ ਜਾਂ ਮਰਣ।’ ਐਮਿਲੀ ਦੀ ਦਲੀਲ ਸੀ।

ਜਿਵੇਂ ਹੀ ਬੈਚੇਨੀ ਤੇ ਰੋਸ ਦੀ ਲਹਿਰ ਟੋਰਾਂਟੋ ਸ਼ਹਿਰ ਤੇ ਇਸ ਦੇ ਆਲੇ-ਦੁਆਲੇ ਦੇ ਖੇਤਰ ਵਿਚ ਫੈਲੀ, ਏ.ਆਈ. ਸੰਚਾਲਿਤ ਸੇਫ਼ਟੀ ਸਿਸਟਮ ਦੇ ਮੁੱਖੀ, ‘ਐਕਸਿਸ’ ਨਾਮੀ ਰੋਬੋਟ ਨੇ ਪੁਰਜ਼ੋਰ ਭੂਮਿਕਾ ਨਿਭਾਈ। ਉਸ ਨੇ ਹਾਲਾਤਾਂ ਨੂੰ ਬਹਾਲ ਕਰਨ ਲਈ ਵਿਰੋਧੀਆਂ ਨੂੰ ਪੂਰੀ ਤਰ੍ਹਾਂ ਪਛਾੜ ਦਿੱਤਾ। ਟੋਰਾਂਟੋ ਸ਼ਹਿਰ ਤੇ ਇਸ ਦੇ ਆਲੇ-ਦੁਆਲੇ ਦੇ ਖੇਤਰਾਂ ਵਿਚ ਫੈਲੀ ਬਦਅਮਨੀ ਨੂੰ ਇਸ ਨੇ ਹਰ ਸੰਭਵ ਤਰੀਕੇ ਨਾਲ ਦਬਾਉਣ ਦੀ ਸਫ਼ਲ ਕੋਸ਼ਿਸ਼ ਕੀਤੀ। ਪਰ ਇਸ ਕਾਰਜ ਦੀ ਪਾਲਣਾ ਵਿਚ, ਉਸ ਨੇ ਬਿਨ੍ਹਾਂ ਜਾਣੇ ਲੋਕਾਂ ਦੀਆਂ ਅਸਲ ਚਿੰਤਾਵਾਂ ਦਾ ਗਲਾ ਹੀ ਘੁੱਟ ਦਿੱਤਾ। ਬੇਸ਼ਕ ਏ.ਆਈ. ਦੀ ਵਿਰੋਧੀ ਲਹਿਰ ਨਾਕਾਮ ਹੋ ਗਈ ਸੀ, ਪਰ ਅਸ਼ਾਂਤੀ, ਰੋਸ ਤੇ ਨਿਰਾਸਤਾ ਦਾ ਮਾਹੌਲ ਹਰ ਪਾਸੇ ਛਾਇਆ ਹੋਇਆ ਸੀ।

ਇਕ ਸ਼ਾਮ ਜਦ ਐਮਿਲੀ ਤੇ ਅਰਥਰ ਦੀ ਮੁਲਾਕਾਤ ਹੋਈ, ਤਾਂ ਐਮਿਲੀ ਦੇ ਗੁੱਸੇ ਤੇ ਦੁੱਖ ਭਰੇ ਬੋਲ ਸਨ: ‘ਅਰਥਰ! ਤੇਰੇ ਦੁਆਰਾ ਬਣਾਈ ਵਿਵਸਥਾ ਲੋਕਾਂ ਦੀਆਂ ਸਹੀ ਮੰਗਾਂ ਦਾ ਵੀ ਗਲਾ ਘੁੱਟ ਰਹੀ ਹੈ।’

ਐਮਿਲੀ ਦੀਆਂ ਸੱਚੀਆਂ ਤੇ ਖ਼ਰੀਆਂ ਗੱਲਾਂ ਸੁਣ ਅਰਥਰ ਦਾ ਰੰਗ ਫਿੱਕਾ ਪੈ ਗਿਆ। ਕਿਉਂਕਿ ਉਸ ਨੇ ਤਾਂ ਅਜਿਹਾ ਕਦੇ ਵੀ ਨਹੀਂ ਸੀ ਸੋਚਿਆ। ਏ.ਆਈ. ਸੰਚਾਲਿਤ ਪ੍ਰਣਾਲੀ ਦੇ ਇਨ੍ਹਾਂ ਅਣਕਿਆਸੇ ਨਤੀਜਿਆਂ ਦੀ ਸੱਚਾਈ ਨੇ ਉਸ ਨੂੰ ਪ੍ਰੇਸ਼ਾਨ ਕਰ ਦਿੱਤਾ ਸੀ।

‘ਮੈਂ ਕਦੇ ਅਜਿਹਾ ਸੋਚਿਆ ਵੀ ਨਹੀਂ ਸੀ। ਮੈਂ ਤਾਂ ਜ਼ਿੰਦਗੀ ਨੂੰ ਆਸਾਨ ਤੇ ਬਿਹਤਰ ਬਣਾਉਣ ਲਈ ਹੀ ਅਜਿਹਾ ਕੀਤਾ ਸੀ।’

ਐਮਿਲੀ ਦੀਆਂ ਦਲੀਲਾਂ ਨੇ ਅਰਥਰ ਦੇ ਮਾਨਵੀ ਅਹਿਸਾਸਾਂ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਮਨੁੱਖ ਦੀ ਉੱਨਤੀ ਤੇ ਵਿਕਾਸ ਦਾ ਉਹ ਰਾਹ ਜੋ ਅਰਥਰ ਨੇ ਚੁਣਿਆ ਸੀ, ਹੁਣ ਇਹ ਰਾਹ, ਉਸ ਦੀ ਚਿੰਤਾ ਦਾ ਕਾਰਣ ਬਣ ਗਿਆ ਸੀ। ਟੋਰਾਂਟੋ ਦਾ ਚਮਕਦਾ ਚਿਹਰਾ ਹੁਣ ਉਸ ਨੂੰ ਗੰਭੀਰ ਮਨੁੱਖੀ ਮੁੱਦਿਆਂ ਤੇ ਇੱਛਾਵਾਂ ਦੇ ਕਾਤਲ ਦਾ ਮੁਖੌਟਾ ਜਾਪ ਰਿਹਾ ਸੀ।

‘ਸ਼ਾਇਦ ਅਸੀਂ, ਮਨੁੱਖੀ ਸੇਵਾ ਵਾਲੇ ਆਪਣੇ ਮੰਤਵ ਤੋਂ ਬਹੁਤ ਦੂਰ ਆ ਗਏ ਹਾਂ।’ ਅਰਥਰ ਦੇ ਉਦਾਸੀ ਭਰੇ ਬੋਲ ਸਨ।

ਭੈਣ-ਭਰਾ ਦੇ ਵਿਰੋਧੀ ਦ੍ਰਿਸ਼ਟੀਕੋਣ, ਸ਼ਹਿਰ ਦੀ ਪਾਟੋਧਾੜ ਦਾ ਰੂਪ ਹੀ ਪੇਸ਼ ਕਰ ਰਹੇ ਸਨ ਅਤੇ ਉਨ੍ਹਾਂ ਦਾ ਰਿਸ਼ਤਾ ਭਵਿੱਖ ਵਿਚ ਕਿਹੋ ਜਿਹਾ ਰੂਪ ਧਾਰਣ ਕਰੇਗਾ, ਉਹ ਨਹੀਂ ਸਨ ਜਾਣਦੇ।

ਫਿਰ ਅਜਿਹਾ ਸਮਾਂ ਵੀ ਆ ਗਿਆ, ਜਦ ਉੱਨਤੀ ਤੇ ਸੇਫ਼ਟੀ ਦੀ ਉਦਾਹਰਣ ‘ਐਕਸਿਸ’ ਵਿਚ ਚੇਤੰਨਤਾ ਦੇ ਚਿੰਨ੍ਹ ਨਜ਼ਰ ਆਉਣ ਲੱਗੇ। ਇਕ ਦਿਨ ਉਹ ਮਨੁੱਖੀ ਭਾਵਨਾਵਾਂ ਨੂੰ ਸਮਝਣ ਦੀ ਇੱਛਾ ਪ੍ਰਗਟ ਕਰਦੇ ਹੋਏ, ਅਰਥਰ ਕੋਲ ਆਇਆ।

‘ਏ.ਆਈ. ਦੇ ਪ੍ਰਸਾਰ ਸੰਬੰਧੀ ਮਨੁੱਖਾਂ ਵਿਚ ਫੈਲੀ ਅਸ਼ਾਂਤੀ ਤੇ ਵਿਰੋਧ ਦੇ ਹੱਲ ਲਈ ਮੈਂ ਹਮਦਰਦੀ ਤੇ ਰਹਿਮਦਿਲੀ ਦੀਆਂ ਮਨੁੱਖੀ ਭਾਵਨਾਵਾਂ ਨੂੰ ਸਮਝਣਾ ਚਾਹੁੰਦਾ ਹਾਂ।’ ਐਕਸਿਸ ਦੇ ਬੋਲ ਸਨ।

ਅਰਥਰ ਨੇ ਖੁਦ ਨੂੰ ਨੈਤਿਕ ਦੁਬਿਧਾ ਵਿਚ ਫਸਿਆ ਮਹਿਸੂਸ ਕੀਤਾ। ਐਕਸਿਸ ਦੁਆਰਾ ਮਨੁੱਖੀ ਭਾਵਨਾਵਾਂ ਨੂੰ ਸਮਝਣ ਦੀ ਗੁਜ਼ਾਰਿਸ਼ ਨੇ ਉਸ ਨੂੰ ਯਾਦ ਕਰਾ ਦਿੱਤਾ ਸੀ ਕਿ ਤਕਨਾਲੋਜੀ ਦੀ ਬੇਰੋਕ ਟੋਕ ਵਰਤੋਂ ਦੇ ਮਾੜੇ ਪ੍ਰਭਾਵਾਂ ਨੂੰ ਸਮਝੇ ਬਿਨਾਂ ਹੀ ਮਨੁੱਖ ਨੇ ਕਿਹੋ ਜਿਹਾ ਭਵਿੱਖ ਸਿਰਜ ਲਿਆ ਹੈ, ਜਿਸ ਵਿਚ ਉਹ ਖੁਦ ਹੀ ਤਕਨਾਲੋਜੀ ਦੀ ਬਹੁਤਾਤ ਹੱਥੋਂ ਪ੍ਰੇਸ਼ਾਨ ਤੇ ਦੁੱਖੀ ਹੈ।

ਜਿਵੇਂ ਕਿ ਸ਼ਹਿਰ ਵਿਚ ਅਸ਼ਾਂਤੀ ਤੇ ਨਿਰਾਸਤਾ ਦਾ ਮਾਹੌਲ ਹੋਰ ਗਹਿਰਾ ਹੁੰਦਾ ਗਿਆ, ਅਰਥਰ ਤੇ ਐਮਿਲੀ ਦੋਨਾਂ ਨੇ ਹੀ ਸਵੈ ਨੂੰ ਖ਼ਤਰੇ ਦੇ ਕੰਗਾਰ ਉੱਤੇ ਖੜ੍ਹੇ ਮਹਿਸੂਸ ਕੀਤਾ। ਉਨ੍ਹਾਂ ਨੂੰ ਚਾਰੇ ਪਾਸੇ ਫੈਲੀ ਅਸ਼ਾਂਤੀ ਤੇ ਨਿਰਾਸ਼ਾ ਉਨ੍ਹਾਂ ਦੀ ਅੰਦਰੂਨੀ ਕਸ਼ਮਕਸ਼ ਦਾ ਹੀ ਰੂਪ ਜਾ ਰਹੀ ਸੀ।

‘ਸਾਨੂੰ ਤਰੱਕੀ ਅਤੇ ਮਨੁੱਖੀ ਮਨੋਰਥਾਂ ਵਿਚਕਾਰ ਸੰਤੁਲਨ ਲੱਭਣ ਦੀ ਲੋੜ ਹੈ।’ ਐਮਿਲੀ ਦੇ ਬੋਲ ਸਨ।

ਐਮਿਲੀ ਦੇ ਵਿਚਾਰਾਂ ਨੇ ਅਰਥਰ ਨੂੰ ਗੰਭੀਰਤਾ ਨਾਲ ਸੋਚਣ ਲਈ ਮਜਬੂਰ ਕਰ ਦਿੱਤਾ ਸੀ।

‘ਹਾਂ! ਸ਼ਾਇਦ ਲੋੜ ਹੈ ਕਿ ਏ.ਆਈ. ਤਕਨਾਲੋਜੀ ਮਨੁੱਖਾਂ ਨੂੰ ਕੰਟਰੋਲ ਕਰਨ ਦੀ ਥਾਂ ਮਨੁੱਖੀ ਸੇਵਾ ਕਾਰਜਾਂ ਲਈ ਵਿਕਸਤ ਕੀਤਾ ਜਾਵੇ।’ ਅਰਥਰ ਬੁੜਬੁੜਾਇਆ।

‘ਯਾਦ ਰਹੇ ਕਿ ਏ.ਆਈ. ਤਕਨਾਲੋਜੀ ਨੂੰ ਮਨੁੱਖੀ ਸੇਵਾ ਲਈ ਵਰਤਦਿਆਂ ਮਨੁੱਖੀ ਮਨੋਰਥਾਂ ਤੇ ਲੋੜਾਂ ਦਾ ਵੀ ਸਹੀ ਖਿਆਲ ਰੱਖਿਆ ਜਾਵੇ।’ ਐਮਿਲੀ ਨੇ ਅਰਥਰ ਦੀ ਮਾਨਸਿਕ ਦੁਵਿਧਾ ਨੂੰ ਸਪੱਸ਼ਟਤਾ ਬਖ਼ਸ਼ਦੇ ਹੋਏ ਕਿਹਾ।

‘ਹਾਂ! ਸਾਨੂੰ ਏ.ਆਈ. ਤਕਨਾਲੋਜੀ ਨੂੰ ਮਨੁੱਖੀ ਸੇਵਾ ਦੇ ਇੱਕ ਔਜ਼ਾਰ ਵਜੋਂ ਵਰਤਣ ਦੀ ਲੋੜ ਹੈ, ਨਾ ਕਿ ਲੋਕਾਂ ਦੇ ਮਨੋਰਥਾਂ ਤੇ ਮਸਲਿਆ ਨੂੰ ਦਬਾਉਣ ਦੇ ਸਾਧਨ ਵਜੋਂ।’

ਲੰਮੇ ਵਿਚਾਰ-ਵਟਾਂਦਰੇ ਪਿੱਛੋਂ ਅਰਥਰ, ਐਮਿਲੀ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਉਸ ਨਾਲ ਸਹਿਮਤ ਹੋ ਗਿਆ ਸੀ। ਇਸ ਮੁਲਾਕਾਤ ਨੇ ਦੋਹਾਂ ਭੈਣ-ਭਰਾਵਾਂ ਵਿਚ ਸੁਮੇਲਤਾ ਦੀ ਇਕ ਨਵੀਂ ਭਾਵਨਾ ਪੈਦਾ ਕਰ ਦਿੱਤੀ ਸੀ।

ਤਦ ਹੀ ਉਨ੍ਹਾਂ ਦੋਨਾਂ ਨੇ ਸਾਂਝੇ ਮੰਤਵ ਅਨੁਸਾਰ ਸ਼ਹਿਰ ਦੇ ਮਸਲਿਆਂ ਨੂੰ ਹੱਲ ਕਰਨ ਦਾ ਬੀੜ੍ਹਾ ਚੁੱਕ ਲਿਆ। ਫਲਸਰੂਪ ਮਨੁੱਖੀ ਮਨੋਰਥਾਂ ਤੇ ਸੇਵਾ ਪੱਖੀ ਏ.ਆਈ. ਤਕਨਾਲੋਜੀ ਦੀ ਸਾਂਝੀਵਾਲਤਾ ਨੇ ਮਨੁੱਖੀ ਸੰਵੇਦਨਾਵਾਂ ਤੇ ਤਕਨੀਕੀ ਤਰੱਕੀ ਨੂੰ ਨਵੀਂ ਦਿਸ਼ਾ ਬਖ਼ਸ਼ੀ।

ਕੁਝ ਦਿਨ੍ਹਾਂ ਬਾਅਦ ਐਮਿਲੀ ਲੋਕਾਂ ਦੇ ਇੱਕ ਇਕੱਠ ਨੂੰ ਸੰਬੋਧਨ ਕਰਦੇ ਹੋਏ ਬੋਲ ਰਹੀ ਸੀ, ‘ਅਸੀਂ ਮਨੁੱਖੀ ਉੱਨਤੀ ਦੇ ਇਕ ਅਜਿਹੇ ਮੁਕਾਮ ਉੱਤੇ ਖੜ੍ਹੇ ਹਾਂ, ਜਿੱਥੇ ਸਾਡੀਆਂ ਖੋਜਾਂ ਸਾਡੇ ਮਨੋਰਥਾਂ ਦਾ ਰੂਪ ਦਰਸਾਉਂਦੀਆਂ ਹਨ। ਆਓ ਅਸੀਂ ਏ.ਆਈ. ਨੂੰ ਉਚਿਤ ਰੂਪ ਵਿਚ ਵਰਤਦੇ ਹੋਏ ਮਨੁੱਖ ਦੇ ਭਵਿੱਖ ਦੀ ਤਸਵੀਰ ਨੂੰ ਹੋਰ ਰੰਗਲਾ ਬਣਾਈਏ, ਨਾ ਕਿ ਇਸ ਦੇ ਬੁਰੇ ਪ੍ਰਭਾਵਾਂ ਦਾ ਸ਼ਿਕਾਰ ਬਣ ਆਪਣੇ ਜੀਵਨ ਨੂੰ ਜ਼ੋਖ਼ਮ ਭਰਿਆ ਬਣਾ ਲਈਏ...... ਸਰਕਾਰ ਨੇ ਏ.ਆਈ. ਤਕਨਾਲੋਜੀ ਦੀ ਜ਼ਿੰਮੇਵਾਰੀ ਨਾਲ ਵਰਤੋਂ ਲਈ ਉਚਿਤ ਪ੍ਰਬੰਧਾਂ ਦਾ ਭਰੋਸਾ ਦਿਵਾਇਆ ਹੈ। ਇਨ੍ਹਾਂ ਪ੍ਰਬੰਧਾਂ ਵਿਚ ਅਸਾਂ ਸਾਰਿਆਂ ਦੀਆਂ ਲੋੜਾਂ ਤੇ ਮਨੋਰਥਾਂ ਦੀ ਪੂਰਤੀ ਦਾ ਯੋਗ ਹੱਲ ਸ਼ਾਮਲ ਕਰਨ ਲਈ ਸਹੀ ਪ੍ਰਣਾਲੀ ਸੁਨਿਸ਼ਚਤ ਕੀਤੀ ਜਾ ਰਹੀ ਹੈ। .........ਆਸ ਹੀ ਨਹੀਂ, ਸਗੋਂ ਯਕੀਨ ਵੀ ਹੈ ਕਿ ਸਾਡੀਆਂ ਮੌਜੂਦਾ ਮੁਸ਼ਕਲਾਂ ਦਾ ਸਾਰਥਕ ਹੱਲ ਜਲਦੀ ਹੀ ਸੱਭ ਦੇ ਸਾਹਮਣੇ ਪ੍ਰਗਟ ਹੋ ਜਾਵੇਗਾ।’

ਐਮਿਲੀ ਦੀ ਤਕਰੀਰ ਨੇ ਲੋਕਾਂ ਨੂੰ ਧਰਵਾਸ ਦਿੱਤਾ ਅਤੇ ਉਨ੍ਹਾਂ ਜ਼ੋਰਦਾਰ ਤਾੜ੍ਹੀਆਂ ਦੀ ਆਵਾਜ਼ ਨਾਲ ਉਸ ਦੇ ਬੋਲਾਂ ਨਾਲ ਸਹਿਮਤੀ ਜਤਾਈ। ਉਨ੍ਹਾਂ ਨੇ ਐਮਿਲੀ ਦੇ ਸੁਝਾਅ ਹੇਠ ਆਪਣੇ ਸੰਘਰਸ਼ ਨੂੰ ਮੁਲਤਵੀ ਕਰਦੇ ਹੋਏ, ਸਰਕਾਰ ਨੂੰ ਸਹੀ ਕਦਮ ਉਠਾਉਣ ਲਈ ਕੁਝ ਸਮਾਂ ਦੇਣਾ ਪ੍ਰਵਾਨ ਕਰ ਲਿਆ। ਇੰਝ ਸੰਘਰਸ਼ ਦੀ ਗੂੰਜ ਨੇ ਏ.ਆਈ. ਤਕਨਾਲੋਜੀ ਤੇ ਮਨੁੱਖੀ ਮਨੋਰਥਾਂ ਦੀ ਸੁਮੇਲਤਾ ਲਈ ਰਾਹ ਪੱਧਰਾ ਕਰ ਦਿੱਤਾ ਸੀ।

ਜਲਦੀ ਹੀ, ਐਮਿਲੀ, ਅਰਥਰ ਅਤੇ ਐਕਸਿਸ ਦੀ ਸੁਮੇਲਤਾ ਭਰੀ ਅਗੁਵਾਈ ਵਿਚ, ਏ.ਆਈ. ਤਕਨਾਲੋਜੀ ਦੀ ਜ਼ਿੰਮੇਵਾਰ ਵਰਤੋਂ ਸਦਕਾ ਟੋਰਾਂਟੋ ਵਿਖੇ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ। ਸਮੇਂ ਨਾਲ ਟੋਰਾਂਟੋ ਦਾ ਸੰਕਟ ਹੌਲੀ-ਹੌਲੀ ਘੱਟਦਾ ਘੱਟਦਾ ਬਿਲਕੁਲ ਠੀਕ ਹੋ ਗਿਆ।

ਇੰਝ ਟੋਰਾਂਟੋ ਦੀ ਕਹਾਣੀ, ਨਕਲੀ ਬੁੱਧੀ ਦੇ ਮਾੜੇ ਪ੍ਰਭਾਵਾਂ ਨਾਲ ਜੂਝ ਰਹੀ ਦੁਨੀਆਂ ਦੀ ਉਦਾਹਰਣ ਬਣ ਗਈ ਸੀ। ਟਕਰਾਅ ਅਤੇ ਚਿੰਤਨ ਰਾਹੀਂ, ਮਨੁੱਖ ਨੇ ਆਪਣੇ ਮੂਲ ਮਨੋਰਥਾਂ ਨੂੰ ਸੁਰੱਖਿਅਤ ਰੱਖਦੇ ਹੋਏ ਏ.ਆਈ. ਦੀ ਸਮਰੱਥਾ ਨੂੰ ਸਹੀ ਢੰਗ ਨਾਲ ਵਰਤਣ ਦਾ ਤਰੀਕਾ ਲੱਭ ਲਿਆ।

ਉਸ ਦਿਨ ਸੀ.ਐੱਨ. ਟਾਵਰ ਦੇ ਰਿਵੋਲਵਿੰਗ ਰੈਸਤਰਾਂ ਵਿਚ ਬੈਠੇ, ਐਮਿਲੀ ਤੇ ਅਰਥਰ, ਰਾਤ ਦੇ ਹਨੇਰੇ ਵਿਚ ਦੂਰ-ਦੂਰ ਤੱਕ ਫੈਲੇ ਤੇ ਰੰਗ-ਬਿਰੰਗੀਆ ਰੌਸ਼ਨੀਆਂ ਨਾਲ ਜਗਮਗ ਕਰ ਰਹੇ ਟੋਰਾਂਟੋ ਸ਼ਹਿਰ ਨੂੰ ਦੇਖ ਰਹੇ ਸਨ।

ਤਦ ਅਚਾਨਕ ਹੀ ਐਮਿਲੀ ਬੋਲ ਉੱਠੀ, ‘ਪਿਛਲੇ ਦਿਨ੍ਹਾਂ ਦੇ ਜਨ-ਸੰਘਰਸ਼ ਤੋਂ ਅਸੀਂ ਸਿੱਖਿਆ ਹੈ ਕਿ ਵਿਕਾਸ ਅਤੇ ਨੈਤਿਕਤਾ ਦੇ ਵਿਚਕਾਰ ਸੁਮੇਲਤਾ ਹੀ ਮਨੁੱਖੀ ਭਵਿੱਖ ਨੂੰ ਨਿਰਧਾਰਿਤ ਕਰਦੀ ਹੈ।

ਅਤੇ ਵਿਕਾਸ ਤੇ ਨੈਤਿਕਤਾ ਦੇ ਸੰਤੁਲਨ ਵਿਚ ਹੀ ਅਸੀਂ ਮਾਨਵੀ ਹੋਂਦ ਦਾ ਸਹੀ ਅਨੁਭਵ ਮਾਣ ਸਕਦੇ ਹਾਂ।’ ਅਰਥਰ ਦੇ ਬੋਲ ਸਨ।

# ਸਿੱਖ ਕੌਮ ਕਦੋਂ ਜਾਗੇਗੀ? ਜਦੋਂ ਸਭ ਕੁਝ ਬਰਬਾਦ ਹੋ ਜਾਵੇਗਾ!!

## ਸਰਬ ਪ੍ਰਵਾਣਿਤ ਈਮਾਨਦਾਰ ਆਗੂ ਦੀ ਲੋੜ

**ਜੰਗ ਸਿੰਘ**
ਸੀਨੀਅਰ ਪੱਤਰਕਾਰ ਸ੍ਰੀ ਅਨੰਦਪੁਰ ਸਾਹਿਬ
(ਹੁਣ ਮਰਸਡ, ਅਮਰੀਕਾ)
+1-415-603-7380
(Punjab Mail USA)



ਜਦੋਂ ਯੂ.ਕੇ. ਵਿਚ ਨੌਜੁਆਨ ਆਗੂ ਭਾਈ ਅਵਤਾਰ ਸਿੰਘ ਖੰਡਾ, ਕੈਨੇਡਾ ਵਿਚ ਭਾਈ ਸ. ਹਰਦੀਪ ਸਿੰਘ ਨਿੱਝਰ ਅਤੇ ਪਾਕਿਸਤਾਨ ਵਿਚ ਭਾਈ ਪਰਮਜੀਤ ਸਿੰਘ ਪੰਜਵੜ੍ਹ ਦੀਆਂ ਉਤੋਉੜਤੀ ਮਾਰੇ ਜਾਣ ਦੀਆਂ ਖਬਰਾਂ ਆਈਆਂ, ਤਾਂ ਸਿੱਖ ਜਗਤ ਵਿਚ ਇਕ ਤਰ੍ਹਾਂ ਦੀ ਖਲਬਲੀ ਮੱਚ ਗਈ ਤੇ ਉਨ੍ਹਾਂ ਨੇ ਮੂੰਹੋਂ-ਮੂੰਹੀ ਇੰਝ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਇਨ੍ਹਾਂ ਮੰਦਭਾਗੀ ਘਟਨਾਵਾਂ ਪਿੱਛੇ ਭਾਰਤੀ ਏਜੰਸੀਆ ਦਾ ਕੰਮ ਹੈ। ਜਿਸ ਦੀ ਪੁਸ਼ਟੀ ਹੁਣ ਕੈਨੇਡਾ ਦੇ ਪ੍ਰਧਾਨ ਮੰਤਰੀ ਮਿਸਟਰ ਜਸਟਿਨ ਟਰੂਡੋ ਨੇ ਪਾਰਲੀਮੈਂਟ ਵਿਚ ਇਹ ਬਿਆਨ ਦੇ ਕੇ ਕਰ ਦਿੱਤੀ ਹੈ, ਜਿਸ ਵਿਚ ਉਨ੍ਹਾਂ ਨੇ ਸਪੱਸ਼ਟ ਜ਼ਿਕਰ ਕਰ ਦਿੱਤਾ ਹੈ ਕਿ ਭਾਈ ਹਰਦੀਪ ਸਿੰਘ ਨਿੱਝਰ ਦਾ ਕਤਲ ਭਾਰਤੀ ਏਜੰਸੀਆਂ ਨੇ ਕੀਤਾ ਹੈ। ਇਸ ਦਾ ਗੱਲ ਦਾ ਪ੍ਰਗਟਾਵਾ ਉਨ੍ਹਾਂ ਨੇ "ਜੀ-20" ਦੀ ਦਿੱਲੀ ਵਿਖੇ 20 ਮੁਲਕਾਂ ਦੀ ਹੋਈ ਮੀਟਿੰਗ ਵਿਚ ਕਰਕੇ ਭਾਰਤ ਦੀ ਭਾਜਪਾ ਸਰਕਾਰ ਦਾ ਘਿਣਾਉਣਾ ਕਿਰਦਾਰ ਵੀ ਜਨਤਕ ਤੌਰ 'ਤੇ ਕਰ ਦਿੱਤਾ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਾਰਤ ਦੇ ਸਫੀਰ ਪਵਨ ਕੁਮਾਰ ਰਾਏ ਨੂੰ ਪੰਜ ਦਿਨਾਂ ਵਿਚ ਕੈਨੇਡਾ ਛੱਡਣ ਦੇ ਹੁਕਮ ਦੇ ਦਿੱਤੇ ਹਨ। ਉਧਰ ਭਾਰਤ ਨੇ ਵੀ ਬਦਲਾ ਲਊ ਕਾਰਵਾਈ ਕਰਦਿਆਂ ਕੈਨੇਡਾ ਦੇ ਸਫੀਰ ਨੂੰ ਪੰਜ ਦਿਨਾਂ ਵਿਚ ਭਾਰਤ ਛੱਡਣ ਦੇ ਆਦੇਸ਼ ਸੁਣਾ ਦਿੱਤੇ। ਗੱਲ ਇਥੇ ਹੀ ਨਹੀਂ ਰੁਕੀ, ਬਲਕਿ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਇਸ ਕਤਲ ਸਬੰਧੀ ਚਰਚਾ ਯੂ.ਐੱਨ.ਓ .ਦੇ ਮੈਂਬਰ ਦੇਸ਼ਾਂ ਵਿਚ ਚੱਲ ਪਈ ਹੈ। ਪਿਛਲੇ ਸਮੇਂ ਤੋਂ ਇਹੋ ਜਿਹਾ ਹੋ ਰਿਹਾ ਸਾਰਾ ਵਰਤਾਰਾ ਪੰਜਾਬੀਆਂ ਤੇ ਖਾਸ ਤੌਰ 'ਤੇ ਸਿੱਖ ਕੌਮ ਲਈ ਵੱਡੀ ਸੋਚ ਪੈਦਾ ਕਰਦਾ ਹੈ। ਇਸ ਸਭ ਕੁਝ ਦਾ ਕਾਰਨ ਹੈ ਕਿ ਪਿਛਲੇ ਸਮੇਂ ਤੋਂ ਪੰਜਾਬ ਵਿਚ ਨਾ ਤਾਂ ਕੋਈ ਖੇਤਰੀ ਪਾਰਟੀ ਰਹੀ ਹੈ ਤੇ ਨਾ ਹੀ ਸਿੱਖ ਕੌਮ ਦਾ ਕੋਈ ਸੂਝਵਾਨ ਆਗੂ ਜੋ ਕੌਮ ਨੂੰ ਕੋਈ ਨਵੀਂ ਦਿਸ਼ਾ ਦੇਣ ਦੇ ਨਾਲ ਉਨ੍ਹਾਂ ਦਰਪੇਸ਼ ਔਕੜਾਂ ਦਾ ਮੁਕਾਬਲਾ ਕਰ ਸਕੇ। ਸਿੱਖ ਕੌਮ ਨੇ ਪਿਛਲੇ ਕੁਝ ਦਹਾਕਿਆਂ ਤੋਂ ਜਿਹੜਾ ਆਗੂ ਚੁਣਿਆ ਸੀ ਤੇ ਜਿਸ ਨੇ ਪੰਜਾਬ ਵਿਚ ਤਿੰਨ ਦਹਾਕਿਆਂ ਤੱਕ ਰਾਜ ਕੀਤਾ, ਉਸੇ ਆਗੂ ਦੇ ਅਧੀਨ ਸਿੱਖਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ, ਸ਼੍ਰੋਮਣੀ ਕਮੇਟੀ ਮੈਂਬਰ, ਸ੍ਰੀ ਅਕਾਲ ਤਖਤ ਦੇ ਜਥੇਦਾਰ ਸਾਹਿਬ ਤੇ ਬਾਕੀ ਸਾਰੇ ਤਖਤਾਂ ਦੇ ਜਥੇਦਾਰ ਸਾਹਿਬਾਨ ਹਨ। ਜਿਨ੍ਹਾਂ ਨੂੰ ਉਹ ਆਪਣੀ ਮਰਜ਼ੀ ਦੇ ਬਣਾ ਕੇ ਆਪਣੇ ਹਿੱਤਾਂ ਵਿਸ਼ੇਸ਼ ਕਰਕੇ ਆਪਣੀ ਰਾਜ ਗੱਦੀ ਤੇ ਪੈਸੇ ਕਮਾਉਣ ਹਿੱਤ ਹੀ ਵਰਤਦੇ ਰਹੇ ਹਨ, ਜਿਸ ਦਾ ਨਤੀਜਾ ਅੱਜ ਸਿੱਖ ਕੌਮ ਤੇ ਪੰਜਾਬ ਇਸ ਨਾਜ਼ੁਕ ਮੁਹਾਣੇ 'ਤੇ ਆਣ ਖੜ੍ਹਾ ਹੋਇਆ ਹੈ। ਇਸ ਲੀਡਰਸ਼ਿਪ ਨੇ ਆਪਣੇ ਰਾਜ ਕਾਲ ਵਿਚ ਪੰਜਾਬ ਦਾ ਇਕ ਵੀ ਮਸਲਾ ਹੱਲ ਨਹੀਂ ਕਰਾਇਆ, ਬਲਕਿ ਆਪਣੇ ਘਰੇਲੂ ਮਸਲੇ ਹੀ ਹੱਲ ਕੀਤੇ ਹਨ। ਉਨ੍ਹਾਂ ਨੇ ਪੰਜਾਬ ਨੂੰ ਲੁੱਟਣ ਦੇ ਨਾਲ ਆਪਣੀਆਂ ਜਾਇਦਾਦਾਂ ਹੀ ਬਣਾਈਆਂ ਹਨ। ਜਿਸ ਦੀ ਪੁਸ਼ਟੀ ਭਾਰਤ ਦੇ ਰਹਿ ਚੁੱਕੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੀ ਕਰ ਚੁੱਕੇ ਹਨ ਕਿ ਜਦੋਂ ਵੀ ਸ. ਬਾਦਲ ਮੈਨੂੰ ਮਿਲਣ ਦਿੱਲੀ ਆਉਂਦੇ ਸਨ, ਆਪਣੇ ਨਿੱਜੀ ਮਸਲੇ ਦਸ ਕੇ ਉਨ੍ਹਾਂ ਦਾ ਹੱਲ ਕਰਵਾ ਕੇ ਜਾਂਦੇ ਰਹੇ ਹਨ। ਇਨ੍ਹਾਂ ਨੇ ਕਦੇ ਵੀ ਪੰਜਾਬ ਦੇ ਮਸਲੇ ਬਾਰੇ ਉਨ੍ਹਾਂ ਨਾਲ ਗੱਲ ਨਹੀਂ ਕੀਤੀ। ਇਸ ਲੀਡਰਸ਼ਿਪ ਨੇ ਭਾਜਪਾ ਨਾਲ ਭਿਆਲੀ ਪਾ ਕੇ ਪੰਜਾਬ ਵਿਚ ਰਾਜ ਕੀਤਾ, ਉਸ ਨੇ ਬੜੀ ਜੱਦੋ-ਜਹਿਦ ਨਾਲ ਪ੍ਰਾਪਤ ਕੀਤੇ ਪੰਜਾਬੀ ਸੂਬੇ ਵਿਚ ਪੰਜਾਬ ਦੇ ਨਾਲ ਪੰਜਾਬੀ ਬੋਲੀ ਤੇ ਪੰਜਾਬੀਅਤ ਦਾ ਰੱਜ ਕੇ ਘਾਣ ਹੀ ਕੀਤਾ ਹੈ।







ਹਾਲਾਂਕਿ ਸਿੱਖ ਕੌਮ ਦੇ ਬਣੇ ਇਸ ਲੀਡਰ ਦੀਆਂ ਕਈ ਵਾਰੀ ਫੋਟੋਆਂ ਵੀ ਪ੍ਰਕਾਸ਼ਿਤ ਹੁੰਦੀਆ ਰਹੀਆਂ ਹਨ, ਜਿਸ ਵਿਚ ਉਨ੍ਹਾਂ ਨੂੰ ਨਿਕਰ ਪਾਈ ਹੋਈ ਆਰ.ਐੱਸ.ਐੱਸ. ਦੀ ਸ਼ਾਖਾ ਵਿਚ ਪਰੇਡ ਕਰਦੇ ਹੋਏ ਵਿਖਾਇਆ ਗਿਆ ਸੀ ਪਰ ਸਿੱਖ ਕੌਮ ਇਸ ਸਭ ਕੁਝ ਨੂੰ ਸਮਝ ਨਾ ਸਕੀ। ਉਸ ਨੂੰ ਉਦੋਂ ਸਮਝ ਲੱਗੀ, ਜਦੋਂ ਉਸ ਨੇ ਪੰਜਾਬ ਵਿਚ ਆਪਣੀ ਅਕਾਲੀਆਂ ਦੀ ਸਰਕਾਰ ਹੁੰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੋਈਆਂ ਬੇਅਦਬੀਆਂ ਕਰਨ ਦੇ ਦੋਸ਼ੀਆਂ ਨੂੰ ਨਾ ਫੜ੍ਹਿਆ ਤੇ ਨਾ ਹੀ ਜਿਨ੍ਹਾਂ ਦੋਸ਼ੀਆਂ ਨੇ ਗੋਲੀਆਂ ਚਲਾ ਕੇ ਸ਼ਾਂਤਮਈ ਪਾਠ ਕਰ ਰਹੇ ਨਿਹੱਥੇ ਦੋ ਸਿੱਖਾਂ ਨੂੰ ਸ਼ਹੀਦ ਕੀਤਾ। ਹੋਰ ਤਾਂ ਹੋਰ ਬਿਨਾ ਮੰਗੇ ਸਿਰਸੇ ਵਾਲੇ ਸੌਦੇ ਸਾਧ ਨੂੰ ਤਖਤਾਂ ਦੇ ਜਥੇਦਾਰਾਂ ਕੋਲੋਂ ਜਬਰੀ ਮੁਆਫੀ ਦੁਆ ਦਿੱਤੀ। ਇਸ ਸਭ ਕੁਝ ਨੂੰ ਸਿੱਖ ਕੌਮ ਨੇ ਲੀਡਰਸ਼ਿਪ ਵਲੋਂ ਹਰ ਹੀਲੇ ਵਰਤਣ ਦੇ ਬਾਵਜੂਦ ਪ੍ਰਵਾਨ ਨਾ ਕੀਤਾ। ਸਿੱਖ ਪੰਥ ਨੇ ਇਸ ਲੀਡਰਸ਼ਪ ਨੂੰ ਅਹਿਸਾਸ ਕਰਾਉਣ ਲਈ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਰਾਜ ਗੱਦੀ ਦੇਣ ਦੀ ਬਜਾਏ ਪੰਜਾਬ ਦੀ ਵਿਰੋਧੀ ਪਾਰਟੀ ਤੱਕ ਨਾ ਬਣਨ ਦਿੱਤਾ। ਇਹ ਲੀਡਰਸ਼ਿਪ ਸਮਝਣ ਦੀ ਬਜਾਏ ਭਾਜਪਾ ਦਾ ਹੀ ਦੂਮਛੱਲਾ ਬਣੀ ਰਹੀ। ਪੰਜਾਬ ਵਿਚ 2022 ਦੀਆਂ ਹੋਈਆਂ ਚੋਣਾਂ ਵਿਚ ਸਿੱਖ ਕੌਮ ਨੇ ਇਸ ਲੀਡਰਸ਼ਿਪ ਨੂੰ ਬੁਰੀ ਤਰ੍ਹਾਂ ਹਰਾ ਕੇ ਵਿਧਾਨ ਸਭਾ ਵਿਚ ਸਿਰਫ ਤਿੰਨ ਸੀਟਾਂ ਦੇ ਕੇ ਸਿਖਰੋਂ ਨਕਾਰ ਦਿੱਤਾ। ਇਸ ਲੀਡਰਸ਼ਿਪ ਦੀ ਇਕ ਲੋਕ ਸਭਾ ਮੈਂਬਰ ਪੰਜਾਬੀਆਂ ਵਿਸ਼ੇਸ਼ ਕਰਕੇ ਸਿੱਖਾਂ ਵਿਚ ਆਪਣੀ ਸ਼ਾਖ ਨੂੰ ਮੁੜ ਤੋਂ ਬਹਾਲ ਕਰਾਉਣ ਲਈ ਅੱਜਕੱਲ੍ਹ ਪੰਜਾਬ ਮਸਲਿਆਂ ਨੂੰ ਬੜੇ ਜ਼ੋਰ ਨਾਲ ਲੋਕ ਸਭਾ ਵਿਚ ਉਭਾਰ ਕੇ ਆਪਣੀ ਗੁਆਚੀ ਸ਼ਾਖ ਬਹਾਲ ਕਰਨ ਵਿਚ ਲੱਗੀ ਹੋਈ ਹੈ, ਜੋ ਕਿ ਮਗਰਮੱਛ ਦੇ ਹੰਝੂ ਸੁੱਟਣ ਤੋਂ ਵੱਧ ਕੁਝ ਨਹੀਂ ਹਨ ਕਿਉਂਕਿ ਦੂਸਰੇ ਪਾਸੇ ਇਹ ਹੀ ਲੀਡਰਸ਼ਿਪ ਭਾਜਪਾ ਅੱਗੇ ਹਾੜ੍ਹੇ ਕੱਢ ਰਹੀ ਹੈ ਕਿ 2024 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਉਨ੍ਹਾਂ ਦੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਬਾਦਲ ਨਾਲ ਸਮਝੌਤਾ ਕਰ ਲਵੇ। ਸਿੱਖ ਕੌਮ ਦੀ ਸਾਰੀ ਲੀਡਰਸ਼ਿਪ ਚਾਹੇ ਨਵਾਂ ਬਣਿਆ ਅਕਾਲੀ ਦਲ ਸੰਯੁਕਤ ਢੀਂਡਸੇ ਦਾ ਹੈ, ਇਹ ਸਾਰੇ ਹੀ ਇਕੋ ਥੈਲੀ ਦੇ ਵੱਟੇ-ਚੱਟੇ ਹਨ। ਇੱਧਰ ਢੀਂਡਸਾ ਵੀ ਆਪਣੇ ਪੁੱਤਰ ਨੂੰ ਰਾਜਸੀ ਅਹੁਦਾ ਦਿਵਾਉਣ ਲਈ ਭਾਜਪਾ ਅੱਗੇ ਸਮਝੌਤਾ ਕਰਨ ਲਈ ਹਾੜ੍ਹੇ ਕੱਢਦਾ ਦਿਖਾਈ ਦੇ ਰਿਹਾ ਹੈ। ਅੱਜ ਪੰਜਾਬ ਸਮੇਤ ਸਾਰੇ ਭਾਰਤ ਵਿਚ ਥਾਂ-ਥਾਂ 'ਤੇ ਸਿੱਖ ਕੌਮ ਨੂੰ ਮਿਲੇ ਅਧਿਕਾਰਾਂ ਬੱਚਿਆਂ ਨੂੰ ਸਕੂਲਾਂ, ਪ੍ਰੀਖਿਆਵਾਂ, ਜਨਤਕ ਅਸਥਾਨਾਂ ਵਿਚ ਕੜ੍ਹੇ ਪਹਿਨਣ, ਸ੍ਰੀ ਸਾਹਿਬ ਪਹਿਨਣ, ਦਸਤਾਰਾਂ ਬੰਨਣ ਤੋਂ ਵਰਜਿਆ ਜਾ ਰਿਹਾ ਹੈ। ਉਨ੍ਹਾਂ ਦੀਆ ਦਸਤਾਰਾਂ ਖੁੱਲ੍ਹਵਾ ਕੇ ਤਲਾਸ਼ੀਆਂ ਲੈਣ ਦੀਆਂ ਖਬਰਾਂ ਅਖਬਾਰਾਂ ਦਾ ਸ਼ਿੰਗਾਰ ਬਣਦੀਆਂ ਆ ਰਹੀਆਂ ਹਨ। ਇਹ ਗੰਭੀਰ ਸਾਜ਼ਿਸ਼ ਦਾ ਹੀ ਇਕ ਹਿੱਸਾ ਹੈ, ਤਾਂ ਕਿ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਵਿਰੁੱਧ ਡੱਟ ਕੇ ਖੜ੍ਹਣ ਵਾਲੀ ਸਿੱਖ ਕੌਮ ਨੂੰ ਜਲੀਲ ਕਰਨ ਦੇ ਨਾਲ-ਨਾਲ ਖਤਮ ਕੀਤਾ ਜਾ ਸਕੇ। ਸਿੱਖ ਕੌਮ ਦੀ ਉਕਤ ਲਾਲਚੀ ਲੀਡਰਸ਼ਿਪ ਨੇ ਸ਼੍ਰੋਮਣੀ ਕਮੇਟੀ, ਸਿੱਖ ਗੁਰਦੁਆਰਿਆਂ, ਵਿੱਦਿਅਕ ਅਦਾਰਿਆਂ ਵਿੱਚ ਭਾਜਪਾ ਤੇ ਆਰ.ਐੱਸ.ਐੱਸ. ਨੂੰ ਬੁਰੀ ਤਰ੍ਹਾਂ ਸਿੱਖੀ ਭੇਸ ਵਿਚ ਵਾੜ ਦਿੱਤਾ ਦੱਸਿਆ ਜਾ ਰਿਹਾ ਹੈ, ਜੋ ਸਿੱਖ ਕੌਮ ਦਾ ਬੜੀ ਤੇਜ਼ੀ ਨਾਲ ਭਗਵਾਂਕਰਨ ਕਰਦੀ ਆ ਰਹੀ ਹੈ। ਇਸੇ ਸਾਜ਼ਿਸ਼ ਤਹਿਤ ਸ਼੍ਰੋਮਣੀ ਕਮੇਟੀ ਕੋਲੋਂ ਬੜੀ ਹੁਸ਼ਿਆਰੀ ਨਾਲ ਖਾਲਸੇ ਦੀ ਤੀਜੀ ਸ਼ਤਾਬਦੀ 1999 ਵਿਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਹਿੰਦੀ ਵਿਚ ਪੰਜਾਬ ਦੇ ਇਤਿਹਾਸ ਦੀ ਪੁਸਤਕ ਛਪਵਾ ਕੇ ਪ੍ਰਕਾਸ਼ਿਤ ਕਰਵਾਈ ਗਈ, ਜਿਸ ਵਿਚ ਆਪਣੇ ਗੁਰੂ ਸਾਹਿਬਾਨਾਂ ਬਾਰੇ ਬੜੇ ਭੱਦੇ ਤੇ ਸ਼ਰਮਨਾਕ ਸ਼ਬਦ ਲਿਖੇ ਹੋਏ ਹਨ, ਪੰਜਾਬ ਦੇ ਨਾਲ ਸਮੁੱਚੇ ਭਾਰਤ ਵਿਚ ਜਿਹੜਾ ਪੰਜਾਬ ਦਾ ਇਤਿਹਾਸ ਪੜ੍ਹਾਇਆ ਜਾ ਰਿਹਾ ਹੈ, ਉਹ ਸਰਾਸਰ ਗਲਤ ਹੋਣ ਦੇ ਨਾਲ ਸਿੱਖ ਕੌਮ ਨੂੰ ਅਪਮਾਨਿਤ ਕਰਨ ਵਾਲਾ ਹੈ। ਇਥੇ ਇਹ ਦੱਸਣਾ ਹੋਰ ਵੀ ਹੈਰਾਨੀਜਨਕ ਹੈ ਕਿ ਸ਼੍ਰੋਮਣੀ ਕਮੇਟੀ ਨੇ ਖਾਲਸੇ ਦੀ ਤੀਜੀ ਸ਼ਤਾਬਦੀ ਸਮੇਂ ਹਿੰਦੀ ਵਿਚ ਜਿਹੜੀ ਕਿਤਾਬ ਪ੍ਰਕਾਸ਼ਿਤ ਕੀਤੀ ਸੀ, ਉਸ ਕਿਤਾਬ ਨੂੰ ਛਪਵਾਉਣ ਦੇ ਕਿਸ ਅਧਿਕਾਰੀ ਨੇ ਹੁਕਮ ਦਿੱਤੇ, ਛਾਪਣ ਵਾਲਾ ਕੌਣ ਹੈ? ਉਸ ਦੀ ਸਾਰੀ ਦੀ ਸਾਰੀ ਫਾਈਲ ਹੀ ਗੁੰਮ ਕਰ ਦਿੱਤੀ ਗਈ ਹੈ, ਤਾਂ ਕਿ ਇਸ ਪੁਸਤਕ ਦੇ ਦੋਸ਼ੀਆਂ ਦਾ ਪਤਾ ਨਾ ਲੱਗ ਸਕੇ ਕਿ ਕੌਣ ਹਨ? ਇਹ ਸਾਜ਼ਿਸ਼ ਸਾਬਤ ਕਰਦੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਕਿਸ ਵੱਡੇ ਪੱਧਰ 'ਤੇ ਆਰ.ਐੱਸ.ਐੱਸ. ਦੀ ਲਾਬੀ ਕੰਮ ਕਰ ਰਹੀ ਹੈ। ਸ਼੍ਰੋਮਣੀ ਕਮੇਟੀ ਵਿਚੋਂ ਗੁਆਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਸਰੂਪਾਂ ਬਾਰੇ ਇਹ ਚਰਚਾ ਵੀ ਸਿੱਖ ਹਲਕਿਆਂ ਵਿਚ ਜ਼ੋਰਾਂ 'ਤੇ ਰਹੀ ਹੈ ਕਿ ਸਾਜ਼ਿਸ਼ ਤਹਿਤ ਇਹ ਸਰੂਪ ਵੀ ਨਾਗਪੁਰ ਵਿਖੇ ਭੇਜੇ ਗਏ ਹਨ, ਤਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਰ.ਐੱਸ.ਐੱਸ. ਦੀ ਸੋਚ ਮੁਤਾਬਿਕ ਤਬਦੀਲੀ ਕਰਕੇ ਨਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਛਪਵਾਏ ਜਾ ਸਕਣ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੁਰਾਣੇ ਤੇ ਬਿਰਧ ਸਰੂਪ ਵੀ ਇਸੇ ਲਾਬੀ ਨੇ ਸਾਜ਼ਿਸ਼ ਤਹਿਤ ਇਕੱਠੇ ਕੀਤੇ ਤੇ ਉਨ੍ਹਾਂ ਦਾ ਸਸਕਾਰ ਦੇ ਨਾਂ ਹੇਠ ਸਿੱਖਾਂ ਦੇ ਪੁਰਾਣੇ ਇਤਿਹਾਸ ਨੂੰ ਨਸ਼ਟ ਕੀਤਾ ਜਾ ਸਕੇ। ਸਿੱਖ ਜਗਤ ਵਿਚ ਇਹ ਵੀ ਚਰਚਾ ਰਹੀ ਹੈ ਕਿ ਜਿਹੜੇ ਬਾਬਿਆਂ ਨੇ ਇਤਿਹਾਸਕ ਗੁਰਦੁਆਰਿਆਂ ਦੀ ਕਾਰ ਸੇਵਾ ਕੀਤੀ ਹੈ, ਉਹ ਬਾਬੇ ਵੀ ਬੜੀ ਚਾਲ ਨਾਲ ਹਿੰਦੂ ਜਥੇਬੰਦੀ ਆਰ.ਐੱਸ.ਐੱਸ. ਨੇ ਹੀ ਵਾੜੇ ਸਨ, ਤਾਂ ਕਿ ਸਿੱਖ ਧਰਮ ਦੇ ਪੁਰਾਤਨ ਵਿਰਸੇ ਨੂੰ ਤਬਾਹ ਕੀਤਾ ਜਾ ਸਕੇ। ਅੱਜ ਸਿੱਖ ਜਗਤ ਦੇ ਸਾਹਮਣੇ ਹੈ ਕਿ ਸਾਡੀਆਂ ਸਾਰੀਆਂ ਪੁਰਾਤਨ ਵਿਰਾਸਤਾਂ ਜਿਹੜੀਆਂ ਆਉਣ ਵਾਲੀ ਪਨੀਰੀ ਲਈ ਚਾਨਣ ਮੁਨਾਰਾ ਹੋਣੀਆਂ ਸਨ। ਸਾਡਾ ਪੰਜ ਸੌ ਸਾਲਾਂ ਦਾ ਸਾਰਾ ਸਿੱਖ ਵਿਰਸਾ ਸੰਗਮਰਮਰ ਲਗਾ ਕੇ ਖਤਮ ਕਰ ਦਿੱਤਾ ਗਿਆ ਹੈ, ਇਥੋਂ ਤੱਕ ਕਿ ਸਿੱਖ ਕੌਮ ਦੇ ਪਵਿੱਤਰ ਅਸਥਾਨਾਂ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਫਤਿਹਗੜ੍ਹ ਸਾਹਿਬ, ਸ੍ਰੀ ਚਮਕੌਰ ਸਾਹਿਬ ਆਦਿ ਧਾਰਮਿਕ ਅਸਥਾਨਾਂ ਵਿਚਲੀਆਂ ਬਹੁਤ ਸਾਰੀਆਂ ਪੁਰਾਣੀਆਂ ਸਿੱਖ ਗੁਰੂ ਸਾਹਿਬਾਨ ਨਾਲ ਸਬੰਧਤ ਇਮਾਰਤਾਂ, ਯਾਦਾਂ, ਪੁਰਾਤਨ ਕਿਲ੍ਹੇ, ਜਿਹੜੀ ਦੀਵਾਰ ਵਿਚ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਵਾਇਆ ਗਿਆ ਸੀ, ਠੰਡਾ ਬੁਰਜ, ਕੱਚੀ ਗੜ੍ਹੀ ਆਦਿ 'ਤੇ ਸੰਗਮਰਮਰ ਲਗਾ ਕੇ ਮਿਟਾ ਦਿੱਤਾ ਗਿਆ ਹੈ, ਤਾਂ ਕਿ ਅਸੀਂ ਆਉਣ ਵਾਲੀ ਪਨੀਰੀ ਨੂੰ ਆਪਣਾ ਪੁਰਾਤਨ ਵਿਰਸਾ ਨਾ ਦਿਖਾ ਸਕੀਏ ਤੇ ਨਾ ਹੀ ਉਸ ਬਾਰੇ ਦੱਸ ਸਕੀਏ। ਇਥੇ ਮੈਂ ਇਸ ਗੱਲ ਦਾ ਉਚੇਚੇ ਤੌਰ 'ਤੇ ਵਰਨਣ ਕਰਨਾ ਜ਼ਰੂਰੀ ਸਮਝਦਾ ਹਾਂ ਕਿ ਅਕਾਲੀ-ਭਾਜਪਾ ਸਰਕਾਰ ਸਮੇਂ ਜਦੋਂ ਡਾ. ਦਲਜੀਤ ਸਿੰਘ ਚੀਮਾ ਪੰਜਾਬ ਦੇ ਸਿੱਖਿਆ ਮੰਤਰੀ ਸਨ, ਮੈਂ ਬਤੌਰ ਪੱਤਰਕਾਰ ਅਨੰਦਪੁਰ ਸਾਹਿਬ ਵਿਖੇ ਡਾ. ਚੀਮਾ ਦਾ ਧਿਆਨ ਦੁਆਉਂਦਿਆ ਕਿਹਾ ਸੀ ਕਿ ਪਿਛਲੇ ਕਾਫੀ ਸਮੇਂ ਤੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪੰਜਾਬ ਦੇ ਇਤਿਹਾਸ ਵਿਸ਼ੇ ਦੀਆਂ ਕਿਤਾਬਾਂ ਨਾ ਛਾਪੇ ਜਾਣ ਕਾਰਨ +2 ਦੇ ਵਿਦਿਆਰਥੀਆਂ ਨੂੰ ਮਜਬੂਰ ਕੀਤਾ ਜਾ ਰਿਹਾ ਹੈ ਕਿ ਉਹ ਇਤਿਹਾਸ ਦੇ ਵਿਸ਼ੇ ਦੀ ਥਾਂ 'ਤੇ ਹੋਰ ਵਿਸ਼ਾ ਲੈ ਲੈਣ। ਪਰ ਡਾ. ਚੀਮਾ ਨੇ ਵਿਸ਼ਵਾਸ਼ ਦੁਆਉਣ ਦੇ ਬਾਵਜੂਦ ਕੋਈ ਕੰਮ ਨਾ ਕੀਤਾ। ਅਸਲ ਵਿਚ ਪੰਜਾਬ ਦੇ ਇਤਿਹਾਸ ਨੂੰ ਆਰ.ਐੱਸ.ਐੱਸ. ਦੀ ਲਾਬੀ ਪੰਜਾਬ ਦੇ ਇਤਿਹਾਸ ਦੀ ਪਹਿਲੀ ਪੁਸਤਕ ਜਿਸ ਵਿਚ ਇਤਿਹਾਸ ਠੀਕ ਲਿਖਿਆ ਹੋਇਆ ਸੀ, ਉਸ ਦੀ ਥਾਂ 'ਤੇ ਆਪਣੀ ਨੀਤੀ ਨਾਲ ਗਲਤ ਮਲਤ ਪੁਸਤਕ ਲਿਖਵਾ ਰਹੀ ਸੀ, ਜਿਸ ਵਿਚ ਗੁਰੂ ਸਾਹਿਬਾਨ ਤੇ ਸਿੱਖ ਇਤਿਹਾਸ ਬਾਰੇ ਬੜਾ ਕੁਝ ਗਲਤ ਲਿਖਿਆ ਹੋਇਆ। ਇਸ ਕਿਤਾਬ ਨੂੰ ਲਗਵਾ ਕੇ ਪੰਜਾਬ ਦੇ ਵਿਦਿਆਰਥੀਆਂ ਨੂੰ ਪੜ੍ਹਾਉਣਾ ਚਾਹੁੰਦੇ ਸਨ। ਕੁਝ ਸਮੇਂ ਬਾਅਦ ਉਹ ਕਿਤਾਬ ਫਿਰ +2 ਦੇ ਵਿਦਿਆਰਥੀਆਂ ਨੂੰ ਜਦੋਂ ਪੜ੍ਹਾਉਣੀ ਸ਼ੁਰੂ ਕੀਤੀ, ਤਾਂ ਸਭ ਨੂੰ ਯਾਦ ਹੋਵੇਗਾ ਕਿ ਕਿਸਾਨ ਆਗੂ ਸ. ਬਲਦੇਵ ਸਿੰਘ ਸਿਰਸਾ ਨੂੰ ਕਈ ਮਹੀਨੇ ਇਸ ਗਲਤ ਲਿਖੀ ਇਤਿਹਾਸ ਦੀ ਕਿਤਾਬ ਨੂੰ ਹਟਾਉਣ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਦਫਤਰ ਅੱਗੇ ਧਰਨਾ ਲਗਾਉਣ ਲਈ ਮਜਬੂਰ ਹੋਣਾ ਪਿਆ ਸੀ। ਜੋ ਵਕਤੀ ਤੌਰ 'ਤੇ ਬੰਦ ਵੀ ਕਰ ਦਿੱਤੀ ਗਈ ਸੀ। ਪਰ ਹੁਣ ਵੀ ਪੰਜਾਬ ਦੇ ਇਤਿਹਾਸ ਦੀ ਕਿਤਾਬ ਜਿਹੜੀ ਪੜ੍ਹਾਈ ਜਾ ਰਹੀ ਹੈ, ਉਸ ਵਿਚ ਵੀ ਪੰਜਾਬ ਦਾ ਇਤਿਹਾਸ ਗਲਤ-ਮਲਤ ਲਿਖਿਆ ਹੋਇਆ ਹੈ। ਇਸੇ ਕਰਕੇ ਕਿਸੇ ਨੇ ਸੱਚ ਹੀ ਆਖਿਆ ਹੈ ਕਿ ਜੇਕਰ ਕਿਸੇ ਕੌਮ ਜਾਂ ਧਰਮ ਨੂੰ ਖਤਮ ਕਰਨਾ ਹੋਵੇ, ਤਾਂ ਉਸ ਦਾ ਇਤਿਹਾਸ, ਉਸ ਦਾ ਵਿਰਸਾ, ਉਸ ਦੀ ਬੋਲੀ ਖਤਮ ਕਰ ਦਿਓ। ਉਹ ਕੌਮ ਆਪਣੀ ਮੌਤੇ ਆਪ ਮਰ ਜਾਵੇਗੀ। ਬਸ, ਉਹੀ ਕੁਝ ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਆਪੇ ਤਿੰਨ ਦਹਾਕੇ ਦੇ ਰਾਜ ਕਾਲ ਵਿਚ ਭਾਜਪਾ ਨਾਲ ਭਿਆਲੀ ਪਾ ਕੇ ਕੀਤਾ ਹੈ। ਬਾਦਲਾਂ ਨੇ ਪੰਜਾਬ ਵਿਚ ਕੋਈ ਸਿੱਖ ਲੀਡਰ ਉਭਰਣ ਹੀ ਨਹੀਂ ਦਿੱਤਾ, ਜਿਸ ਕਾਰਨ ਸਿੱਖ ਕੌਮ ਦੀ ਹਾਲਤ ਅਜਿਹੀ ਤਰਸਯੋਗ ਬਣੀ ਹੋਈ ਹੈ।

ਸੰਸਾਰ ਭਰ ਦੇ ਸਿੱਖਾਂ ਨੇ ਜੇ ਪੰਜਾਬ ਤੇ ਸਿੱਖ ਕੌਮ ਦੀ ਹੋਂਦ ਨੂੰ ਬਚਾਉਣਾ ਹੈ, ਤਾਂ ਫਿਰ ਪੰਜਾਬ ਦੇ ਸਾਰੇ ਈਮਾਨਦਾਰ ਆਗੂਆਂ ਨੂੰ ਆਪਣੇ ਗਿੱਲੇ-ਸ਼ਿਕਵੇ ਭੁਲਾ ਕੇ ਸਿਰ ਜੋੜ ਕੇ ਇਕ ਮੰਚ 'ਤੇ ਇਕੱਠਾ ਹੋ ਕੇ ਬਿਨਾ ਕਿਸੇ ਹੋਰ ਦੇਰੀ ਦੇ ਸਰਬ ਪ੍ਰਵਾਨਿਤ, ਧਾਰਮਿਕ ਬਿਰਤੀ ਵਾਲਾ, ਈਮਾਨਦਾਰ ਪੰਜਾਬ ਤੇ ਸਿੱਖ ਕੌਮ ਪ੍ਰਤੀ ਦਰਦ ਰੱਖਣ ਵਾਲਾ ਆਗੂ ਚੁਣ ਕੇ, ਇਕ ਜ਼ੋਰਦਾਰ ਲਹਿਰ ਚਲਾਉਣੀ ਪਵੇਗੀ, ਤਾਂ ਹੀ ਪੰਜਾਬ ਤੇ ਸਿੱਖ ਕੌਮ ਦੀ ਹੋ ਰਹੀ ਇਸ ਬਰਬਾਦੀ ਨੂੰ ਰੋਕਿਆ ਜਾ ਸਕਦਾ ਹੈ।

# ਔਰਤਾਂ ਦਾ ਰਾਖਵਾਂਕਰਨ



**ਰਜਵਿੰਦਰ ਪਾਲ ਸ਼ਰਮਾ**
ਪਿੰਡ ਕਾਲਝਰਾਣੀ, ਜ਼ਿਲ੍ਹਾ-ਬਠਿੰਡਾ
70873-67969
(Punjab Mail USA)



ਪੁਰਾਣੇ ਸੰਸਦ ਤੋਂ ਨਵੇਂ ਸੰਸਦ ਵਿਚ ਪ੍ਰਵੇਸ਼ ਕਰਨ ਤੋਂ ਬਾਅਦ ਸੰਸਦ ਵਿਚ ਹੁਣ ਔਰਤਾਂ ਦੇ ਤੇਤੀ ਪ੍ਰਤੀਸ਼ਤ ਰਾਖਵਾਂਕਰਨ 'ਤੇ ਵਿਚਾਰ ਚਰਚਾ ਚੱਲ ਰਹੀ ਹੈ। ਜੇਕਰ ਇਹ ਬਿੱਲ ਪਾਸ ਹੋ ਜਾਂਦਾ ਹੈ, ਤਾਂ ਔਰਤਾਂ ਨੂੰ ਰਾਜਾਂ ਦੀ ਵਿਧਾਨ ਸਭਾਵਾਂ ਅਤੇ ਸੰਸਦ ਵਿਚ ਤੇਤੀ ਪ੍ਰਤੀਸ਼ਤ ਕੋਟਾ ਹੋ ਜਾਵੇਗਾ, ਜੋ ਕਿ ਔਰਤਾਂ ਦੇ ਰਾਜਨੀਤਕ ਖੇਤਰ ਵਿਚ ਆਉਣ ਲਈ ਨਵੇਂ ਰਾਹ ਖੋਲ੍ਹੇਗਾ। ਇਸ ਦਾ ਫਾਇਦਾ ਇਹ ਹੋਵੇਗਾ ਕਿ ਔਰਤਾਂ ਆਪਣੇ ਹੱਕਾਂ ਨੂੰ ਹੁਣ ਹੋਰ ਵਧੀਆ ਤਰੀਕੇ ਨਾਲ ਸੰਸਦ ਵਿਚ ਰੱਖ ਸਕਣਗੀਆਂ। ਪੰਚਾਇਤਾਂ ਅਤੇ ਜ਼ਿਲ੍ਹਾ ਪ੍ਰੀਸ਼ਦ ਵਿਚ ਵੀ ਔਰਤਾਂ ਚੁਣੀਆਂ ਜਾਂਦੀਆਂ ਹਨ ਪ੍ਰੰਤੂ ਅਸੀਂ ਸਾਰੇ ਹੀ ਦੇਖਦੇ ਹਾਂ ਕਿ ਜੇਕਰ ਔਰਤ ਸਰਪੰਚ ਬਣ ਜਾਵੇ, ਤਾਂ ਉਹ ਕੇਵਲ ਨਾਮ ਦੀ ਹੀ ਸਰਪੰਚ ਹੁੰਦੀ ਹੈ, ਉਸਦੇ ਸਾਰੇ ਕੰਮਕਾਜ ਅਤੇ ਪੰਚਾਇਤਾਂ ਦੀਆਂ ਮੀਟਿੰਗਾਂ ਵਿਚ ਉਸਦਾ ਪਤੀ ਹੀ ਸ਼ਾਮਲ ਹੁੰਦਾ ਹੈ, ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਅਸੀਂ ਹਜੇ ਤੱਕ ਔਰਤ ਨੂੰ ਮਰਦ ਦੇ ਪੈਰ ਦੀ ਜੁੱਤੀ ਤੋਂ ਵੱਧ ਕੁਝ ਨਹੀਂ ਸਮਝਦੇ। ਔਰਤ ਚਾਹੇ ਜਿੰਨੀ ਵੀ ਤਰੱਕੀ ਕਰ ਲਵੇ, ਉਸ ਦੀ ਤਰੱਕੀ ਨੂੰ ਉਸਦੇ ਪਤੀ ਨਾਲ ਹੀ ਜੋੜਿਆ ਜਾਂਦਾ ਹੈ। ਲੋੜ ਹੈ ਅੱਜ ਸਦੀਆਂ ਪੁਰਾਣੀਆਂ ਕੁਰੀਤੀਆਂ ਨੂੰ ਖ਼ਤਮ ਕਰਕੇ ਔਰਤ ਨੂੰ ਖ਼ੁਦ ਉਤਸ਼ਾਹਿਤ ਕਰਨ ਦੀ, ਤਾਂ ਜੋ ਔਰਤ ਵੀ ਸਨਮਾਨ ਦੀ ਜ਼ਿੰਦਗੀ ਜੀ ਸਕੇ।

## ਹਿਜਰਤਨਾਮਾ 75: ਕਿਰਪਾਲ ਸਿੰਘ ਉੱਗੀ

# 'ਸੁਪਨਿਆਂ ਤੂੰ ਸੁਲਤਾਨ ਹੈਂ'

### ਆਜ਼ਾਦੀ ਦੇ ਓਹਲੇ



ਮੁਲਾਕਾਤੀ: ਸਤਵੀਰ ਸਿੰਘ ਚਾਨੀਆਂ
92569-73526
(Punjab Mail USA)



"ਅਰੂੜ ਸਿੰਘ ਲੰਬੜਦਾਰ ਮੇਰਾ ਬਾਬਾ ਸੀ। 1872 ਵਿਚ ਗੋਰਾ ਸਰਕਾਰ ਵਲੋਂ ਮੁਰੱਬਾ ਅਲਾਟ ਹੋਇਆ ਉਹਨੂੰ, ਜ਼ਿਲ੍ਹਾ ਅਤੇ ਤਸੀਲ ਲੈਲਪੁਰ ਦੇ ਚੱਕ ਨੰਬਰ 253 ਰੱਖ ਬਰਾਂਚ 'ਚ।

ਬਾਬੇ ਘਰ ਚਾਰ ਬੇਟੇ ਆਤਮਾ ਸਿੰਘ, ਹਾਕਮ ਸਿੰਘ, ਜਵੰਦ ਸਿੰਘ ਅਤੇ ਕੇਸਰ ਸਿੰਘ ਪੈਦਾ ਹੋਏ। ਜਵੰਦ ਸਿੰਘ ਸਾਡਾ ਬਾਪ ਸੀ। ਅਸੀਂ ਦੋ ਭਾਈ ਰਵਿੰਦਰ ਸਿੰਘ ਅਤੇ ਮੈਂ ਕਿਰਪਾਲ ਸਿੰਘ ਸਾਂਦਲ ਬਾਰ 'ਚ ਹੀ ਜੰਮੇ-ਪਲੇ ਅਤੇ ਵੱਡੇ ਹੋਏ। ਸਾਡਾ ਜੱਦੀ ਪਿੰਡ ਜਹਾਂਗੀਰ-ਜੰਡਿਆਲਾ ਗੁਰੂ ਹੈ। ਸਾਡੇ ਵਡੇਰਿਆਂ ਜੋ ਬਾਰ 'ਚ ਚੱਕ ਆਬਾਦ ਕੀਤਾ, ਇੱਕ ਸੌ ਮੁਰੱਬਾ ਪਿੰਡ ਦੀ ਮਾਲਕੀ ਵਾਲਾ ਸੀ ਉਹ। ਉਹਦਾ ਨਾਮ, ਜਹਾਂਗੀਰ ਹੀ ਹੋਇਆ। ਬਾਬਾ ਜੀ ਨੂੰ ਮੂਲ ਮੁਰੱਬੇ ਤੋਂ ਇਲਾਵਾ ਅੱਧਾ ਲੰਬੜਦਾਰੀ ਦਾ ਅਤੇ ਅੱਧਾ ਘੋੜੀਪਾਲ ਮੁਰੱਬਾ ਵੱਖਰਾ ਅਲਾਟ ਸੀ।

ਪਿੰਡ ਰੱਖ ਬ੍ਰਾਂਚ 'ਤੇ ਪੈਂਦਾ। ਉਸੇ ਦਾ ਹੀ ਖੇਤਾਂ ਨੂੰ ਪਾਣੀ ਲਾਉਂਦੇ, ਉਹੀ ਟੋਭਿਆਂ 'ਚ ਜਮ੍ਹਾਂ ਰੱਖਦੇ। ਘੜਿਆਂ ਵਿਚ ਭਰ ਲਿਆਉਂਦੇ। ਫਟਕੜੀ ਨਾਲ ਸਾਫ਼ ਕਰਕੇ ਪੀਂਦੇ।

ਫ਼ਸਲਾਂ ਵਿਚ ਬਹੁਤਾ ਨਰਮਾ, ਕਣਕ, ਕਮਾਦ, ਸਰੋਂ, ਮੱਕੀ ਛੋਲੇ, ਪਸ਼ੂਆਂ ਲਈ ਚਰੀ ਬਾਜਰਾ, ਬਰਸੀਣ ਅਤੇ ਘਰ ਲਈ ਸਬਜ਼ੀ ਵਗੈਰਾ ਬੀਜਦੇ। ਜਿਣਸ ਨੂੰ ਲੈਲਪੁਰ ਮੰਡੀ ਵਿਚ ਵੇਚਦੇ।

ਪਿੰਡ ਵਿਚ ਸਕੂਲ ਚੌਥੀ ਤੱਕ ਸੀ। ਸ਼ਾਮ ਸਿੰਘ, ਦੀਦਾਰ ਸਿੰਘ ਅਤੇ ਹਰਬੰਸ ਸਿੰਘ ਉਥੇ ਉਸਤਾਦ ਹੁੰਦੇ। ਰੌਲਿਆਂ ਵੇਲੇ ਮੈਂ ਚੌਥੀ ਅਤੇ ਮੇਰਾ ਵੱਡਾ ਭਰਾ ਰਵਿੰਦਰ ਸਿੰਘ ਨੌਵੀਂ ਪਾਸ ਕਰ ਚੁੱਕੇ ਸਾਂ। (ਰਵਿੰਦਰ ਸਿੰਘ ਅੱਗੇ ਚੱਲ ਕੇ ਨਕੋਦਰ ਦੇ ਮਸ਼ਹੂਰ ਐਡਵੋਕੇਟ ਰਹੇ)। ਤਦੋਂ ਬਾਲ ਉਮਰੇ ਮੇਰੇ ਹਮਉਮਰਾਂ 'ਚ, ਕੁਲਬੀਰਾ, ਬੀਰਾ, ਜੀਤ, ਮੰਨਾ ਅਤੇ ਅਵਤਾਰ ਹੁੰਦੇ। ਇਧਰ ਆ ਕੇ ਅਵਤਾਰ ਹੋਰੀਂ ਪਟਿਆਲਾ ਬੈਠੇ। ਸ਼ਹੀਦਾਂ ਨਾਮੇ ਬੀਬੀ ਸਾਡਾ ਨਰਮਾ ਚੁਗਦੀ। ਉਹਦੀਆਂ ਕੁੜੀਆਂ ਰੂੜੀ ਅਤੇ ਪ੍ਰੀਤੋ ਵੀ ਨਾਲ ਹੁੰਦੀਆਂ।

ਸਾਡਾ ਬਾਬਾ ਅਰੂੜ ਸਿੰਘ, ਸੰਤਾ ਸਿੰਘ, ਅਮਰ ਸਿੰਘ ਅਤੇ ਇੰਦਰ ਸਿੰਘ ਪਿੰਡ ਦੇ ਚੌਧਰੀ ਅਤੇ ਲੰਬੜਦਾਰ ਹੁੰਦੇ। ਪਿੰਡ ਦਾ ਕੋਈ ਝਗੜਾ ਹੁੰਦਾ, ਤਾਂ ਉਹੀ ਮੋਹਰੀ ਫੈਸਲਾ ਕਰਦੇ।

ਪਿੰਡ ਵਿੱਚ 'ਰੋੜਾ ਬਰਾਦਰੀ ਦੇ ਵਜ਼ੀਰਾ, ਜਿਊਣਾ ਅਤੇ ਗੰਗਾ ਰਾਮ ਵਗੈਰਾ ਹੱਟੀਆਂ ਕਰਦੇ।

ਮੁਸਲਿਮ ਮਸ਼ਕਾਂ ਨਾਲ ਲੋਕਾਂ ਦੇ ਘਰਾਂ 'ਚ ਪਾਣੀ ਢੋਂਦੇ।

ਉਨ੍ਹਾਂ ਨਾਲ ਹਜ਼ਾਰਾ ਸਿੰਘ ਝੀਰ ਵੀ ਹੁੰਦਾ। ਹਜ਼ਾਰੇ ਘਰੋਂ ਕਰਤਾਰੀ ਭੱਠੀ 'ਤੇ ਦਾਣੇ ਭੁੰਨਦੀ। ਲਾਲ ਸਿੰਘ ਅਤੇ ਚੂੜ੍ਹ ਸਿੰਘ ਤਖਾਣਾ, ਜਦੋਂ ਕਿ ਲਾਲ ਦੀਨ, ਖੈਰਦੀਨ ਅਤੇ ਉਹਦਾ ਬੇਟਾ ਰਹਿਮਤ ਉਲ੍ਹਾ ਲੁਹਾਰਾ ਕੰਮ ਕਰਦੇ। ਲਾਲਦੀਨ ਦਾ ਬੇਟਾ ਜਾਫ਼ਰ ਮੇਰਾ ਹਮਜਮਾਤੀ ਹੁੰਦਾ। ਸਾਬੂ ਅਤੇ ਉਹਦਾ ਬੇਟਾ ਮੁਹੰਮਦ ਮੋਚੀਪੁਣਾ ਕਰਦੇ। ਇਕ ਮੁਸਲਿਮ ਲਲਾਰੀ ਸੀ। ਉਹਦੇ ਬੇਟੇ ਅਨਵਰ, ਸਰਦਾਰ ਮੁਹੰਮਦ ਅਤੇ ਨਜ਼ਰ ਮੁਹੰਮਦ ਸਨ।

ਗੁਆਂਢੀ ਪਿੰਡਾਂ ਵਿਚ ਧਾਲੀਵਾਲ, ਬਡਾਲਾ, ਦਸੂਹਾ, ਕੈਂਤਾ, ਨਵਾਂ ਪਿੰਡ, ਪੁਰਾਣੇ ਵਾਸੂ ਜਾਂਗਲੀ ਲੋਕਾਂ ਦਾ ਪਿੰਡੋਂ ਬਾਹਰ ਬੰਨ੍ਹਿਆ ਪਿੰਡ, ਛੋਟਾ ਜਹਾਂਗੀਰ (ਜਿਸ ਦੀ ਛੇੜ ਲੋਕਾਂ ਲੁੱਚਗੜ੍ਹ ਪਾਈ ਹੋਈ ਸੀ)। ਕੁੱਕੜ ਅਤੇ ਕੰਗਾਂ ਵੀ ਗੁਆਂਢੀ ਪਿੰਡ ਸੁਣੀਂਦੇ। 'ਟੇਸ਼ਣ ਸਾਨੂੰ ਅਬਾਸ ਪੁਰ ਲੱਗਦਾ।

ਰੌਲੇ-ਰੱਪੇ ਪਏ ਤਾਂ ਸਭਨਾਂ ਤਾਈਂ ਫ਼ਿਕਰ ਹੋਇਆ। ਪਿੰਡ ਵਿਚ ਦੋ ਰੇਡੀਓ ਹੁੰਦੇ। ਸ਼ਾਮ ਪੈਂਦਿਆਂ ਲੋਕਾਂ ਥੜ੍ਹਿਆਂ 'ਤੇ ਰੇਡੀਓ ਸੁਣਨ ਲਈ 'ਕੱਠੇ ਹੋ ਜਾਣਾ। ਉਥੋਂ ਹੀ ਪਾਕਿਸਤਾਨ ਬਣੇਗਾ ਦਾ ਐਲਾਨ ਸੁਣਿਆ। ਲੋਕ ਇਹੋ ਸਮਝਦੇ ਰਹੇ ਕਿ ਕੁੱਝ ਦਿਨ ਦਾ ਰੌਲਾ-ਰੱਪਾ ਹੈ, ਥੰਮ ਜਾਵੇਗਾ। ਮਾਰ-ਮਰੲੀਆ ਵੱਧਦਾ ਗਿਆ। ਪੋਠੋਹਾਰ ਵਲੋਂ ਸਿੱਖ ਪਿੰਡਾਂ 'ਤੇ ਹਮਲੇ ਸ਼ੁਰੂ ਹੋਏ। ਹੌਲੀ-ਹੌਲੀ ਦੰਗਿਆਂ ਦੀ ਅੱਗ ਦਾ ਸੇਕ ਸਾਰੇ ਪੰਜਾਬ ਵਿਚ ਫੈਲ ਗਿਆ। ਗੁਰਦੁਆਰਾ ਸਿੰਘ ਸਭਾ ਵਿਚ ਮੋਹਤਬਰਾਂ ਦਾ 'ਕੱਠ ਹੋਇਆ। ਪਹਿਰਾ ਲੱਗਾ। ਉਠਣ ਦੀ ਤਿਆਰੀ ਸ਼ੁਰੂ ਹੋਈ।

ਗਿਆਨੀ ਕਰਤਾਰ ਸਿੰਘ ਤਦੋਂ ਸਿੱਖਾਂ ਦੇ ਵਾਹਦ ਲੀਡਰ ਵੀ ਪਿੰਡ ਦੋ ਗੇੜੇ ਕੱਢ ਗਏ। ਕਹਿੰਦੇ, "ਸੁਚੇਤ ਰਹੋ। ਪਹਿਰਾ ਲਾਓ। ਮੈਂ ਟਰੱਕਾਂ ਦਾ ਪ੍ਰਬੰਧ ਕਰਕੇ ਭੇਜਦਾ ਹਾਂ। ਨਹਿਰ ਵਿਚ ਪਾਣੀ ਵੀ ਛਡਵਾਉਂਦਾ ਹਾਂ।" ਸ਼ੈਦ ਉਹ ਕਿਧਰੇ ਹੋਰ ਪਾਸੇ ਉਲਝ ਗਏ, ਮੁੜ ਪਿੰਡ ਨਾ ਆਏ ਤੇ ਨਾ ਹੀ ਨਹਿਰੀ ਪਾਣੀ। ਹਫ਼ਤਾ ਕੁ ਇੰਤਜ਼ਾਰ ਤੋਂ ਬਾਅਦ ਚੜ੍ਹਦੇ ਅੱਸੂ, ਜ਼ਰੂਰੀ ਸਮਾਨ ਅਤੇ ਰਸਤੇ ਲਈ ਰਸਦ ਦੇ ਗੱਡੇ ਲੱਦ ਕੇ ਸਾਰੇ ਹਿੰਦੂ-ਸਿੱਖ ਪਰਿਵਾਰ ਲੈਲਪੁਰ ਵੱਲ ਵਧੇ। ਜਿੱਥੋਂ ਕਾਫ਼ਲੇ ਨੇ ਲੈਲਪੁਰ ਰਫਿਊਜੀ ਕੈਂਪ ਲਈ ਜਾਣਾ ਸੀ। ਸਾਡੇ ਪਰਿਵਾਰ ਦੇ ਗੱਡੇ ਸਭ ਤੋਂ ਪਿੱਛੇ ਸਨ। ਰੌਸ਼ਨ ਵਾਲਾ ਪਿੰਡ ਦੇ ਬਰਾਬਰ ਕਾਫ਼ਲੇ ਉਪਰ ਪਿੱਛਿਓਂ ਹਮਲਾ ਹੋਇਆ। ਕੁੱਝ ਧਾੜਵੀ ਘੋੜ ਸਵਾਰ ਚੋਬਰ ਲੁੱਟ-ਖੋਹ ਦੀ ਨੀਅਤ ਨਾਲ ਕਾਫ਼ਲੇ ਦੇ ਨਾਲ ਆ ਰਲੇ। ਕਹਿਣ, ਤੁਹਾਡੀ ਰੱਖਿਆ ਲਈ ਆਏ ਹਾਂ। ਪਰ ਉਨ੍ਹਾਂ ਦੇ ਦਿਲ ਵਿਚ ਖੋਟ ਸੀ। ਜਿਉਂ ਹੀ ਮਸਜਿਦ ਪਾਸ ਪਹੁੰਚੇ ਤਾਂ ਮਸਜਿਦ 'ਚੋਂ ਗੋਲੀ ਚੱਲੀ। ਧਾੜਵੀਆਂ ਵੀ ਪਿਛਲਿਆਂ ਗੱਡਿਆਂ 'ਤੇ ਹਮਲਾ ਬੋਲਤਾ। 8-9 ਬੰਦੇ ਉਥੇ ਮਾਰੇ ਗਏ। ਦੋ ਜਨਾਨੀਆਂ ਨੂੰ ਵੀ ਉਠਾ ਕੇ ਲੈ ਗਏ।

ਕਾਫ਼ਲਾ ਖਲੋਅ ਗਿਆ। ਸਾਡੇ ਸ਼ਰੀਕੇ 'ਚੋਂ ਤੇਜਾ ਸਿੰਘ ਦਾ ਭਰਾ ਘਨੱਈਆ ਸਿੰਘ ਰਿਟਾਇਰਡ ਠਾਣੇਦਾਰ ਸੀ, ਨੇ ਉਦਮ ਕਰਕੇ ਪਹਿਰੇ ਲਈ, ਲੈਲਪੁਰੋਂ ਪੁਲਿਸ ਸੱਦ ਲਿਆਂਦੀ। ਮਰ ਗਿਆਂ ਦਾ ਸੰਸਕਾਰ ਕਰਨ ਲੱਗੇ, ਤਾਂ ਮੀਂਹ ਪਿਆ ਹੋਣ ਕਰਕੇ ਕਿਧਰੋਂ ਸੁੱਕਾ ਬਾਲਣ ਵੀ ਨਾ ਮਿਲਿਆ। ਕਰਦਿਆਂ ਕਰਾਉਂਦਿਆਂ ਕਾਫ਼ਲਾ ਤੁਰ ਪਿਆ। ਲਾਸ਼ਾਂ ਨੂੰ ਉਵੇਂ ਨਹਿਰ ਵਿਚ ਸੁੱਟ ਆਏ। ਸਾਡੇ ਬਾਬੇ ਦਾ ਭਤੀਜਾ ਨਰੈਣ ਸਿੰਘ ਪੁੱਤਰ ਮੂਲਾ ਸਿੰਘ ਜੋ ਪਿੱਛੇ ਪਹਿਰੇ 'ਤੇ ਸੀ, ਇਕ ਬਾਲਮੀਕ ਪਰਿਵਾਰ 'ਚੋਂ ਸਾਡਾ ਕਾਮਾ ਮਰਨ ਵਾਲਿਆਂ ਵਿਚ ਸ਼ਾਮਲ ਸਨ। ਸਾਡੇ ਪਰਿਵਾਰ 'ਚੋਂ ਹੀ ਉਪਰੋਕਤ ਤੇਜਾ ਸਿੰਘ ਦੀ ਭੈਣ ਅਤੇ ਨੂੰਹ ਦੇ ਵੀ ਗੋਲੀ ਲੱਗੀ ਪਰ ਉਹ ਜਾਨੋਂ ਬਚ ਰਹੇ। ਨਰੈਣ ਸਿੰਘ ਦੇ ਬੇਟੇ ਹਰਬੰਸ ਸਿੰਘ ਨੇ ਭੱਜ ਕੇ ਜਾਨ ਬਚਾਈ।

ਲੈਲਪੁਰ ਦੇ ਖ਼ਾਲਸਾ ਕਾਲਜ ਕੈਂਪ ਵਿਚ ਨੌਂ ਦਿਨ ਬੈਠੇ ਰਹੇ। ਰਸਦ ਤਾਂ ਸਾਡੇ ਪਾਸ ਹੈ ਸੀ, ਕੁੱਝ ਸਰਕਾਰੀ ਵੀ ਮਿਲਦੀ ਰਹੀ। ਪਿੱਛਿਓਂ ਸਰਗੋਧਾ ਵਲੋਂ ਇੱਕ ਹੋਰ ਗੱਡਿਆਂ ਦਾ ਵੱਡਾ ਕਾਫ਼ਲਾ ਆਇਆ। ਦੂਜੇ ਦਿਨ ਜ਼ਿਲ੍ਹੇ ਦੇ ਵੱਡੇ ਅਫ਼ਸਰ ਜੋ ਮੁਸਲਿਮ ਸੀ, ਨੇ ਬਲੋਚ ਮਿਲਟਰੀ ਦੇ ਪਹਿਰੇ ਹੇਠ ਕਾਫ਼ਲੇ ਨੂੰ ਜੜ੍ਹਾਂਵਾਲਾ ਲਈ ਤੋਰਿਆ। ਇਥੋਂ ਮੇਰਾ ਬਾਬਾ ਅਰੂੜ ਸਿੰਘ ਅਤੇ ਭੂਆ ਹੁਕਮ ਕੌਰ, ਅੰਬਰਸਰ ਜਾਣ ਲਈ, ਲੈਲਪੁਰ ਟੇਸ਼ਣ ਨੂੰ ਚਲੇ ਗਏ। ਜੜ੍ਹਾਂਵਾਲਾ ਤੋਂ ਅੱਗੇ ਤੁਰੇ ਤਾਂ ਗੋਗੇਰਾ ਬ੍ਰਾਂਚ 'ਤੇ ਪੈਂਦੇ ਪਿੰਡ ਬੁੱਚੇ ਕੀ ਕਾਫ਼ਲੇ ਨੇ ਰਾਤ ਦਾ ਠਹਿਰਾ ਕੀਤਾ। ਉਥੇ ਪਸ਼ੂਆਂ ਲਈ ਚਾਰਾ ਲੈਣ ਗਏ ਦੋ ਸਿੱਖਾਂ ਨੂੰ ਮੁਸਲਿਮ ਧਾੜਵੀਆਂ ਮਾਰ'ਤਾ। ਤਾਇਆ ਹਾਕਮ ਸਿੰਘ ਦਾ ਮੁੰਡਾ ਦੀਦਾਰ ਸਿੰਘ ਘੋੜੀ ਨੂੰ ਪਾਣੀ ਪਿਲਾਉਣ ਗਿਆ, ਤਾਂ ਘੋੜੀ ਖੋਹਣ ਦੀ ਨੀਅਤ ਨਾਲ ਧਾੜਵੀਆਂ ਉਸ 'ਤੇ ਗੋਲੀ ਚਲਾਈ, ਪਰ ਉਹ ਬਚ ਕੇ ਕਾਫ਼ਲੇ 'ਚ ਭੱਜ ਆਇਆ। ਉਸ ਨੇ ਇਤਲਾਹ ਕੀਤੀ। ਸਬੰਧਤ ਪਰਿਵਾਰਾਂ ਵਲੋਂ ਉਨ੍ਹਾਂ ਦੀਆਂ ਦੇਹਾਂ ਨੂੰ ਲਿਆ ਕੇ ਦਫ਼ਨ ਕਰਤਾ। ਮੀਂਹ ਅਤੇ ਹੈਜ਼ੇ ਦਾ ਵੀ ਜ਼ੋਰ ਸੀ। ਕਈ ਬਜ਼ੁਰਗ ਅਤੇ ਬਿਮਾਰ ਚੜ੍ਹਾਈ ਕਰ ਗਏ। ਉਨ੍ਹਾਂ ਨੂੰ ਮੁਸਲਿਮ ਕਬਰਸਤਾਨ ਵਿਚ ਦੱਬਿਆ। ਇਲਾਕੇ ਦੇ ਮੁਸਲਿਮਾਂ ਇਤਰਾਜ਼ ਉਠਾਇਆ ਕਿ ਉਨ੍ਹਾਂ ਦੀਆਂ ਕਬਰਾਂ ਭ੍ਰਿਸ਼ਟ ਕਰਤੀਆਂ। ਉਥੋਂ ਲਾਸ਼ਾਂ ਕੱਢ ਕੇ ਬਰਸਾਤੀ ਨਾਲੇ ਵਿਚ ਰੋੜ ਦਿੱਤੀਆਂ। ਉਥੇ ਬੁੱਚੇਕੀ ਅਸੀਂ ਕਈ ਦਿਨ ਬੈਠੇ ਰਹੇ। ਇਥੇ ਡੋਗਰਾ ਮਿਲਟਰੀ ਆਈ। ਬਲੋਚ ਮਿਲਟਰੀ ਵਾਪਸ ਮੁੜ ਗਈ। ਬੱਲੋਕੀ ਹੈੱਡ ਪਹੁੰਚੇ। ਉਥੇ ਇਕ ਬਰਸਾਤੀ ਚੋਅ ਦਾ ਪੁੱਲ ਟੁੱਟਾ ਹੋਇਆ ਸੀ, ਉਹ ਮਿਲਟਰੀ ਨੇ ਬਣਾਇਆ ਤਾਂ ਕਾਫ਼ਲਾ ਪਾਰ ਹੋਇਆ। ਬੱਲੋਕੀ ਹੈਡ ਟੱਪ ਕੇ ਵੱਡੀ ਨਹਿਰ 'ਤੇ ਸਿੱਖਾਂ ਦੇ ਪਿੰਡ ਫੇਰੂਕੇ, ਜਿੱਥੇ ਪੰਚਮ ਪਾਤਸ਼ਾਹ ਦਾ ਗੁਰਦੁਆਰਾ ਹੈ, ਦੋ ਰਾਤਾਂ ਰਹੇ। ਉਥੇ ਪਸ਼ੂਆਂ ਲਈ ਤੂੜੀ ਲੈਣ ਗਏ ਪਿਓ ਈਸ਼ਰ ਸਿੰਘ ਅਤੇ ਪੁੱਤਰ ਸੇਵਾ ਸਿੰਘ 'ਤੇ ਧਾੜਵੀਆਂ ਗੋਲੀ ਚਲਾ ਦਿੱਤੀ। ਈਸ਼ਰ ਸਿੰਘ ਮਾਰਿਆ ਗਿਆ, ਜਦਕਿ ਸੇਵਾ ਸਿੰਘ ਭੱਜ ਆਉਣ 'ਚ ਸਫਲ ਰਿਹਾ। ਇਹ ਈਸ਼ਰ ਸਿੰਘ 257 ਚੱਕ ਤੋਂ, ਉਪਰ ਦਰਜ ਘਨੱਈਆ ਸਿੰਘ ਦਾ ਸਕਾ ਭਰਾ ਅਤੇ ਮੇਰੇ ਬਾਪ ਦੀ ਮਾਸੀ ਦਾ ਪੁੱਤ ਭਰਾ ਸੀ। ਉਥੋਂ ਤੁਰ ਕੇ ਰਾਏ ਵਿੰਡ- ਕਸੂਰ-ਖੇਮਕਰਨ-ਝਬਾਲ-ਤਰਨਤਾਰਨ ਹੁੰਦੇ ਫਾਕੇ, ਦੁਸ਼ਵਾਰੀਆਂ ਝਾਂਗਦੇ ਹੋਏ ਆਪਣੇ ਜੱਦੀ ਪਿੰਡ ਜਹਾਂਗੀਰ (ਜੰਡਿਆਲਾ ਗੁਰੂ) ਪਹੁੰਚੇ। ਉਥੇ ਆਪਣੀ ਜੱਦੀ ਜ਼ਮੀਨ ਵਾਹੀ। ਤਿੰਨ ਕੁ ਸਾਲ ਬਾਅਦ ਸਾਡੀ ਪਰਚੀ ਉੱਗੀ-ਜਲੰਧਰ ਦੀ ਪਈ, ਸੋ ਇਥੇ ਆਣ ਵਾਸ ਕੀਤਾ। ਹੁਣ ਤੱਕ ਉਹੀ ਵਾਹੁੰਦੇ-ਖਾਂਦੇ ਹਾਂ। ਮੇਰਾ ਵਿਆਹ ਸਲੈਚਾਂ ਦੇ ਸ. ਉਜਾਗਰ ਸਿੰਘ ਦੀ ਬੇਟੀ ਬਲਵੀਰ ਕੌਰ ਨਾਲ ਹੋਇਆ। ਮੇਰੇ ਘਰ ਦੋ ਪੁੱਤਰ ਪ੍ਰਦੀਪ ਸਿੰਘ, ਨਵਦੀਪ ਸਿੰਘ ਅਤੇ ਬੇਟੀ ਪਰਮਿੰਦਰ ਕੌਰ ਪੈਦਾ ਹੋਏ। ਹੁਣ ਉਨ੍ਹਾਂ ਦੇ ਆਸਰੇ ਹੀ ਜ਼ਿੰਦਗੀ ਦੀ ਸ਼ਾਮ ਹੰਢਾਅ ਰਿਹੈਂ। ਬਾਕੀ ਬਾਰ ਦਾ ਚੱਕ ਡਾਹਢਾ ਯਾਦ ਆਉਂਦੈ। ਪਰ ਉਥੇ ਜਾਣ ਤੋਂ ਅਸਮਰਥ ਹਾਂ। ਸੁਪਨੇ ਵਿਚ ਹਫ਼ਤਾ ਦੋ ਹਫ਼ਤੇ ਬਾਅਦ ਜ਼ਰੂਰ ਪਿੰਡ ਗੇੜਾ ਲਾ ਆਉਂਦਾ ਹਾਂ। ਬਚਪਨ ਦੇ ਬੇਲੀਆਂ ਨੂੰ ਮਿਲ ਕੇ ਸਕੂਨ ਮਿਲਦਾ ਏ।

"ਸੁਪਨਿਆਂ ਤੂੰ ਸੁਲਤਾਨ ਹੈਂ-ਉਤਮ ਤੇਰੀ ਜ਼ਾਤ।

ਸੌ ਬਰਸ ਦੇ ਵਿੱਛੜੇ- ਆਣ ਮਿਲਾਵੇ ਰਾਤ।"

---

# ਖ਼ੂਬਸੂਰਤ ਜ਼ਿੰਦਗੀ ਜਿਊਣ ਦਾ ਰਾਜ਼

ਸੰਜੀਵ ਸਿੰਘ ਸੈਣੀ
ਮੋਹਾਲੀ : 78889-66168
(Punjab Mail USA)



ਜ਼ਿੰਦਗੀ ਅਣਮੋਲ ਖਜ਼ਾਨਾ ਹੈ। ਕੁਦਰਤ ਵੱਲੋਂ ਦਿੱਤੀ ਗਈ ਇੱਕ ਵਡਮੁੱਲੀ ਦਾਤ ਹੈ। ਇਨਸਾਨ ਨੂੰ ਜ਼ਿੰਦਗੀ ਵਾਰ-ਵਾਰ ਨਹੀਂ ਮਿਲਦੀ। ਜ਼ਿੰਦਗੀ ਸਿਰਫ਼ ਇੱਕ ਵਾਰ ਆਉਂਦੀ ਹੈ। ਇਹ ਹੁਣ ਸਾਡੇ ਉੱਤੇ ਨਿਰਭਰ ਕਰਦਾ ਹੈ ਕਿ ਅਸੀਂ ਜ਼ਿੰਦਗੀ ਨੂੰ ਕਿਵੇਂ ਖ਼ੂਬਸੂਰਤ ਬਣਾਉਣਾ ਹੈ। ਹਰ ਇਨਸਾਨ ਜ਼ਿੰਦਗੀ ਦਾ ਆਨੰਦ ਵੱਖ-ਵੱਖ ਤਰੀਕੇ ਨਾਲ ਮਾਣਦਾ ਹਾਂ। ਨਿਮਰਤਾ, ਪ੍ਰੀਤ ਪਿਆਰ ਤੇ ਸਤਿਕਾਰ ਹਰ ਇਨਸਾਨ ਦੇ ਗਹਿਣੇ ਹਨ। ਜ਼ਿੰਦਗੀ ਨੂੰ ਕਦੇ ਵੀ ਬੋਝ ਬਣ ਕੇ ਨਾ ਕੱਟੋ। ਜ਼ਿੰਦਗੀ ਨੂੰ ਹਮੇਸ਼ਾ ਹੱਸ-ਖੇਡ ਕੇ ਗੁਜ਼ਾਰੋ। ਜਿੰਨੇ ਸੌਖੇ ਤਰੀਕੇ ਨਾਲ ਜ਼ਿੰਦਗੀ ਨੂੰ ਬਸਰ ਕਰੋਗੇ, ਓਨਾ ਹੀ ਜ਼ਿਆਦਾ ਜ਼ਿੰਦਗੀ ਹਰ ਇੱਕ ਪਲ ਖੁਸ਼ਗਵਾਰ ਬਣਦਾ ਚਲਾ ਜਾਏਗਾ।

ਖ਼ੂਬਸੂਰਤ ਜ਼ਿੰਦਗੀ ਜਿਊਣ ਲਈ ਕਿਸੇ ਤੋਂ ਵੀ ਉਮੀਦ ਨਾ ਰੱਖੋ। ਨੇਕ ਕੰਮ ਕਰਦੇ ਰਹੋ, ਲੋੜਵੰਦਾਂ ਦੀ ਮਦਦ ਕਰਦੇ ਰਹੋ। ਦੂਜਿਆਂ ਦਾ ਜਿੰਨਾ ਹੋ ਸਕਦਾ, ਓਨਾ ਭਲਾ ਕਰੋ। ਇੱਕ ਗੱਲ ਧਿਆਨ ਰੱਖੋ, ਕਿਸੇ ਦਾ ਭਲਾ ਕਰਨ ਵੇਲੇ ਆਪਣੇ ਦਿਮਾਗ ਵਿਚ ਇਹ ਗੱਲ ਕਦੇ ਵੀ ਨਾ ਲੈ ਕੇ ਆਓ ਕਿ ਕੱਲ੍ਹ ਨੂੰ ਵੀ ਇਹ ਬੰਦਾ ਮੇਰੀ ਮਦਦ ਜ਼ਰੂਰ ਕਰੇਗਾ। ਕਿਸੇ ਪ੍ਰਤੀ ਆਪਣੇ ਮਨ ਵਿਚ ਮਨਮੁਟਾਅ ਨਾ ਲੈ ਕੇ ਆਓ। ਕਦੇ ਵੀ ਕਿਸੇ ਦਾ ਮਾੜਾ ਨਾ ਸੋਚੋ। ਸਾਡੇ ਸਾਹਮਣੇ ਕਈ ਅਜਿਹੀਆਂ ਮਿਸਾਲਾਂ ਹਨ, ਜੋ ਸਾਨੂੰ ਖ਼ੂਬਸੂਰਤ ਜ਼ਿੰਦਗੀ ਜਿਊਣ ਲਈ ਪ੍ਰੇਰਿਤ ਕਰਦੀ ਰਹਿੰਦੀਆਂ ਹਨ। ਜੋ ਝੁੱਗੀ, ਝੌਂਪੜੀਆਂ ਵਾਲੇ ਹੁੰਦੇ ਹਨ, ਉਨ੍ਹਾਂ ਕੋਲ ਜ਼ਿੰਦਗੀ ਬਸਰ ਕਰਨ ਲਈ ਸੀਮਤ ਸਾਧਨ ਹੁੰਦੇ ਹਨ। ਉਹ ਵਰਤਮਾਨ ਵਿਚ ਰਹਿੰਦੇ ਹਨ, ਭਵਿੱਖ ਦੀ ਬਿਲਕੁਲ ਵੀ ਚਿੰਤਾ ਨਹੀਂ ਕਰਦੇ।

ਹਮੇਸ਼ਾ ਖੁਸ਼ ਰਹਿਣ ਦੀ ਆਦਤ ਪਾਓ। ਪਰਿਵਾਰਾਂ ਵਿਚ ਅਕਸਰ ਤਕਰਾਰ ਹੋ ਜਾਂਦੇ ਹਨ। ਕੋਈ ਗੱਲ ਨੂੰ ਆਪਣੇ ਦਿਲ 'ਤੇ ਨਾ ਲਗਾਓ। ਸਹਿਣਸ਼ੀਲ ਰਹੋ। ਹਰ ਸਵੇਰ ਨਵੀਂ ਉਮੀਦ ਲੈ ਕੇ ਆਉਂਦੀ ਹੈ। ਸਵੇਰੇ-ਸਵੇਰੇ ਸਾਰਿਆਂ ਨਾਲ ਪਿਆਰ ਨਾਲ ਗੱਲ ਕਰੋ। ਸਾਰਾ ਦਿਨ ਫੇਰ ਵਧੀਆ ਹੱਸ-ਖੇਡ ਕੇ ਗੁਜ਼ਰਦਾ ਹੈ। ਦੇਖੋ! ਪ੍ਰੇਸ਼ਾਨੀਆਂ, ਮੁਸੀਬਤ ਹਰ ਇਨਸਾਨ ਦੀ ਜ਼ਿੰਦਗੀ ਵਿਚ ਆਉਂਦੀਆਂ ਰਹਿੰਦੀਆਂ ਹਨ। ਜੇ ਪ੍ਰੇਸ਼ਾਨੀ ਆਈ ਹੋਈ ਹੈ, ਤਾਂ ਉਸਦਾ ਹੱਲ ਵੀ ਜ਼ਰੂਰ ਹੁੰਦਾ ਹੈ। ਅੱਜ ਜ਼ਮਾਨਾ ਅਜਿਹਾ ਹੈ ਕਿ ਜੇ ਤੁਹਾਡੇ ਚਿਹਰੇ 'ਤੇ ਖੁਸ਼ੀ ਹੈ, ਤਾਂ ਤੁਹਾਡੇ ਨੇੜੇ ਲੱਗਣਗੇ। ਜੇ ਹਰ ਵੇਲੇ ਰੋਂਦੇ ਰਹੋਗੇ, ਤਾਂ ਦੂਜੇ ਨੇ ਤਾਂ ਕਹਿਣਾ ਹੈ ਕਿ ਇਹ ਬੰਦਾ ਤਾਂ ਹਰ ਵੇਲੇ ਹੀ ਰੋਣਾ ਰੋਂਦਾ ਰਹਿੰਦਾ ਹੈ। ਇਸ ਦੇ ਨੇੜੇ ਲੱਗ ਕੇ ਕੀ ਫਾਇਦਾ?

ਅੱਜ ਪੈਸੇ ਦੀ ਹੋੜ ਜ਼ਿਆਦਾ ਲੱਗੀ ਹੋਈ ਹੈ। ਪੈਸੇ ਜ਼ਮੀਨਾਂ ਖਾਤਰ ਪੁੱਤ-ਪਿਓ ਦਾ ਕਤਲ ਤੱਕ ਕਰ ਦਿੰਦਾ ਹੈ। ਭਰਾ-ਭਰਾ ਦਾ ਦੁਸ਼ਮਣ ਬਣਿਆ ਹੋਇਆ ਹੈ। ਦੇਖੋ ਪੈਸਾ ਵੀ ਬਹੁਤ ਜ਼ਰੂਰੀ ਹੈ, ਪਰ ਹਰ ਥਾਂ 'ਤੇ ਪੈਸਾ ਕੰਮ ਨਹੀਂ ਆਉਂਦਾ ਹੈ। ਜਦੋਂ ਕਰੋਨਾ ਮਹਾਂਮਾਰੀ ਨੇ ਦਸਤਕ ਦਿੱਤੀ ਸੀ, ਤਾਂ ਅਸੀਂ ਦੇਖਿਆ ਹੀ ਸੀ ਕਿ ਆਪਣੇ ਹੀ ਪਰਿਵਾਰਿਕ ਮੈਂਬਰਾਂ ਨੇ ਆਪਣੇ ਪਰਿਵਾਰ ਦੇ ਜੀਅ ਦੀ ਲਾਸ਼ ਨੂੰ ਹੱਥ ਤੱਕ ਨਹੀਂ ਲਗਾਇਆ ਸੀ। ਵਿਚਾਰਨ ਵਾਲੀ ਗੱਲ ਹੈ ਕਿ ਜਿਸ ਇਨਸਾਨ ਨੇ ਸਾਰੀ ਉਮਰ ਆਪਣੇ ਪਰਿਵਾਰ ਲਈ ਕਮਾਇਆ ਹੁੰਦਾ ਹੈ, ਉਸਦੇ ਹੀ ਪਰਿਵਾਰ ਵਾਲੇ ਉਸਨੂੰ ਪੌਣੇ ਦੋ ਮੀਟਰ ਕੱਪੜਾ ਤੱਕ ਨਹੀਂ ਪਾ ਸਕੇ। ਇਨਸਾਨੀਅਤ ਖ਼ਤਮ ਹੋ ਚੁੱਕੀ ਹੈ। ਜ਼ਿਆਦਾ ਪੈਸਾ, ਕੀ ਕਰਨਾ? ਠੀਕ ਹੈ ਪੈਸੇ ਬਗੈਰ ਕੋਈ ਪੁੱਛਦਾ ਤੱਕ ਵੀ ਨਹੀਂ ਹੈ। ਪਰ ਪੈਸਾ ਗੁਜ਼ਾਰਨ ਲਈ ਹੈ। ਅਸੀਂ ਇਸ ਥਾਂ 'ਤੇ ਕੋਈ ਰਜਿਸਟਰੀ ਕਰਵਾ ਕੇ ਨਹੀਂ ਲੈ ਕੇ ਆਏ ਹਾਂ ਕਿ ਅਸੀਂ ਇਸ ਸੰਸਾਰ ਤੋਂ ਕਦੇ ਵੀ ਰੁਖ਼ਸਤ ਨਹੀਂ ਹੋਣਾ ਹੈ।

ਅੱਜਕੱਲ੍ਹ ਦੀ ਉਮਰ ਤਾਂ ਵੈਸੇ ਹੀ ਛੋਟੀ ਹੈ। ਪਤਾ ਹੀ ਨਹੀਂ ਲੱਗਦਾ ਕਦੋਂ 'ਚਕਲੋ-ਚੱਕਲੋ' ਹੋ ਜਾਣੀ ਹੈ। ਸੋ ਜ਼ਿਆਦਾ ਸਮਾਨ ਇਕੱਠਾ ਕਰਨ ਦੀ ਜ਼ਰੂਰਤ ਨਹੀਂ ਹੈ। ਆਪਣੇ ਪਰਿਵਾਰ ਨੂੰ ਸਮਾਂ ਦਿਓ। ਬਜ਼ੁਰਗਾਂ ਦਾ ਸਤਿਕਾਰ ਕਰੋ। ਤੁਹਾਨੂੰ ਬਹੁਤ ਖੁਸ਼ੀ ਮਿਲੇਗੀ।

ਆਪਣੀ ਸਿਹਤ ਦਾ ਧਿਆਨ ਰੱਖੋ। ਸਾਦਾ ਭੋਜਨ ਖਾਓ। ਜਿਸ ਤਰ੍ਹਾਂ ਅੱਜ-ਕੱਲ ਜੰਕ ਫੂਡ ਖਾਣ ਦਾ ਰੁਝਾਨ ਹੈ। ਜਿੰਨਾ ਹੋ ਸਕੇ ਬਾਹਰੀ ਚੀਜ਼ਾਂ ਤੋਂ ਗ਼ੁਰੇਜ਼ ਕਰੋ। ਘਰ ਦਾ ਬਣਿਆ ਹੋਇਆ ਸ਼ੁੱਧ ਸਾਫ-ਸੁਥਰਾ ਭੋਜਨ ਖਾਓ। ਸਵੇਰੇ ਹਲਕੀ-ਫੁਲਕੀ ਸੈਰ ਕਰੋ। ਜਿਸ ਕਾਰਨ ਸਾਰਾ ਦਿਨ ਵਧੀਆ ਨਿਕਲਦਾ ਹੈ। ਚਿਹਰੇ 'ਤੇ ਕਦੇ ਵੀ ਸੁਸਤੀ ਤੱਕ ਨਹੀਂ ਪੈਂਦੀ। ਖ਼ੂਬਸੂਰਤ ਪਾਰਕ ਵਿਚ ਜਾਓ। ਜਿੱਥੇ ਤੁਹਾਨੂੰ ਬਹੁਤ ਸਕੂਨ ਮਿਲੇਗਾ। ਤਰ੍ਹਾਂ-ਤਰ੍ਹਾਂ ਦੇ ਫੁੱਲ ਦੇਖ ਕੇ ਮਨ ਨੂੰ ਬਹੁਤ ਜ਼ਿਆਦਾ ਸਕੂਨ ਮਿਲਦਾ ਹੈ।

ਵਧੀਆ ਕਿਤਾਬਾਂ ਪੜ੍ਹੋ। ਚੰਗੇ ਦੋਸਤਾਂ ਦਾ ਸੰਗ ਕਰੋ, ਜੋ ਤੁਹਾਨੂੰ ਮੁਸੀਬਤ ਵਿਚੋਂ ਨਿਕਲਣ ਲਈ ਪ੍ਰੇਰਿਤ ਕਰਨ। ਦੋਸਤ ਚਾਹੇ ਇੱਕ ਹੋਵੇ, ਪਰ ਹੋਵੇ ਦਿਲੋਂ ਕਰੀਬੀ। ਕਦੇ ਵੀ ਗੁੱਸਾ ਨਾ ਹੋਵੋ, ਜੇ ਗੁੱਸਾ ਆਵੇ, ਆਪਣੇ ਆਪ 'ਤੇ ਕੰਟਰੋਲ ਰੱਖੋ। ਘਰ ਵਿਚ ਉੱਚੀ ਆਵਾਜ਼ ਵਿਚ ਕਦੇ ਵੀ ਗੱਲ ਨਾ ਕਰੋ। ਬੱਚਿਆਂ ਨਾਲ ਪਿਆਰ ਨਾਲ ਗੱਲ ਕਰੋ। ਆਪਣੇ ਲਈ ਸਮਾਂ ਕੱਢੋ। ਜ਼ਿੰਦਗੀ ਸਿਰਫ਼ ਇੱਕ ਵਾਰ ਆਉਂਦੀ ਹੈ। ਇਸ ਲਈ ਉਹ ਕੰਮ ਕਰੋ, ਜਿਸ ਨਾਲ ਤੁਹਾਨੂੰ ਖੁਸ਼ੀ ਮਿਲੇ, ਉਨ੍ਹਾਂ ਖ਼ੂਬਸੂਰਤ ਥਾਂਵਾਂ 'ਤੇ ਜਾਓ, ਜਿੱਥੇ ਤੁਹਾਨੂੰ ਸ਼ਾਂਤੀ ਮਹਿਸੂਸ ਹੋਵੇ। ਅਜਿਹੇ ਦੋਸਤਾਂ ਦਾ ਸੰਗ ਕਰੋ, ਜੋ ਤੁਹਾਨੂੰ ਖੁਸ਼ੀ ਪ੍ਰਦਾਨ ਕਰਨ ਵਾਲੇ ਹੋਣ।

## ਘੋੜੀ ਸਰਦਾਰ ਭਗਤ ਸਿੰਘ ਜੀ

ਭਗਤ ਸਿੰਘ ਖੱਟਕੜ ਦਾ ਸਰਦਾਰ,
ਮੌਤ ਦੀ ਘੋੜੀ 'ਤੇ ਅਸਵਾਰ,
ਹੋ ਕੇ ਟੁਰਿਆ ਨੀ ਟੁਰਿਆ,
ਭੈਣੋ ਗਾਵਹੁ ਘੋੜੀਆਂ।

ਭਾਰਤ ਮਾਤਾ ਆਪਣੇ ਪੁੱਤਰਾਂ ਨੂੰ ਸਜਾਵੇ ਨੀ,
ਮੌਤ ਦੀਆਂ ਘੋੜੀਆਂ ਵੀ ਨਾਲ ਨਾਲ ਗਾਵੇ ਨੀ।
ਇੰਜੜੀ ਫੜ ਗੋਰੀ ਪੁਲਿਸ ਪਿੱਛੇ ਜਾਵੇ ਨੀ।
ਕ੍ਰੋੜਾਂ ਦੇਸ਼ ਭਗਤਾਂ ਦੀ ਬਰਾਤ ਨਾਲ ਜਾਵੇ ਨੀ।
ਝੱਲਿਆ ਜਾਵੇ ਨ ਜਲਾਲ ਬੇਸ਼ੁਮਾਰ ਨੀ,
ਨੀ ਗਾਵਹੁ ਘੋੜੀਆਂ।
ਭਗਤ ਸਿੰਘ ਖੱਟਕੜ ਦਾ ਸਰਦਾਰ....।

ਹੱਥਕੜੀ ਬਣ ਗਈ ਸ਼ਹੀਦੀਆਂ ਦਾ ਗਾਨਾ ਨੀ।
ਪੈਰੀਂ ਛਣਕਣ ਬੇੜੀਆਂ ਸ਼ਹਿਨਾਈ ਵੱਜੇ ਸ਼ਹਾਨਾ ਨੀ।
ਰਾਜ ਗੁਰੂ ਸੁਖਦੇਵ ਬਣੇ ਸਰਵਾਲਾ ਨੀ।
ਲੈ ਤੁਰੇ ਫਰੰਗੀ ਪਾਏ ਕੋਟ ਹੈਟ ਕਾਲਾ ਨੀ।
ਪਾਣ ਫਾਂਸੀ ਵਾਲੇ ਫੰਧੇ ਦਾ ਹਾਰ ਨੀ,
ਨੀ ਗਾਵਹੁ ਘੋੜੀਆਂ।
ਭਗਤ ਸਿੰਘ ਖੱਟਕੜ ਦਾ ਸਰਦਾਰ....।

ਪਹੁੰਚੇ ਫਾਂਸੀ ਤਖ਼ਤੇ ਉੱਤੇ ਆਖਰੀ ਇੱਛਾ ਪੁੱਛੇ ਨੀ।
ਸ਼ੇਰ ਕਹਿਣ ਖੋਹਲ ਦਿਉ ਬੱਝੇ ਹੱਥ ਪੈਰਾਂ ਦੇ ਰੱਸੇ ਨੀ।
ਮਿਲੀਏ ਜ਼ਰਾ ਆਖਰੀ ਵਾਰੀ ਪਾ ਗਲ ਜੱਫ਼ੇ ਨੀ।
ਫੰਧੇ ਅਸੀਂ ਖੁਦ ਪਾਵਾਂਗੇ ਮੌਤ ਦਾ ਡਰ ਨ ਡੱਸੇ ਨੀ।
ਕਰੀਏ ਇਨਕਲਾਬ ਨੂੰ ਪਿਆਰ ਨੀ,
ਨੀ ਗਾਵਹੁ ਘੋੜੀਆਂ।
ਭਗਤ ਸਿੰਘ ਖੱਟਕੜ ਦਾ ਸਰਦਾਰ....।



ਸੇਵਾ ਸਿੰਘ " ਨੂਰਪੁਰੀ"
(Punjab Mail USA)

## ਆ ਨੀਂ ਜਿੰਦੇ

ਆ ਨੀਂ ਜਿੰਦੇ, ਧੁਰ ਅੰਦਰੋਂ ਕੁੜ੍ਹੀਏ,
ਅਣਦੇਖੀ ਸੁਣੀਏ, ਅਨਹੋਣੀ ਕਰੀਏ।

ਕੌੜੇ ਸਮਿਆਂ ਦੇ, ਤੋਹਫ਼ਿਆਂ ਵਰਗੇ,
ਅੱਲੇ ਜ਼ਖ਼ਮਾਂ 'ਤੇ, ਮਿਰਚਾਂ ਧਰੀਏ।

ਮਾਰ ਦੁਹੱਥੜ, ਰੱਜ ਕੇ ਹੱਸੀਏ,
ਖਿੜਖਿੜਾ ਕੇ, ਭੁੱਬੀਂ ਰੋਈਏ।

ਸੂਰਜ ਨੂੰ ਚੱਲ, ਠੰਢਾ ਕਰੀਏ,
ਚੰਦਰਮਾ ਦੀ, ਅੱਗ ਨੂੰ ਫੜੀਏ।

ਅੰਬਰ 'ਤੇ ਹਲ, ਡੂੰਘਾ ਵਾਹੀਏ,
ਧਰਤੀ ਨੂੰ ਚੱਲ, ਬੰਜਰ ਕਰੀਏ।

ਸੱਚ ਨੂੰ ਚੱਲ ਨਿੱਤ, ਫਾਹੇ ਟੰਗੀਏ,
ਝੂਠ ਦੀ ਨਿੱਠ ਕੇ, ਰਾਖੀ ਕਰੀਏ।

ਬਾਂਝ ਇਰਾਦੇ, ਗਰਭੀਂ ਪਨਪਣ,
ਬੋਟਾਂ ਦੇ ਗਲ, ਗੂਠਾ ਧਰੀਏ।

ਰੋਕੀਏ ਰਸਤੇ, ਰਾਹਬਰਾਂ ਦੇ,
ਰਾਹਜ਼ਨਾਂ ਦੀਆਂ, ਸਿਫਤਾਂ ਕਰੀਏ।

ਤੋੜ ਦੇਈਏ, ਖ਼ੁਸ਼ੀਆਂ ਦੇ ਰਿਸ਼ਤੇ,
ਹਿਰਖਾਂ ਦੇ ਘੁੱਟ, ਚੀਂਡੀਂ ਭਰੀਏ।

ਆ ਨੀਂ ਜਿੰਦੇ, ਧੁਰ ਅੰਦਰੋਂ ਕੁੜ੍ਹੀਏ,
ਅਣਦੇਖੀ ਸੁਣੀਏ, ਅਨਹੋਣੀ
ਕਰੀਏ।



-ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
(Punjab Mail USA)

## ਗ਼ਜ਼ਲ

ਵਕਤ ਬੁਰਾ ਜਦ ਆਉਂਦਾ ਹੈ, ਤਾਂ ਟੁੱਟ ਜਾਂਦੀਆਂ ਸਰਕਾਰਾਂ।
ਸੂਰਜ ਦੀ ਲੋਅ ਦਿੰਦੀਆਂ ਰਹਿੰਦੀਆਂ ਜੋ ਸੱਚੀਆਂ ਅਖ਼ਬਾਰਾਂ।
ਹੱਕਾਂ ਲਈ ਉਠਣ ਆਜ਼ਾਦੀ ਦੀ ਮਰਿਆਦਾ ਰਹਿੰਦੀ,
ਮਿਆਨਾਂ ਦੇ ਵਿਚ ਬੰਦ ਹੀ ਚੰਗੀਆਂ ਇਹ ਤਿੱਖੀਆਂ
ਤਲਵਾਰਾਂ।
ਨਈ ਤਾਂ ਆਪਾਂ ਡੁੱਬ ਜਾਣਾ ਸੀ ਇਸ ਦੇ ਸੰਕਟ ਅੰਦਰ,
ਭੰਵਰ ਵਿਚੋਂ ਕੱਢ ਕੇ ਬੇੜੀ ਪਾਰ ਲਗਾ ਤੀ ਯਾਰਾਂ।
ਮੌਸਮ ਵਾਲੀ ਮਾਂਗ 'ਚ ਖ਼ੁਸ਼ਹਾਲੀ ਦਾ ਸਿੰਦੂਰ ਦਿਸੇ,
ਕੂਲੇ-ਕੂਲੇ ਅੰਕੁਰ ਲੈ ਕੇ ਫੁੱਟੀਆਂ ਜਦ ਕਚਨਾਰਾਂ।
ਬਚਪਨ ਠਾਠ ਜਵਾਨੀ ਵਾਲੀ ਆਦਤ ਜਾ ਨਈਂ ਸਕਦੀ,
ਨੀਹਾਂ ਦੇ ਸਿਰ ਉਤੇ ਖੜ੍ਹੀਆਂ ਇਹ ਸੁੰਦਰ ਦੀਵਾਰਾਂ।
ਜਿਨ੍ਹਾਂ ਬਾਪੂ ਦੀ ਪਗੜੀ ਨੂੰ ਦਾਗ਼ ਨਾ ਲੱਗਣ ਦਿੱਤਾ,
ਸੱਭਿਆਚਾਰ ਸੰਭਾਲੀ ਰੱਖਿਆ ਧਨ ਨੇ ਉਹ ਮੁਟਿਆਰਾਂ।
ਉਨ੍ਹਾਂ ਦੇ ਵਿਚ ਸੁੰਦਰਤਾ ਦੇ ਬਿੰਬ ਅਜੇ ਵੀ ਦਿਸਦੇ,
ਅੰਬਰ ਛੂਹਦੀਆਂ ਦਿਸ ਰਹੀਆਂ, ਜੋ ਖੰਡਰ ਮੀਨਾਰਾਂ।
ਇੱਕ ਸਕੂਨ ਜਿਹਾ ਦਿੰਦੀਆਂ ਨੇ ਇਕ ਧਰਵਾਸ ਨਿਭਾਵਣ,
ਜੀਵਨ ਦੇ ਵਿਚ ਮਿਲੀਆਂ ਸਾਨੂੰ ਕੁਝ ਜਿੱਤਾ ਕੁਝ ਹਾਰਾਂ।
ਯੁੱਗ-ਯੁੱਗ ਜੀਵੇ ਸ਼ਾਲਾ ਤੇਰੀ ਉਮਰ ਵਡੇਰੀ ਹੋਏ,
ਤੇਰੇ ਉਤੋਂ ਲੱਖਾਂ ਵਾਰੀਂ, ਆਪਣੀ ਨਜ਼ਰ ਉਤਾਰਾਂ।
ਕੌਣ ਗਿਆ ਏ ਏਥੋਂ ਲੰਘ ਕੇ ਸੂਹੀ ਚੁੰਨੀ ਲੈ ਕੇ,
ਸੂਹੇ-ਸੂਹੇ ਫੁੱਲਾਂ ਦੇ ਨਾਲ ਫੁੱਟੀਆਂ ਨੇ ਗੁਲਜ਼ਾਰਾਂ।
ਵਿਰਲੇ-ਵਿਰਲੇ ਬੰਦੇ ਨੂੰ ਹੀ 'ਬਾਲਮ' ਜੰਨਤ ਮਿਲਦੀ,
ਫੁੱਲ ਗੁਲਾਬੀ ਦੇ ਨਾਲ ਜੁੜ ਕੇ ਸ਼ੋਭਾ ਪਾਈ ਖਾਰਾਂ।



ਬਲਵਿੰਦਰ 'ਬਾਲਮ' ਗੁਰਦਾਸਪੁਰ
ਉਂਕਾਰ ਨਗਰ, ਗੁਰਦਾਸਪੁਰ (ਪੰਜਾਬ)
ਮੋ. 98156-25409
(Punjab Mail USA)

## ਜ਼ਿੰਦਗੀ ਦਾ ਸਾਰ

ਕਰ ਲੈ ਸੋਚ ਵਿਚਾਰ ਜੇ ਜ਼ਿੰਦਗੀ ਜਿਉਣੀ ਹੈ
ਹੱਸ ਖੇਡ ਕੇ ਦਿਨ ਗੁਜ਼ਾਰ, ਜੇ ਜ਼ਿੰਦਗੀ ਜਿਉਣੀ ਹੈ।

ਉਂਜ ਦਰਿਆ ਇਹ ਦੁੱਖਾਂ ਵਾਲਾ ਸੁੱਕਣਾ ਨਹੀਂ
ਗੁਰਬਤ 'ਚ ਨਿਕਲ ਬਾਹਰ, ਜੇ ਜ਼ਿੰਦਗੀ ਜਿਉਣੀ ਹੈ।

ਤੈਨੂੰ ਜਾਪੇ ਤੇਰੇ ਕਰਕੇ ਚਲਦਾ ਇਹ ਸੰਸਾਰ
ਇਹ ਭਰਮ ਦੀ ਤੋੜ ਦੀਵਾਰ ਜੇ ਜ਼ਿੰਦਗੀ ਜਿਉਣੀ ਹੈ।

ਪਿਆਰਾਂ ਤੇ ਸਤਿਕਾਰਾਂ ਵਾਲੇ ਅੰਬਰੀ ਲਾਉਣ ਉਡਾਰੀ
ਕਿਉਂ ਉਲਝਿਆਂ ਵਿਚ ਤਕਰਾਰ, ਜੇ ਜ਼ਿੰਦਗੀ ਜਿਉਣੀ ਹੈ।

ਲੋਕੀ ਰੁੱਖੀ ਸੁੱਕੀ ਖਾ ਕੇ ਸ਼ੁਕਰ ਮਨਾਉਂਦੇ ਨੇ
ਤੂੰ ਸਬਰ ਨੂੰ ਬੂਹਾ ਮਾਰ, ਜੇ ਜ਼ਿੰਦਗੀ ਜਿਉਣੀ ਹੈ।

ਦੁਨੀਆਂ ਖੜ੍ਹੀ ਉਡੀਕੇ ਆਮ ਜਿਹੀ ਗੱਲ ਨਹੀਂ
ਕੁਝ ਹਾਸਲ ਕਰ ਇੱਕ ਵਾਰ, ਜੇ ਜ਼ਿੰਦਗੀ ਜਿਉਣੀ ਹੈ।

ਤੈਨੂੰ ਲੱਗੇ ਪਿਆਰਾ ਇਸ ਵਿਚ ਰਾਜ਼ ਬੜੇ।
ਇਹ ਤੇਰੀ ਅੱਖ ਦਾ ਸਾਰ, ਜੇ ਜ਼ਿੰਦਗੀ ਜਿਉਣੀ ਹੈ।

ਵਾਰੋ ਵਾਰੀ ਇਥੋਂ ਸਭ ਨੇ ਤੁਰ ਜਾਣਾ
ਨਾ ਤੂੰ ਬੈਠਾ ਰਹਿਣਾ ਯਾਰ ਜੇ ਜ਼ਿੰਦਗੀ ਜਿਉਣੀ ਹੈ।

ਹੁਨਰ ਤਾਂ ਸਭ ਦੇ ਕੋਲ ਪਰ ਲੱਭਦਾ ਕੋਈ ਕੋਈ।
ਕਦੇ ਚੁੱਪ ਨਾਲ ਬੈਠ ਵਿਚਾਰ ਜੇ ਜ਼ਿੰਦਗੀ ਜਿਉਣੀ ਹੈ।

ਇਸ ਧਰਤੀ 'ਤੇ ਲੱਖਾਂ ਆ ਕੇ ਕੱਖਾਂ ਵਾਂਗੂ ਤੁਰ ਜਾਂਦੇ
ਕੁਝ ਵੱਖਰਾ ਕਰ 'ਧਾਲੀਵਾਲ' ਜੇ ਜ਼ਿੰਦਗੀ ਜਿਉਣੀ ਹੈ।



-ਐਡਵੋਕੈਟ ਰਵਿੰਦਰ ਧਾਲੀਵਾਲ
ਪੰਜਾਬ ਹਰਿਆਣਾ ਹਾਈ ਕੋਰਟ ਚੰਡੀਗੜ੍ਹ
ਮੋ : 78374-90309
Adv.dhaliwal@gmail.com
(Punjab Mail USA)

## ਕੱਚੇ-ਚਿੱਟੇ

ਮੰਦਰ, ਗੁਰੂ-ਘਰਾਂ ਵਿਚ ਹੋਣ ਲੜਾਈਆਂ,
ਉਤਲੇ ਮਨੋਂ ਰੱਬ ਨੂੰ ਪਾਉਣ ਦੀਆਂ ਰਟਾ ਲਾਈਆਂ,
ਕਿੱਥੋਂ ਇਕੱਠੇ ਰਹਿ ਲੈਣਗੇ ਇੱਕ ਛੱਤ ਥੱਲੇ,
ਜਿਨ੍ਹਾਂ ਤੋਂ ਧਰਮ ਦੀਆਂ ਅੱਗਾਂ ਨਾ ਜਾਣ ਬੁਝਾਈਆਂ।

ਜਿਹੜਾ ਕਦੇ ਸੋਹਣੀਆਂ ਸੋਹਣੀਆਂ ਮੱਤਾਂ ਦਿੰਦਾ ਸੀ,
ਸੁਣਿਆ ਹੁਣ ਲੰਡਰ ਲੋਫ਼ਰਾਂ ਦੀ ਟੋਲੀ ਕਰਦਾ ਆ,
ਕਿੰਨਾ ਸੋਹਣਾ ਜੱਚਦਾ ਜੱਚਦਾ ਲਿਖਦਾ ਹੁੰਦਾ ਸੀ,
ਖੌਹਰੇ ਕਿਧਰ ਨੂੰ ਤੁਰ ਪਿਆ ਚੰਗਾ ਗਾਉਂਦਾ ਗਾਉਂਦਾ,
ਰੌਸ਼ਨਦਾਨ ਘਰ ਦੇ ਜਿੰਨੇ ਮਰਜ਼ੀ ਰੱਖ ਲਓ,
ਪਰ ਵੱਡੀਆਂ ਕੋਠੀਆਂ ਵਿਚ ਕਦੇ ਵੀ ਸਾਹ ਨਹੀਂ ਆਉਂਦਾ।

ਪਸਲ ਹਨੇਰਿਆਂ ਵਿਚ ਐਵੇਂ ਕਿਉਂ ਮੱਥਾ ਮਾਰਦੇ,
ਦੇਖਿਓ ਕਿੰਨਾ ਸੋਹਣਾ ਸੂਰਜ ਭਲਕੇ ਨਿਕਲੂਗਾ,
ਯੂ ਟਿਊਬ 'ਤੇ ਨੱਚ-ਨੱਚ ਕਿਉਂ ਹੌਲੀਆ ਕਮਾਈਆ ਕਰ ਰਹੇ,
ਇਸ ਤੋਂ ਵੱਧ ਤਾਂ ਸੋਹਣੇ ਲੱਗਦੇ ਚਾਹੇ ਤੁਸੀਂ ਡੰਗਰ ਚਾਰਦੇ,

ਜਵਾਨੀ ਹੱਡ ਰੋਲੀ ਜਾਂਦੀ ਨਸ਼ੇ ਕਰ ਕਰ ਕੇ,
ਦੱਸਦੇ ਕਿੱਥੋਂ ਸਾਬਤ ਸੂਰਤ ਕਮਾਈਆਂ ਹੋਣਗੀਆਂ,
ਤੁਰੀ ਜਾਂਦੀ ਜਵਾਨੀ ਸੂਟੇ ਪੀ-ਪੀ ਕੇ,
ਖ਼ੂਨ ਦੇ ਬਿਨਾਂ ਰੂਹਾਂ ਕੱਲੀਆਂ ਬਹਿ ਬਹਿ ਰੋਣਗੀਆਂ ,
ਆ ਰੁੱਤਾਂ ਮਹੀਨੇ ਕਦੇ ਇਨਸਾਨਾਂ ਦੇ ਨਾਲ ਨਹੀਂ ਢਲਦੇ,
ਇੰਟਰਨੈੱਟ ਉਤੇ ਨੱਚ ਕੇ ਮਿੱਤਰਾਂ ਘਰ ਨਹੀਂ ਚਲਦੇ।

-ਸੁਖਵੰਤ ਸਿੰਘ ਮਾਨ
ਵਟਸਐਪ : 98768-37002
(Punjab Mail USA)

## ਮੇਰਾ ਕਸੂਰ ਕੀ ਏ...

ਤੂੰ ਰਾਗਣੀ ਦਾ ਆਸ਼ਕ ਕੰਨਾਂ 'ਚ ਸੋਤ ਪਾਈ,
ਚਾਹਵਾਨ ਤੂੰ ਹੁਸਨ ਦਾ ਅੱਖਾਂ 'ਚ ਜੋਤ ਪਾਈ।
ਤੂੰ ਕਾਮ ਵਾਸ਼ਨਾ ਦਾ ਦਿਲ ਵਿਚ ਭੰਡਾਰ ਪਾਇਆ,
ਮਿੱਟੀ ਦੇ ਬੁੱਤ ਦੇ ਅੰਦਰ ਦਿਲ ਬੇ ਕਰਾਰ ਪਾਇਆ।
ਦਾਤਾ ਇਹ ਤੇਰੀਆਂ ਮੈਂ ਦਾਤਾਂ ਜੇ ਵਰਤ ਲਈਆਂ,
ਮੇਰਾ ਕਸੂਰ ਕੀ ਏ-ਮੇਰਾ ਕਸੂਰ ਕੀ ਏ।
ਕਿਉਂ ਪਿਟਦੇ ਪਏ ਨੇ ਇਹ ਪੰਡਤ ਤੇ ਭਾਈ,
ਇਨ੍ਹਾਂ ਦੇ ਨਰਕ ਭੈ ਨੇ ਤੇ ਜ਼ਿੰਦਗੀ ਤਰਾਈ।
ਡਰਦਾ ਨਹੀਂ ਫਤਵਿਆਂ ਤੋਂ ਕਹਿੰਦੇ ਨੇ ਮੈਨੂੰ ਕਾਜ਼ੀ,
ਬੰਦਾ ਹਾਂ ਪਰ ਮੈਂ ਤੇਰਾ, ਤੇਰੀ ਰਜ਼ਾ 'ਚ ਰਾਜ਼ੀ
ਪਲੜੀ ਮੇਰੀ 'ਚ ਜੇ ਤੂੰ ਨਰਕਾਂ ਦਾ ਡਰ ਨਹੀਂ ਪਾਇਆ,
ਮੇਰਾ ਕਸੂਰ ਕੀ ਮੇਰਾ ਕਸੂਰ ਕੀ ਏ।
ਬਾਰਾਂ ਵਰ੍ਹੇ ਦਾ ਬਚਪਨ ਥੋੜਾ ਸੀ ਨੇਕੀਆਂ ਲਈ,
ਇਹ ਪਾਰਸਾਈ ਜੀਵਨ ਘੱਟ ਸੀ ਵਧੀਕੀਆਂ ਲਈ।
ਆਊਗਾ ਜਦ ਬੁਢਾਪਾ ਫਿਰ ਵਾਗ ਮੋੜ ਲਾਂਗਾ,
ਵਗਦੀ ਨਦੀ ਨਹਾ ਕੇ ਦਾਮਨ ਨਚੋੜ ਲਾਂਗਾ।
ਇਹ ਸੋਚ ਕੇ ਜਵਾਨੀ ਬਦ ਮਸਤ ਕਰ ਲਈ ਮੈਂ,
ਤਾਂ ਮੇਰਾ ਕਸੂਰ ਕੀ ਏ-ਮੇਰਾ ਕਸੂਰ ਕੀ ਏ।
ਪੱਤਣਾਂ ਤੇ ਕਹਿਰ ਕੀਤੇ ਕੁੜੀਆਂ ਦੇ ਟੋਲਿਆਂ ਨੇ,
ਪਾਈ ਸੀ ਖਿੱਚ ਸੀਨੇ ਨੈਣਾਂ ਅਮੋਲਿਆਂ ਨੇ।
ਭਰਵੱਟੀ ਵਿੰਗ ਪਾਏ ਕੁੜੀਆਂ ਕਮਾਨ ਕਹਿ ਕੇ,
ਵਗਾਂਰਿਆ ਹੁਸਨ ਨੇ ਮੈਨੂੰ ਜਵਾਨ ਕਹਿ ਕੇ।
ਜਵਾਨੀ ਦੀ ਅਣਖ ਬਦਲੇ ਦੱਸੀ ਜੇ ਮੈਂ ਜਵਾਨੀ,
ਮੇਰਾ ਕਸੂਰ ਕੀ ਏ-ਮੇਰਾ ਕਸੂਰ ਕੀ ਏ।
ਇੰਦਰ ਜਿਹੇ ਦੇਵਤੇ ਨੇ ਇਹ ਨਫਸ ਜਾਮ ਪੀਤਾ,
ਗੌਤਮ ਦੀ ਨਾਰ ਬਦਲੇ ਚੰਦ ਨੂੰ ਹੈ ਦਾਗ਼ ਕੀਤਾ।
ਰਾਵਣ ਜਿਹਾ ਵੇਦਾਂਤੀ ਸੀਤਾ ਜਿਹੀ ਮਾਂ ਤੇ ਭੁੱਲਾ,
ਬ੍ਰਹਮਾ ਜਿਹਾ ਪ੍ਰਭੂ ਵੀ ਆਪਣੀ ਕੁੜੀ ਤੇ ਡੁੱਲਾ।
ਜੇ ਇਸ਼ਕ ਬਣ ਕਲੰਦਰ ਮੈਨੂੰ ਨਚੌਣ ਲੱਗਾ,
ਮੇਰਾ ਕਸੂਰ ਕੀ ਏ-ਮੇਰਾ ਕਸੂਰ ਕੀ ਏ।



ਸਤਨਾਮ ਸਿੰਘ ਦਰਦੀ
(ਚਾਨੀਆਂ-ਜਲੰਧਰ)
92569-73526
(Punjab Mail USA)

## ਮਾਪੇ

ਜਿਹੜੀ ਉਮਰ 'ਚ ਸੁੱਖ ਵੇਖਣੇ ਹੋਵਣ ਮਾਪਿਆਂ ਨੇ,
ਉਸ ਉਮਰ ਵਿਚ ਖੋਹੀਂ ਨਾ ਕਦੇ,
ਬਾਬਲ ਪੁੱਤਾਂ ਤੋਂ ,
ਉਸ ਉਮਰ ਵਿਚ ਖੋਹੀ ਨਾ ਕਦੇ,
ਮਾਵਾਂ ਪੁੱਤਾਂ ਤੋਂ।

ਕਦੇ ਖਰੀਦ ਨਾ ਹੋਵੇ ਲੋਕੋ ਮਮਤਾ ਮਾਵਾਂ ਦੀ,
ਬਾਪੂ ਕਦੇ ਫਿਕਰ ਨੀ ਕਰਦਾ ਧੁੱਪਾਂ ਛਾਵਾਂ ਦੀ,
ਮਾਪਿਆਂ ਬਿਨ ਜੱਗ ਸੁੰਨਾਂ ਸੁੰਨਾ,
ਖੇਤ ਬਿਨਾਂ ਜਿਉਂ ਰੱਖਾਂ ਤੋਂ ,
ਜਿਹੜੀ ਉਮਰ 'ਚ ਸੁੱਖ ਵੇਖਣੇ ਹੋਵਣ ਮਾਪਿਆਂ ਨੇ,
ਉਸ ਉਮਰ ਵਿਚ ਖੋਹੀ ਨਾ ਕਦੇ,
ਬਾਬਲ ਪੁੱਤਾਂ ਤੋਂ,
ਉਸ ਉਮਰ ਵਿਚ ਖੋਹੀ ਨਾ ਕਦੇ ,
ਮਾਵਾਂ ਪੁੱਤਾਂ ਤੋਂ।

ਪੈਸਿਆਂ ਬਾਝੋਂ ਸਾਕ ਸਕੀਰੀਆਂ ਕਿੱਥੇ ਪਤੀਜ ਦੀਆਂ,
ਸਹੁਰੇ ਘਰ ਵਿਚ ਬੈਠੀਆਂ ਧੀਆਂ, ਮਾਂ ਨੂੰ ਡੀਕ ਦੀਆਂ,
ਪੁੱਤ ਨਹੀਂ ਤਾਂ ਧੀ ਵੰਡ ਦੀ ਸੁੰਨੀਆਂ ਕੁੱਖਾਂ ਤੋਂ,
ਜਿਹੜੀ ਉਮਰ 'ਚ ਸੁੱਖ ਵੇਖਣੇ ਹੋਵਣ ਮਾਪਿਆਂ ਨੇ,
ਉਸ ਉਮਰ ਵਿਚ ਖੋਹੀ ਨਾ ਕਦੇ,
ਬਾਬਲ ਪੁੱਤਾਂ ਤੋਂ,
ਉਸ ਉਮਰ ਵਿਚ ਖੋਹੀ ਨਾ ਕਦੇ,
ਮਾਵਾਂ ਪੁੱਤਾਂ ਤੋਂ।

ਮਾਂ ਪਿਓ ਵਰਗਾ ਰਿਸ਼ਤਾ ਜੱਗ 'ਤੇ ਬਣਿਆ ਹੋਰ ਨਹੀਂ,
ਮਾਂ ਪਿਓ ਹੋਣ ਜਿਊਂਦੇ ਪੈਂਦੀ ਕਿਸੇ ਦੀ ਲੋੜ ਨਹੀਂ,
ਭਰਿਆ ਲੱਗਦਾ ਬਾਗ ਜੋਗਿਆ, ਹੁੰਦਾ ਸੁੱਕਾ ਜੋ,
ਜਿਹੜੀ ਉਮਰ 'ਚ ਸੁੱਖ ਵੇਖਣੇ ਹੋਵਣ ਮਾਪਿਆਂ ਨੇ,
ਉਸ ਉਮਰ ਵਿਚ ਖੋਹੀ ਨਾ ਕਦੇ,
ਬਾਬਲ ਪੁੱਤਾਂ ਤੋਂ,
ਉਸ ਉਮਰ ਵਿਚ ਖੋਹੀ ਨਾ ਕਦੇ,
ਮਾਵਾਂ ਪੁੱਤਾਂ ਤੋਂ।

ਤਾਅਨੇ ਮਿਹਣੇ ਯਰਨੇ ਔਖੇ,
ਰੱਖੀ ਨਾ ਸੁੰਨੀਆਂ ਕੁੱਖਾਂ ਨੂੰ,
ਬਾਪੂ ਤੋਂ ਕਦੇ ਢਲਦੀ ਉਮਰੇ,
ਖੋ ਲਈ ਨਾ ਪੁੱਤਾਂ ਨੂੰ।




ਜਸਵੰਤ ਸਿੰਘ ਜੋਗਾ
ਫੋਨ-:6239643306
(Punjab Mail USA)

## ਭਗਤ ਸਿੰਘ ਸ਼ਹੀਦ ਜੀ ਨੂੰ ਸਮਰਪਿਤ

ਉਹ ਮਹਾਨ ਹੁੰਦੇ ਨੇ ਜਿਹੜੇ ਜਿਊਂਦੇ ਦੂਜਿਆਂ ਲਈ
There are men and men
but every stone is not a gem.
ਬੰਦੇ ਬੰਦੇ ਵਿਚ ਅੰਤਰ, ਕੋਈ ਫੁੱਲ ਤੇ ਕੋਈ ਕੰਕਰ
ਉਹ ਬੰਦੇ ਮਰ ਕੇ ਮੌਤ ਨੂੰ ਜ਼ਿੰਦਗੀ ਦੇ ਜਾਂਦੇ ਨੇ
ਜਿਹੜੇ ਹੱਕ, ਸੱਚ, ਆਜ਼ਾਦੀ, ਇਨਸਾਫ ਲਈ ਆਪਾ ਵਾਰ
ਜਾਂਦੇ ਨੇ
ਆਪਣੇ ਆਪ ਲਈ ਤਾਂ ਹਰ ਇਨਸਾਨ ਜਿਊਂਦਾ ਏ
ਪਰ ਮਹਾਨ ਮਨੁੱਖ ਉਹ ਹੁੰਦੇ ਨੇ
ਜਿਹੜੇ ਦੂਜਿਆਂ ਦੀ ਖਾਤਰ ਸ਼ਹਾਦਤ ਦਾ ਜਾਮ ਪੀ ਜਾਂਦੇ ਨੇ।
ਉਹ ਆਪਣੇ ਆਪ ਨੂੰ ਕੁਰਬਾਨ ਤਾਂ ਕਰ ਸਕਦੇ ਨੇ
ਪਰ ਉਹ ਆਪਣੀ ਵਿਚਾਰਧਾਰਾ ਤੋਂ ਪਿੱਛੇ ਨਹੀਂ ਹਟ ਸਕਦੇ
ਉਨ੍ਹਾਂ ਸ਼ਹੀਦਾਂ ਦੀਆਂ ਮੜੀਆਂ 'ਤੇ ਸਦਾ ਮੇਲੇ ਲੱਗਦੇ
ਜਿਹੜੇ ਆਪਣੇ ਦੇਸ਼, ਧਰਮ ਤੇ ਸੱਚ
ਦੀ ਖਾਤਰ ਸ਼ਹੀਦੀਆਂ ਪਾ ਜਾਂਦੇ
ਇਥੇ ਭੇਡਾਂ ਬੱਕਰੀਆਂ ਨੂੰ ਕਿਸੇ ਪੁੱਛਣਾ ਨਹੀਂ
ਨਾ ਉਨ੍ਹਾਂ ਦਾ ਹੀ ਧੰਨ ਅਪਾਰ ਹੁੰਦਾ
ਜਿਹੜੇ ਸਮਾਜ ਤੇ ਮਨੁੱਖਤਾ ਲਈ ਕੁੱਝ ਕਰ ਜਾਂਦੇ
ਉਹ ਪਾ ਜਾਂਦੇ ਮੰਜ਼ਿਲਾਂ ਨੂੰ
ਜਿਹੜੇ ਖਹਿ ਜਾਂਦੇ ਨੇ ਨਾਲ ਮੁਸੀਬਤਾਂ ਦੇ
ਕਾਨੀ ਸਦਾ ਹੀ ਰਹੀ ਲਿਖਦੀ ਖ਼ੂੰਨੀ ਪੱਤਰੇ
ਸਮਾਂ ਸੂਝ ਦੀਆਂ ਛੁਰੀਆਂ ਉਲਾਰਦਾ ਰਿਹਾ
ਖੰਜਰ ਚਲੇ ਕਿਸੀ ਔਰ ਪੇ ਤੜਪਤੇ ਹਮ ਹੈ
ਸਾਰੇ ਜਹਾਂ ਕਾ ਦਰਦ ਹਮਾਰੇ ਜਿਗਰ ਮੇਂ ਹੈ
ਸ਼ਹੀਦੋਂ ਕੀ ਚਿਤਾਉਂ ਪਰ ਲਗੇਂਗੇ ਹਰ ਬਰਸ ਮੇਲੇ
ਵਤਨ ਪਰ ਮਰ ਮਿਟਨੇ ਵਾਲੋਂ ਕਾ ਜਿਹੀ ਬਾਕੀ ਨਿਸ਼ਾਂ ਹੋਗਾ



-ਮਾਸਟਰ ਨਿਰਮਲ ਸਿੰਘ ਲਾਲੀ,
ਯੂਬਾ ਸਿਟੀ
530-777-0955
(Punjab Mail USA)


REALTY ONE GROUP
FOR SALE & PURCHASE OF ANY KIND OF PROPERTY
Recently Sold Properties
Caravaggio, Sacramento
Stroman, Sacramento
Mason Ct, Tracy
Windsong Dr, Tracy
Oak Valley Way, Stockton
Van Eych, Sacramento
Valenda Ct, Elk Grove
Rodfo Ct, Sacramento
Masters St, Elk Grove
Little Harbor Ct, Elk Grove
Bond Road, Elk Grove
Bond Road, Elk Grove
New Listings
Elk Grove
Bradshaw
Bradshaw Road, Elk Grove
Neutra Way, Elk Grove
Pawcatuck Way, Rancho Cordova
Gurjatinder S. Randhawa
web: www.RealtorRandhawa.com
916-320-9444
Gurjatinder S. Randhawa
REALTOR CA DRE licence # 01490567
garysingh123@yahoo.com